# ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ

ਡੇਰਾ ਰੂੰਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਪੰਜਵਾਂ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਦੂਜੀ ਵਾਰ : 2010**

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

*ਛਾਪਕ :*

**ਪ੍ਰਿੰਟਵੈੱਲ**

146, ਇੰਡਸਟ੍ਰੀਅਲ ਫੋਕਲ ਪੁਆਇੰਟ,

ਅੰਮ੍ਰਿਤਸਰ

# ਤਤਕਰਾ


| | |
|---|---|
| ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥ | 5 |
| ਕੁੰਡਲਨੀ ਸੁਰਝੀ ਸਤ ਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ॥ | 11 |
| ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ॥ | 15 |
| ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥ | 16 |
| ਝਖੜੁ ਝਾਂਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥ | 24 |
| ਸੰਤ ਜਨਾ ਮਿਲਿ ਹਰਿ ਰਸੁ ਪਾਇਆ ਹਰਿ ਮਨਿ ਤਨਿ ਮੀਠ ਲਗਾਨੀ ॥ | 27 |
| ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥ | 30 |
| ਜਲਨਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ॥ | 32 |
| ਜਨ ਭਗਤਨ ਕੋ ਕਹੋ ਨ ਮਾਨੋ, ਕੀਓ ਅਪਨੋ ਪਈ ਹੈ॥ | 36 |
| ਏਕ ਰੂਪ ਜਾ ਕੇ ਰੰਗ ਅਨੇਕ | 39 |
| ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ | 42 |
| ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ | 44 |
| ਸਲਾਮੁ ਜਬਾਬੁ ਦੋਵੈਂ ਕਰੇ ਮੁੰਢਹੁ ਘੁਥਾ ਜਾਇ | 46 |
| ਆਗਿਆਕਾਰੀ ਸਦਾ ਸੁਖੁ ਭੁੰਚੈ ਜਤ ਕਤ ਪੇਖਉ ਹਰਿ ਗੁਨੀ | 48 |
| ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥ | 49 |
| ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ ॥ | 52 |
| ਕਰਉ ਬਰਾਬਰਿ ਜੋ ਪ੍ਰਿਆ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ ॥ | 54 |
| ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾਂ ਨਿਰੋਆ | 60 |
| ਬਹੁਤ ਉਰਧ ਤਪ ਸਾਧਨ ਸਾਧੇ ॥ ਅਨਿਕ ਲਾਭ ਮਨੋਰਥ ਲਾਧੇ ॥ | 63 |
| ਭਿੰਨੀ ਰੈਨੜੀਐ ਚਾਮਕਨਿ ਤਾਰੇ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ | 68 |
| ਨਾਨਕ ਪ੍ਰਭ ਅਬਿਨਾਸੀ ॥ ਤਾ ਕੀ ਸੇਵ ਨ ਬਿਰਥੀ ਜਾਸੀ॥ | 72 |
| ਸੂਕੇ ਹਰੇ ਕੀਏ ਖਿਨ ਮਾਹਿ ॥ | 75 |
| ਗੁਰਿ ਪੂਰੇ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥ | 77 |

| | |
|---|---|
| ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥ | 78 |
| ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ | 81 |
| ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥ | 82 |
| ਬੋਲਿ ਨਾ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥ | 84 |
| ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ॥ | 86 |
| ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀਂ ਭਾਈ ਮੀਤ ॥ | 87 |
| ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ॥ | 88 |
| ਮਿਰਤਕ ਕਉ ਜੀਵਾਲਨ ਹਾਰ ॥ ਭੂਖੇ ਕਉ ਦੇਵਤ ਆਧਾਰ॥ | 90 |
| ਸੋਈ ਕਰਣਾ ਜਿ ਆਪਿ ਕਰਾਏ ॥ ਜਿਥੇ ਰਖੈ ਸਾ ਭਲੀ ਜਾਏ॥ | 91 |
| ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾਂ॥ | 93 |
| ਸਗਲ ਮਨੋਰਥ ਪੁੰਨਿਆ ਅਮਰਾ ਪਦ ਪਾਈ ॥ | 95 |
| ਮਨ ਬਾਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥ | 97 |
| ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ॥ | 101 |
| ਰਾਮ ਕਸਉਟੀ ਸੋ ਸਹੈ ਜੋ ਮਰ ਜੀਵਾ ਹੋਇ ॥ | 104 |
| ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ॥ | 107 |
| ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥ | 108 |
| ਸੰਤ ਬਾਬਾ ਸੁਖਦੇਵ ਸਿੰਘ ਜੀ ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ | 110 |


---

# ਨਾਨਕ ਕਚੜਿਆ ਸਿਉ ਤੋੜਿ
# ਢੂਢਿ ਸਜਣ ਸੰਤ ਪਕਿਆ ॥

*ਅੰਗ ੧੧੦੨*

ਪ੍ਰਮੇਸ਼ਰ ਦੀ ਅਰਾਧਨਾ ਕਰਦਾ ਹੋਇਆ ਮਹਾਂਪੁਰਖ ਮੁਕਤੀ ਦੇ ਪੌਦੇ ਨੂੰ ਨਾਮ ਦੇ ਪਾਣੀ ਨਾਲ ਸਿੰਜਦਾ ਹੋਇਆ ਫਲ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਂਦਾ ਹੈ ਅਤੇ ਇਹ ਰਸਤਾ ਨਾਮ ਫਲ ਦੀ ਮਿਠਾਸ ਦੇ ਸੁਆਦ ਨਾਲ ਤ੍ਰਿਪਤ ਹੋ ਕੇ ਅਨੰਦਮਈ ਧਾਰਾ ਵਿੱਚ ਵਹਿ ਤੁਰਦੀ ਹੋਈ ਦਰਿਆ ਦੇ ਪਾਣੀ ਦੀ ਤਰ੍ਹਾਂ ਅਥਾਹ ਗਹਿਰਾਈ ਵਾਲੇ ਨਿਰੰਕਾਰੀ ਸਮੁੰਦਰ ਵਿੱਚ ਜਾ ਮਿਲਦੀ ਹੈ। ਇਹੋ ਜਿਹੀ ਪੂਰਨ ਅੱਵਸਥਾ, ਸ੍ਰੇਸ਼ਟ ਬੁੱਧੀ ਅਤੇ ਸਹਿਨਸ਼ੀਲਤਾ ਵਾਲੀ ਜੋਤ ਹੀ ਪ੍ਰਮੇਸ਼ਰ ਨਾਲ ਮਿਲਾਪ ਦੀ ਮੰਜਿਲ ਦਿਖਾ ਸਕਦੀ ਹੈ ਨਹੀਂ ਤਾਂ ਭੇਖਧਾਰੀ ਪਖੰਡੀ ਬੰਦਾ ਉਸ ਦੀ ਮੰਜਿਲ ਦਾ ਰਸਤਾ ਦੇਖਣ ਵਾਲੀ ਅੱਖ ਵੀ ਨਹੀਂ ਬਣਾ ਸਕਦਾ। ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਇਹੋ ਜਿਹੇ ਕਚੜਿਆਂ ਸੰਗ ਨਿਹੁ ਨਾ ਲਗਾ ਤੋੜਦੇ। ਉਸ ਸੰਤ ਦੀ ਭਾਲ ਕਰ ਜੋ ਰਹਿਮਤ ਦੀ ਭੀਖ ਦੇਣ ਦੀ ਸ਼ਕਤੀ ਪ੍ਰਤੀ ਨਿਪੁੰਨ ਹੋਵੇ। ਨਿਰੰਕਾਰੀ ਜੋਤ ਨਾਲ ਅਭੇਦ ਮਹਾਂਪੁਰਖਾਂ ਦਾ ਕਥਨ ਹੈ ਕਿ ਪੁੰਨਾ ਦੇ ਵਧਣ ਨਾਲ ਈਸ਼ਵਰ ਦਾ ਜਸ ਕਰਨ ਵਾਲਿਆਂ ਦੀ ਸੰਗਤ ਮਿਲਦੀ ਹੈ। ਪਾਪਾ ਦੀ ਬਦੌਲਤ ਸ਼ੈਤਾਨ ਦੀ ਉਪਜ ਹੁੰਦੀ ਹੈ ਸਾਧ ਸੰਗਤ ਦਾ ਮਿਲਾਪ ਮਾਨ ਬਖਸ਼ਦਾ ਹੈ। ਜਿਸ ਨੇ ਨੀਂਹ ਹੀ ਨਹੀਂ ਰੱਖੀ ਮੰਜਿਲਾਂ ਕਿਵੇਂ ਬਨਣਗੀਆਂ, ਨਾਮ ਦਾ ਪੌਦਾ ਹੀ ਨਹੀਂ ਲਾਇਆ ਫਲ ਦੀ ਲਾਲਸਾ ਕਿਵੇਂ ਬੱਝੇਗੀ। ਸਾਧ ਸੰਗਤ ਵਿੱਚ ਜੁੜ ਕੇ ਨਾਮ ਸਿਮਰਨ ਦੀ ਜੁਗਤੀ ਦਾ ਪੌਦਾ ਲਾਇਆ ਹੋਇਆ ਹੀ ਸ਼ਰਧਾ ਦੇ ਪਾਣੀ ਨਾਲ ਤ੍ਰਿਪਤ ਹੋ ਕੇ ਨਾਮ ਰਸ ਦੇ ਭਰੇ ਮੁਕਤੀ ਫਲ ਲਿਆਵੇਗਾ।

ਵਿੱਦਿਆ ਦੀ ਪਹਿਲੀ ਜਮਾਤ ਅੰਦਰ ਦਾਖਲਾ ਲੈ ਕੇ ਵਿਦਿਆਰਥੀ ਡਿਗਰੀਆਂ ਪ੍ਰਾਪਤ ਕਰਦਾ ਹੈ। ਜੇ ਦਾਖਲਾ ਹੀ ਨਾ ਲਿਆ ਤਾਂ ਡਿਗਰੀ ਕਿੱਥੋਂ। ਦੁਨਿਆਵੀ ਡਿਗਰੀਆਂ ਦੀ ਤਰ੍ਹਾਂ ਪ੍ਰਮਾਰਥ ਦੀ ਵਿੱਦਿਆ ਪੜ੍ਹਨ

ਸਾਧ ਸੰਗਤ ਕਰਨ ਸਦਕਾ ਪ੍ਰਾਪਤ ਹੁੰਦੀ ਹੈ, ਪਰਮਾਰਥ ਦੀ ਵਿਦਿਆ ਪੜਨ ਵਾਲਾ ਜਗਿਆਸੂ ਮੇਹਨਤ ਕਰਕੇ ਆਤਮਿਕ ਬਲ ਨਾਲ ਪਰਮ ਪਦਵੀ ਪਾ ਲੈਂਦਾ ਹੈ, ਪੂਰਬਲੇ ਪੁੰਨਾ ਸਦਕਾ ਹੀ ਪ੍ਰਭੂ ਆਪ ਸਿਮਰਨ ਲਈ ਪ੍ਰੇਰਦਾ ਹੈ। ਸੰਸਾਰੀ ਜੀਵਨ ਅੰਦਰ ਵਿਚਰਦਾ ਇਨਸਾਨ ਸੁਖਦਾਈ ਅਵਸਥਾ ਵਿੱਚ ਪ੍ਰਮੇਸ਼ਵਰ ਦੀ ਕਰਨੀ ਨੂੰ ਅੱਖੋਂ ਪਰੋਖੇ ਕਰਕੇ ਹਰਨਾਕਸ਼ ਰੂਪ ਹੋ ਜਾਂਦਾ ਹੈ। ਇਹੋ ਜਿਹੇ ਅਹੰਕਾਰੀ ਜੀਵ ਨੂੰ ਫਿਰ ਪ੍ਰਭੂ ਆਪ ਬੁਲਾਵੇ ਭੇਜਦਾ ਹੈ।

**ਅਹੰਕਾਰੀਆਂ ਨੋ ਦੁਖ ਭੁਖ ਹੈ॥ ਹਥੁ ਤਡਹਿ ਘਰਿ ਘਰਿ ਮੰਗਾਹਿ॥**

ਹੇ ਮਨੁੱਖ ਮੋਹ ਮਾਇਆ ਜਿਹੇ ਵਿਨਾਸ਼ਕਾਰੀ ਪਦਾਰਥਾਂ ਨੂੰ ਛੱਡ ਕੇ ਸੱਚੇ ਦੀ ਅਰਾਧਨਾ ਕਰ ਜਿਸ ਦੇ ਫਲਸਰੂਪ ਸੱਚੇ ਦੀ ਦਰਗਾਹ ਅੰਦਰ ਮਾਨ ਪ੍ਰਾਪਤ ਹੋਵੇ।

ਇਤਿਹਾਸਕ ਵਾਰਤਾ ਹੈ ਕਿ ਮਲਸੀਹਾਂ ਨਾਮ ਦੇ ਪਿੰਡ ਵਿੱਚ ਇੱਕ ਗੁਰਮੁਖ ਸੱਜਣ ਭਗੀਰਥ ਵਸਦਾ ਸੀ। ਘਰੇਲੂ ਉਪਦੇਸ਼ ਨਾਲ ਮਾਤਾ ਚੰਡੀ ਦੀ ਉਪਾਸਨਾ ਕਰਦਾ ਸੀ। ਕਮਾਈ ਪ੍ਰਬਲ ਹੋਣ ਤੇ ਇੱਕ ਦਿਨ ਸੁਪਨੇ ਅੰਦਰ ਮਾਤਾ ਨੇ ਦਰਸ਼ਨ ਦੇ ਕੇ ਕੁਝ ਮੰਗਣ ਲਈ ਕਿਹਾ। ਭਗੀਰਥ ਨੇ ਹੱਥ ਜੋੜ ਕੇ ਬੇਨਤੀ ਕੀਤੀ 'ਮਾਤਾ' ਮੈਂ ਕਿਸੇ ਦੁਨਿਆਵੀ ਮੰਗ ਲਈ ਭਗਤੀ ਨਹੀ ਕਰ ਰਿਹਾ। ਜੇ ਤੁਸੀ ਮੇਹਰਬਾਨ ਹੋਏ ਹੋ ਤਾਂ ਮੇਰਾ ਜਨਮ ਮਰਨ ਕੱਟ ਦਿਉ

ਭਗੀਰਥ ਜੋ ਕੁਝ ਤੂੰ ਮੰਗਦਾ ਹੈ ਇਹ ਤੈਨੂੰ ਗੁਰੂ ਨਾਨਕ ਦੇ ਘਰ ਤੋਂ ਹੀ ਮਿਲੇਗਾ। ਮਾਤਾ ਦਾ ਜਵਾਬ ਸੀ।

ਫੁਰਮਾਨ ਹੈ

**ਮੁਕਤ ਹੋਨ ਕੀ ਇਛਾ ਜੋ ਲੋ॥ ਸੇਵਹੁ ਸ੍ਰੀ ਨਾਨਕ ਪਗ ਤੋਂ ਲੋ॥**

ਭਗੀਰਥ ਨੇ ਹੈਰਾਨੀ ਨਾਲ ਪੁੱਛਿਆ, 'ਮੈਂ' ਤਾਂ ਇਹ ਨਾਮ ਹੀ ਨਹੀ ਸੁਣਿਆ, ਕਿਥੇ ਬਿਰਾਜਦੇ ਹਨ।

**ਪੁਰ ਸੁਲਤਾਨਹਿ ਕੀਨ ਦੁਕਾਨਾ॥ ਦੁਰਿਓ ਰਹਿਤ ਹੈ ਜਾਇ ਨਾ ਜਾਨਾ॥**

ਦੁਰਿਓ ਤੋਂ ਭਾਵ ਹੈ-ਗੁਪਤ ਹਨ, ਕੋਈ ਜਾਣ ਨਹੀਂ ਸਕਦਾ। ਸੁਲਤਾਨਪੁਰ ਲੋਧੀ ਵਿੱਚ ਦੁਕਾਨ ਕਰਦੇ ਹਨ।

ਕਬੀਰ ਸਾਹਿਬ ਜੀ ਦਾ ਕਥਨ ਹੈ-

**ਕਬੀਰ ਕਾਲ ਕਰੰਤਾ ਅਬਹਿ ਕਰ ਅਬ ਕਰਤਾ ਸੁਇਤਾਲ ॥**

ਜਿਵੇਂ ਪਾਤਸ਼ਾਹ ਦਾ ਫੁਰਮਾਨ ਹੈ।

**ਮਤ ਜਾਣਹੁ ਆਜ ਕੇ ਕਾਲੀ ॥**

ਇਹ ਬਚਨ ਹੋਣ ਤੋਂ ਬਾਅਦ ਮਾਤਾ ਅਲੋਪ ਹੋ ਗਈ। ਸੁਪਨੇ ਨੂੰ ਪਰਤਖ ਮੰਨ ਕੇ ਭਗੀਰਥ ਸਵੇਰੇ ਹੀ ਸੁਲਤਾਨਪੁਰ ਵੱਲ ਤੁਰ ਪਿਆ। ਮਾਤਾ ਦੇ ਉਪਦੇਸ਼ ਨਾਲ ਨਿਰੰਕਾਰੀ ਜੋਤ ਨੂੰ ਮਿਲਣ ਦੀ ਅਭਿਲਾਸ਼ਾ ਨੇ ਗੁਰਮੁਖ ਦਾ ਪੰਧ ਛੇਤੀ ਮੁਕਾ ਦਿੱਤਾ। ਨਾਨਕ ਪਾਤਸ਼ਾਹ ਜੀ ਦੇ ਦਰਸ਼ਨ ਕਰਕੇ ਮਨ ਸ਼ਾਂਤ ਹੋਇਆ ਅਤੇ ਮਨ ਉਜਲ ਹੋ ਗਿਆ, ਦਰਸ਼ਨੀਆਂ ਗੁਰਮੁੱਖ ਹਮੇਸ਼ਾਂ ਲਈ ਗੁਰੂ ਨਾਨਕ ਦਾ ਹੋ ਗਿਆ।

ਭਾਈ ਗੁਰਦਾਸ ਜੀ ਨੇ ਭਗੀਰਥ ਦੀ ਚੋਣਵੇਂ ਸਿੱਖਾ ਵਿੱਚ ਗਿਣਤੀ ਕੀਤੀ ਹੈ ਭਗੀਰਥ ਜੀ ਬਾਰੇ ਕਥਨ ਹੈ-

**ਮੈਲਸੀਹਾਂ ਵਿਚ ਆਖੀਐ ਭਾਈ ਭਗੀਰਥ ਕਾਲੀ ਗੁਣ ਗਾਵੈ ॥**

ਇਸੇ ਤਰ੍ਹਾਂ ਹਜ਼ੂਰ ਬਾਬਾ ਜੀ ਦੀ ਸੇਵਾ ਵਿੱਚ ਇੱਕ ਮਹਾਂਪੁਰਖ ਰਹੇ ਸਨ, ਜਿੰਨ੍ਹਾਂ ਨੂੰ ਸੰਤ ਅਚਿੰਤ ਰਾਮ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਆਪ ਜੀ ਦਾ ਜਨਮ ਬ੍ਰਾਹਮਣ ਪਰਿਵਾਰ ਵਿੱਚ ਇੱਕ ਪਿੰਡ ਠੀਕਰੀ ਵਾਲਾ ਵਿੱਚ ਹੋਇਆ ਸੀ। (ਸੇਵਾ ਸਿੰਘ ਠੀਕਰੀਵਾਲਾ ਦਾ ਪਿੰਡ) ਉਸ ਸਮੇਂ ਇਹ ਪਟਿਆਲਾ ਰਿਆਸਤ ਵਿੱਚ ਸੀ। ਸ਼ਾਂਤ ਸੁਭਾਅ, ਦ੍ਰਿੜ ਇਰਾਦੇ ਵਾਲੇ ਸਿਮਰਨ, ਭਗਤੀ, ਭਾਵਨਾ ਅਤੇ ਉਪਾਸਨਾ ਦੇ ਧਨੀ ਮਹਾਤਮਾ ਸਨ, ਕਈ ਕਈ ਘੰਟੇ ਸਮਾਧੀ ਸਥਿੱਤ ਰਹਿ ਕੇ ਸ਼ਿਵ ਜੀ ਮਹਾਰਾਜ ਦੀ ਉਪਾਸਨਾ ਕਰਦੇ ਸਨ। ਮੰਦਰ ਵਿੱਚ ਆਰਤੀ ਕਰਨੀ, ਸੇਵਾ ਕਰਨੀ ਰੋਜ ਦਾ ਪ੍ਰਣ ਸੀ। ਉਪਾਸਨਾ ਉਪਰੰਤ ਇੱਕ ਦਿਨ ਸ਼ਿਵਜੀ ਦੇ ਅਸਥਾਨ (ਲਿੰਗ) ਤੇ ਬਹੁਤ ਭਾਰੀ ਸਰਪ ਦਿਖਾਈ ਦਿੱਤਾ, ਆਪ ਨੇ ਸਿਮਰਨ ਨਹੀਂ ਛੱਡਿਆ, ਫਿਰ ਇੱਕ ਦਿਨ ਸ਼ਿਵਜੀ ਮਹਾਰਾਜ ਦੇ ਪ੍ਰਤੱਖ ਦਰਸ਼ਨ ਹੋਏ ਤੇ ਆਪ ਨੂੰ ਆਵਾਜ਼ ਆਈ -

**ਵਰੂੰ ਬੂਹ**

ਭਾਵ ਕੁਝ ਮੰਗ ਲਓ। ਤਿੰਨ ਵਾਰ ਇਹੀ ਆਵਾਜ ਆਈ। ਪਰ ਆਪ ਜੀ ਦੇ ਮੁੱਖ ਤੋਂ ਕੋਈ ਜਵਾਬ ਨਾ ਨਿਕਲਿਆ। ਅਡੋਲ, ਖੜੇ ਦੇਖਦੇ ਰਹੇ

ਆਖਰੀ ਬਚਨ ਹੋਇਆ "ਕਿਸੇ ਮਹਾਂਪੁਰਖ ਦੀ ਸੰਗਤ ਕਰੋ" ਬਚਨ ਉਪਰੰਤ ਸ਼ੰਕਰ ਜੀ ਅਲੋਪ ਹੋ ਗਏ।

ਆਪਣੇ ਆਪ ਨਾਲ ਮਿਲਾਪ ਦੀ ਵਿਧੀ ਨਿਰੰਕਾਰ ਆਪ ਬਣਾ ਦਿੰਦਾ ਹੈ। ਅਚਿੰਤ ਰਾਮ ਜੀ ਆਪਣੀ ਬਰਾਦਰੀ ਅੰਦਰ ਕਿਸੇ ਲੜਕੇ ਦੀ ਜੰਝ ਵਿੱਚ ਸ਼ਾਮਿਲ ਹੋ ਕੇ ਸੇਮੇ ਨਗਰ ਵਿੱਚ ਪਹੁੰਚੇ ਤਾਂ ਆਪ ਜੀ ਦੇ ਕੰਨੀ ਬਾਬਾ ਜੀ ਦੀ ਉਸਤਤ ਪਈ। ਬੜੀ ਉਤਸੁਕਤਾ ਨਾਲ ਬਾਬਾ ਜੀ ਦੀ ਉਸਤਤ ਸੁਣੀ ਤੇ ਦਰਸ਼ਨਾ ਲਈ ਵਿਆਕੁਲ ਹੋ ਉੱਠੇ ਕਿ ਕਿਹੜੇ ਸਮੇਂ ਮਹਾਂਪੁਰਖਾਂ ਦੇ ਦਰਸ਼ਨ ਹੋਣ, ਭੁੱਚੋ ਕਲਾ ਵੱਲ ਨੂੰ ਚੱਲ ਪਏ। ਜਾਂਝੀਆ ਵਾਲੇ ਸੋਹਣੇ ਕੱਪੜੇ, ਗਲ ਵਿੱਚ ਕੈਂਠਾ ਸੋਨੇ ਦਾ, ਤਿੱਲੇ ਵਾਲੀ ਜੁੱਤੀ ਜੁਆਨ ਅਵਸਥਾ ਦਰਸ਼ਨ ਕਰਨ ਲਈ ਹੁਕਮ ਅਨੁਸਾਰ ਹਜੂਰ ਦੇ ਸਾਹਮਣੇ ਆਏ। ਨਮਸਕਾਰ ਕਰਕੇ ਬੈਠਣ ਲੱਗੇ ਆਪਣੇ ਆਪ ਹੀ ਬੋਲ ਪਏ ਕਿ ਮਹਾਰਾਜ ਮੈਂ ਆ ਗਿਆ ਹਾਂ।

ਹਜੂਰ ਨੇ ਥੋੜਾ ਮੁਸਕਰਾ ਕੇ ਕਿਹਾ ਅਜੇ ਤਾਂ ਜੰਞਾਂ ਵੇਖਦਾ ਮਠਿਆਈਆਂ ਖਾਂਦਾ ਫਿਰਦਾ ਹੈਂ, ਜਦੋਂ ਸਾਡਾ ਬਣਕੇ ਆਵੇਂਗਾ ਉਸ ਵਕਤ ਦੇਖਾਂਗਾਂ।

ਅਚਿੰਤ ਰਾਮ ਜੀ ਮੱਥਾ ਟੇਕ ਵਾਪਿਸ ਚਲੇ ਗਏ। ਪਰ ਮਨ ਇੱਥੇ ਹੀ ਛੱਡ ਗਏ ਕਿਉਂਕਿ ਰਮਜ ਪਛਾਨਣ ਵਿੱਚ ਦੇਰ ਨਾ ਲੱਗੀ। ਘਰ ਪਰਤੇ ਅਤੇ ਕਪੜੇ ਬਦਲੇ ਅਤੇ ਉਸੇ ਸਮੇਂ ਹੀ ਵਾਪਿਸ ਹੋ ਗਏ। ਬਾਬਾ ਜੀ ਦੇ ਚਰਨਾ ਵਿੱਚ ਆ ਫਿਰ ਦਸਤਕ ਦਿੱਤੀ। ਹਜੂਰ ਬਹੁਤ ਪ੍ਰਸੰਨ ਹੋਏ ਅਤੇ ਮਰਿਆਦਾ ਅਨੁਸਾਰ ਸਾਰੀ ਸ਼ਰ੍ਹਾਂ ਕੀਤੀ। (ਸ਼ਰ੍ਹਾਂ ਅੰਦਰ ਕਈਆਂ ਜਗਾ ਤੇ ਮੱਥਾ ਟਿਕਾਉਂਦੇ ਲੰਮਾ ਪਾਉਂਦੇ। ਆਪਣੇ ਆਸਣ ਪਿੱਛੇ ਬੜੀ ਥੋੜੀ ਜਿਹੀ ਜਗ੍ਹਾ ਸੀ, ਉਸਨੂੰ ਉਹ "ਸ਼ੌਕੀਨ ਘਰ" ਆਖਦੇ ਸਨ, ਉਥੇ ਲੰਮਾ ਪਾਉਂਦੇ। ਜੇ ਕਿਸੇ ਪੁੱਛਣਾ ਤਾਂ ਆਖਦੇ ਇਥੇ ਬੜੇ ਤੱਪਸਵੀਆਂ ਨੇ ਤਪ ਕੀਤਾ ਹੈ। ਇਹ ਜਗ੍ਹਾ ਪਵਿੱਤਰ ਹੈ। ਆਦਮੀ ਦੇ ਹੱਥ ਘੁੱਟਣੇ ਤੇ ਕਹਿਣਾ "ਤੁਹਾਡੇ ਤੇ ਸਾਡੀ ਮੋਹਰ ਲੱਗ ਜਾਂਦੀ ਹੈ। ਪਰਲੋਕ ਵਿੱਚ ਜਾਓਗੇ ਤਾਂ ਦੇਖਕੇ ਤੁਹਾਨੂੰ ਕੋਈ ਕੁਝ ਨਹੀਂ ਕਹੇਗਾ। ਸਿੱਧਾ ਸਾਡੇ ਪਾਸ ਪਹੁੰਚਾ ਦਿੱਤਾ ਜਾਵੇਗਾ।" ਫੁਰਮਾਨ ਹੈ-

**ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥**

ਸ਼ੌਕੀਨ ਘਰ ਅਤੇ ਆਪਦੇ ਹੱਥਾਂ ਨਾਲ ਘੁੱਟਣ ਦੀ ਸ਼ਰ੍ਹਾਂ ਕਿਸੇ ਕਿਸੇ

ਦੀ ਹੀ ਕਰਦੇ ਸਨ। ਸ਼ੌਕੀਨ ਘਰ ਦੀ ਜਗ੍ਹਾ ਬਾਬਾ ਜੀ ਦੇ ਆਸਨ ਪਿਛੇ ਸੀ। ਆਮ ਚੀਜਾਂ ਜਿਵੇਂ ਖੰਡ, ਦੁੱਧ, ਆਟਾ ਆਦਿ ਦੀ ਸ਼ਗ੍ਹਾ ਹਜੂਰ ਦੇ ਆਸਣ ਦੇ ਅੱਗੇ ਹੁੰਦੀ ਸੀ। ਦੂਜੀ ਸ਼ਗ੍ਹਾ ਆਸਣ ਦੇ ਧਰੂੰ ਵਾਲੇ ਪਾਸੇ ਇੱਕ ਥੜਾ (ਜਿਸ ਨੂੰ ਜਰਮਨ ਦਾ ਥੜਾ ਆਖਦੇ ਸਨ) ਉਸ ਉਪਰ ਅਤੇ ਤੀਸਰੀ ਆਸਣ ਤੋਂ ਦੱਖਣ ਵਾਲੇ ਪਾਸੇ ਤੇ ਪੂਰਬ ਵਾਲੇ ਪਾਸੇ ਪੱਕਾ ਥੜਾ (ਜਿਸਨੂੰ ਮਲਕਾ ਦਾ ਥੜਾ ਆਖਦੇ ਸਨ) ਸੀ। ਇਹ ਮਰਿਆਦਾ ਅੱਜ ਤੱਕ ਪ੍ਰਚੱਲਤ ਹੈ। ਜਿਸ ਸਮੇਂ ਲੰਗਰ ਬਣ ਕੇ ਆਉਂਦਾ ਹਜੂਰ ਉਸ ਦੀ ਸ਼ਗ੍ਹਾ ਕਰਾਉਂਦੇ। ਟੋਕਰੀ ਵਿੱਚ ਹੀ ਪਰਸ਼ਾਦੇ ਦੋ ਦੋ ਚੁੱਕ ਕੇ ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਸੇਵਕ ਨੇ ਕਰਨੇ ਆਪ ਜੀ ਨੇ ਨਿਗਾਹ ਰੱਖਣੀ ਇਸੇ ਹੀ ਤਰ੍ਹਾਂ ਦਾਲ ਦੀ ਕੜਛੀ ਭਰ ਲੈਣੀ ਤੇ ਖਾਲੀ ਕਰ ਦੇਣੀ। ਕੁਝ ਸਮੇਂ ਬਾਅਦ ਬਚਨ ਕਰਨਾ ''ਜਾਓ ਸ਼ੁੱਧ ਹੈ ਵਰਤਾਓ।'' ਲੰਗਰ ਦੀ ਰੋਟੀ ਅਨਚੋਪੜੀ ਤੇ ਇਕੱਲੇ ਲੂਣ ਵਾਲੀ ਮੂੰਗੀ ਦੀ ਦਾਲ। ਚਾਰ ਸੇਰ ਆਟਾ ਤੇ ਸਵਾ ਸੇਰ ਮੂੰਗੀ ਦੀ ਦਾਲ ਬਣਦੀ ਸੀ। ਸੰਗਤ ਕਿੰਨੀ ਵੀ ਆ ਜਾਵੇ ਲੰਗਰ ਅਤੁੱਟ ਵਰਤਦਾ ਸੀ।

''ਭਰੇ ਭੰਡਾਰ ਅਤੁੱਟ ਅਤੋਲ'' ਦਾ ਪਰਤੱਖ ਦਰਸ਼ਨ ਸੀ। ਲੰਗਰ ਵਿੱਚ ਘਿਉ ਦੀ ਦੇਗ ਬੁੱਧਵਾਰ ਦੇ ਦਿਨ ਬਣਦੀ ਸੀ। ਹੁਕਮ ਹੋਇਆ ਸਾਲ ਬਾਅਦ ਇੱਕ ਪਾਈਆ ਰਾਸ਼ਨ ਦੇਗ ਵੱਧ ਜਾਇਆ ਕਰੇਗਾ। ਸੰਤ ਬਾਬਾ ਖੇਮ ਸਿੰਘ ਜੀ ਦੇ ਸਮੇਂ ਤਿੰਨ ਚਾਰ ਕੜਾਹੇ ਪ੍ਰਸਾਦਿ ਜਾਂ ਚੋਲ ਪਲਾਂ ਵਿੱਚ ਤਿਆਰ ਹੁੰਦੇ ਸਨ ਤੇ ਹੁਣ ਮੌਜੂਦਾ ਬਾਬਾ ਸੁਖਦੇਵ ਸਿੰਘ ਜੀ ਵੱਲੋਂ ਕੜਾਹ ਪ੍ਰਸ਼ਾਦਾਂ ਦੀਆਂ ਦੇਗਾਂ ਹਰ ਰੋਜ਼ ਤੇ ਬੇਅੰਤ ਲੰਗਰ ਅਤੁੱਟ ਵਰਤਦੇ ਹਨ।

**''ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ''** ਵਾਲੀ ਗੱਲ ਹੈ ਹੁਣ ਸੰਤ ਅਚਿੰਤ ਰਾਮ ਜੀ ਨੂੰ ਗੁਰਮੰਤ੍ਰ ਦਾ ਜਾਪ ਕਰਨ ਦੀ ਜੁਗਤੀ ਦਿੱਤੀ (ਗੁਰਮੰਤ੍ਰ ਗੁਪਤ ਹੈ)। ਉਸ ਗੁਰਮੰਤ੍ਰ ਦੀ ਅਰਾਧਨਾ ਦੀ ਮਰਿਆਦਾ ਇਹ ਸੀ ਕਿ ਸਵੇਰੇ ਸੂਰਜ ਚੜ੍ਹਨ ਵੇਲੇ ਉਸ ਵੱਲ ਮੂੰਹ ਕਰਕੇ ਖੜੇ, ਅੰਗ ਨਹੀਂ ਹਿਲਾਉਣਾ, ਅੱਖਾ ਖੋਲ ਕੇ ਸੂਰਜ ਵੱਲ ਦੇਖਣਾ, ਪਲਕਾ ਨੂੰ ਟਿਕਾ ਕੇ ਰੱਖਣਾ ਫਰਕਣਾਂ ਨਹੀਂ। ਜਿਵੇਂ ਜਿਵੇਂ ਸੂਰਜ ਉਪਰ ਨੂੰ ਆਵੇ ਉਸੇ ਤਰ੍ਹਾਂ ਹੀ ਨਿਗਾਹ ਰੱਖਣੀ। ਸ਼ਾਮਾ ਤੱਕ ਸਰੀਰ ਨੇ ਡਿੱਗ ਪੈਣਾ। ਫਿਰ ਸ਼ਾਮ ਨੂੰ ਹੁਕਮ ਅਨੁਸਾਰ ਜਲ ਪਾਣੀ ਕਰਨਾ। ਅਗਲੇ

ਦਿਨ ਫਿਰ ਇਹੀ ਕਰਮ ਅਰੰਭ ਕਰਨਾ। ਕਠਿਨ ਕਮਾਈ ਸੀ ਗਰਮੀ ਦੀ ਰੁੱਤ ਵਿਚ ਸੂਰਜ ਸਾਹਮਣੇ ਸਾਰਾ ਦਿਨ ਖੜੇ ਰਹਿਣਾ।

ਫੁਰਮਾਨ ਹੈ.–

**ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇਧਾਰ॥**

*ਰਾਗ ਦੇਵ ਗੰਧਾਰੀ ਮ. ੫ ਅੰਗ*

ਅਥਵਾ

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥**

*ਰ. ਅ. ਮ. ੩*

ਇਸ ਤਰ੍ਹਾਂ ਨਿਰਵਿਘਨ ਸਾਧਨਾ ਚਲਦੀ ਰਹੀ। ਸ਼ਾਮ ਨੂੰ ਹਜ਼ੂਰ ਨੇ ਆਤਮਕ ਬਲ ਨਾਲ ਸਰੀਰਕ ਸ਼ਕਤੀ ਬਖਸ਼ਨੀ ਅਤੇ ਸਵੇਰ ਤੋਂ ਫਿਰ ਉਸੇ ਤਰ੍ਹਾਂ ਹੀ ਤਪੱਸਿਆ ਕਰਨੀ। ਖੜ੍ਹੇ ਰਹਿਣ ਨਾਲ ਲੱਤਾ ਸੁਜ ਜਾਣੀਆਂ ਕੀੜਿਆ ਨੇ ਕੱਟਣਾ ਪਰ ਆਪ ਜੀ ਨੇ ਅਡੋਲ ਖੜੇ ਰਹਿਣਾ ਇਰਾਦਾ ਦ੍ਰਿੜ ਸੀ।

**ਨੀਂਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥**

ਐਸੀ ਬਿਰਤੀ ਬਣ ਗਈ ਕਿ ਦੇਖਣ ਨੂੰ ਹੋਸ਼ ਵੀ ਨਹੀਂ ਲਗਦੀ ਪਰ ਸਿਮਰਨ ਨਿਰੰਤਰ ਨਿਰਵਿਘਨ ਹੋ ਰਿਹਾ ਸੀ।

**ਸਿਰ ਪੈਰਾਂ ਦੀ ਖਬਰ ਨਾ ਕੋਈ ਵਿਚ ਮੁਹੱਬਤ ਤੇਰੀ॥**
**ਕੀ ਆਖਾਂ ਕੀ ਆਖ ਸੁਣਾਵਾਂ ਹੋਸ਼ ਗਵਾਈ ਮੇਰੀ॥**

ਇਹੋ ਜਿਹੇ ਮਨ ਦੀ ਭਾਵਨਾਂ ਦੀ ਪ੍ਰਕਿਰਤੀ ਨੂੰ ਨਿਰੰਕਾਰੀ ਜੋਤ ਦਾ ਜਗਿਆਸੂ ਹੀ ਜਾਣ ਸਕਦਾ ਹੈ।

**ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ ਕੈ ਜਾਨੈ ਜਿਸੁ ਮਨਿ ਧਰੈ।**
**ਜਨੁ ਨਾਨਕੁ ਹਰਿ ਦੇਖਿ ਸੁਖੁ ਪਾਵੈ ਸਭ ਤਨ ਕੀ ਭੂਖ ਟਰੈ॥**

*ਮਲਾਰ ਮ.੪ ਅੰਗ ੧੨੬੩*

ਤਪੱਸਿਆ ਉਪਰੰਤ ਇੱਕ ਦਿਨ ਹੁਕਮ ਹੋਇਆ "ਅਚਿੰਤ ਰਾਮ ਨੂੰ ਹਾਜਰ ਕਰੋ।" ਦੋ ਸੇਵਕ ਬਾਹਾਂ ਤੋਂ ਫੜ ਕੇ ਲੈ ਆਏ। ਫਿਰ ਹੁਕਮ ਹੋਇਆ "ਇਸ਼ਨਾਨ ਕਰਵਾ ਕੇ ਲਿਆਓ।"

ਇਸ਼ਨਾਨ ਕਰਨ ਬਾਅਦ ਬਾਬਾ ਜੀ ਨੇ ਸਿਰ ਤੋਂ ਪੈਰ ਤੱਕ ਸ਼ਰ੍ਹਾ ਕੀਤੀ। ਇਸ ਸਮੇਂ ਨਿਗਾਹ ਤਕਰੀਬਨ ਬੰਦ ਹੋ ਗਈ ਸੀ ਸੂਰਜ ਵੱਲ ਦੇਖਣ ਕਰਕੇ।

ਫਿਰ ਹਜ਼ੂਰ ਨੇ ਦੁਨਿਆਵੀ ਜੋਤ ਨੇਤਰਾਂ ਨੂੰ ਬਖਸ਼ੀ।

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥**

ਨਾਮਦੇਵ ਜੀ ਦੇ ਬਚਨ ਅਨੁਸਾਰ:-

**ਸਫਲ ਜਨਮੁ ਮੋ ਕਉ ਗੁਰ ਕੀਨਾ ॥ ਦੂਖ ਬਿਸਾਰਿ ਸੁਖ ਅੰਤਰਿ ਲੀਨਾ ॥**
**ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥**

*ਬਿਲਾਵਲ ਭਗਤ ਨਾਮਦੇਵ ਜੀ ੮੫੭*

ਜਿਸ ਸਮੇਂ ਮਹਾਰਾਜ ਜੀ ਸ਼ਰ੍ਹਾ ਕਰ ਰਹੇ ਸਨ ਤਾਂ ਸੰਤ ਅਚਿੰਤ ਰਾਮ ਜੀ ਨੇ ਇੱਕ ਬਚਨ ਕੀਤਾ।

"ਗੋਪੀਆਂ ਆਈਆਂ ਕ੍ਹਾਨ ਜੀ ਗੋਪੀਆਂ ਆਈਆਂ" ਇਹੀ ਬਚਨ ਤਿੰਨ ਵਾਰ ਕੀਤਾ। ਹਜ਼ੂਰ ਬਾਬਾ ਜੀ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ।

ਹੁਣ ਇਸ ਨੂੰ ਇੰਦਰ ਦੀਆਂ ਅਪਸਰਾਵਾਂ ਨਗਨ ਹੋ ਕੇ ਭਰਮਾ ਰਹੀਆਂ ਹਨ। ਪਰ ਇਸ ਨੂੰ ਕ੍ਰਿਸ਼ਨ ਦੀਆਂ ਗੋਪੀਆਂ ਦਿਸ ਰਹੀਆਂ ਹਨ। ਹੁਣ ਬਿਰਤੀ ਨਹੀਂ ਡੋਲੇਗੀ।"।

ਅਖੀਰ ਤੱਕ ਸੰਤ ਅਚਿੰਤ ਰਾਮ ਜੀ ਇਸ ਅਵਸਥਾ ਵਿੱਚ ਰਹੇ।

**ਡੋਲਨ ਤੇ ਚੂਕਾ ਠਹਰਾਇਆ ॥ ਸਤਿ ਮਾਹਿ ਲੇ ਸਤਿ ਸਮਾਇਆ ॥**

*ਰਾਮਕਲੀ ਮ. ੫ ਅੰਗ ੮੯੦*

**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥**
**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥**

*ਗਉੜੀ ਰਵੀਦਾਸ ਜੀ ॥*

## ਕੁੰਡਲਨੀ ਸੁਰਝੀ ਸਤ ਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥

ਸੱਚੇ ਨਿਹੁ ਦੇ ਪਾਤਰ ਅਭਿਆਸ ਕਰਕੇ ਮੰਜਿਲ ਨੂੰ ਪਾਉਣ ਦਾ ਸੰਕਲਪ ਮਨ ਵਿੱਚ ਧਾਰ ਕੇ ਕਈ ਤਰ੍ਹਾਂ ਦੀ ਯੋਗ ਸਾਧਨਾ ਕਰਦੇ ਹਨ। ਅਰਾਧਨਾ ਦੀ ਜੁਗਤੀ ਪਰਮ ਸਤਿਕਾਰ ਹਸਤੀਆਂ ਹੀ ਬਖਸ਼ਿਸ਼ ਕਰਨ ਵਿੱਚ ਨਿਪੁੰਨ ਹੁੰਦੀਆਂ ਹਨ। ਭਗਤੀ ਕਰਨ ਵਾਲਾ ਹੀ ਪ੍ਰਮਾਤਮਾ ਦੇ ਮਹਾਂਪੁਰਖ ਦੀ ਕ੍ਰਿਪਾ

ਦ੍ਰਿਸ਼ਟੀ ਸਦਕਾ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਹੈ ਜਿਸ ਨੇ ਕਦੀ ਪਦਾਰਥ ਚੱਖਿਆ ਹੀ ਨਹੀਂ ਉਹ ਤਾਂ ਸੁਆਦ ਤੋਂ ਬੇਖਬਰ ਹੈ। ਦੁਨਿਆਵੀ ਸੁਆਲਾਂ ਨੂੰ ਉਸ ਵਿਸ਼ੇ ਦੇ ਮਾਹਰ ਹੱਲ ਕਰਦੇ ਹਨ। ਪਰ ਪ੍ਰਮਾਰਥ ਦੀਆਂ ਉਲਝਣਾਂ ਮਹਾਂਪੁਰਖਾਂ ਦੀ ਨਦਰਿ ਨਾਲ ਹੱਲ ਹੁੰਦੀਆਂ ਹਨ। ਜਿਸ ਤਰ੍ਹਾਂ ਸਰੀਰਕ ਰੋਕ ਤੋਂ ਬਿਨਾਂ ਅੰਤਰ ਆਤਮੇ ਦੀ ਰੁਕਾਵਟ ਭਾਵ. ਸਿਮਰਨ ਕਰਦਿਆਂ ਬਿਰਤੀ ਨੇ ਇਕਾਗਰਤਾ ਦੇ ਘਰ ਵਿੱਚ ਆ ਕੇ ਕਿਸੇ ਰਸਦਾਇਕ ਅਨੰਦ ਤੋਂ ਵਾਂਝਿਆ ਰਹਿਣਾ। ਇਹੋ ਜਿਹੇ ਸਾਧੂਆਂ ਨੂੰ ਬਾਬਾ ਜੀ ਮਹਾਰਾਜ ਆਪਣੀ ਮੰਜਿਲ ਤੱਕ ਪਹੁੰਚਾ ਦਿੰਦੇ ਸਨ। ਜਿਵੇਂ ਪਿੱਛੇ ਬਾਬੇ ਨਿਧਾਨ ਸਿੰਘ ਦਾ ਪ੍ਰਸੰਗ ਆਇਆ ਹੈ। ਇਸ ਅਨੰਦ ਨੂੰ ਪ੍ਰਾਪਤ ਕਰਨ ਦੇ ਦੋ ਤਰੀਕੇ ਹਨ। ਪਹਿਲਾ "ਹਠ ਯੋਗ ਸਾਧਨਾ" ਦੂਜਾ "ਸਹਿਜ ਯੋਗ" ਜਾਂ "ਭਗਤੀ ਯੋਗ" ਇਸ ਨੂੰ "ਰਾਜ ਯੋਗ" ਵੀ ਕਹਿੰਦੇ ਹਨ। ਹਜੂਰ ਸਰਬ ਕਲਾ ਸਮਰੱਥ ਹੁੰਦੇ ਹੋਏ ਵੀ ਗੁਪਤ ਰਹੇ ਪਰ ਜੋ ਵੀ ਆਪ ਜੀ ਪਾਸ ਆਇਆ ਕਿਸੇ ਮੱਤ ਦਾ ਜਾਂ ਕਿਸੇ ਜਾਤ ਦਾ ਹੋਵੇ, ਖਾਲੀ ਨਹੀਂ ਗਿਆ। ਇਸੇ ਤਰ੍ਹਾਂ ਦੇ ਇੱਕ ਸਾਧੂ ਨਿਰਮਲ ਭੇਖ ਵਿੱਚ ਬੜੇ ਵਿਦਵਾਨ ਸਨ। ਜਿਨ੍ਹਾਂ ਨੂੰ ਹਰ ਭੇਖ ਦੇ ਸਾਧੂ ਅੱਜ ਤੱਕ ਸਤਿਕਾਰ ਨਾਲ ਯਾਦ ਕਰਦੇ ਹਨ। ਇਨ੍ਹਾਂ ਦਾ ਪਵਿੱਤਰ ਨਾਮ "ਸ੍ਰੀਮਾਨ ਪੰਡਿਤ ਭਾਨ ਸਿੰਘ ਜੀ ਮਹਾਰਾਜ ਸੀ।"

ਇਹ ਮਹਾਂਪੁਰਖ ਬਾਲ ਬ੍ਰਹਮਚਾਰੀ ਨਿਆਏ ਸ਼ਾਸਤਰ ਦੇ ਪੂਰਨ ਵਿਦਵਾਨ ਸਨ। ਨਿਆਇ ਅਚਾਰਿਆ, ਨਿਆਇ ਗੋਤਮ, ਨਿਆਇ ਮਾਰਤੰਡ ਵਰਗੇ ਆਦਰ ਸਹਿਤ ਲਫਜਾਂ ਨਾਲ ਮਹਾਤਮਾ ਦੇ ਵਿਦਵਾਨ ਆਪ ਜੀ ਨੂੰ ਸੰਬੋਧਨ ਕਰਦੇ ਹਨ।

ਸ਼ਾਂਤ ਚਿਤ ਅਤੇ ਤਿਆਗੀ, ਵਿਰਾਗੀ ਮਹਾਂਪੁਰਖਾਂ ਦਾ ਜਨਮ ਪਿੰਡ ਨੱਥੂ ਵਾਲਾ ਜਦੀਦ ਜਿਲ੍ਹਾ ਫਰੀਦਕੋਟ ਸੰਤ ਚੰਨਣ ਸਿੰਘ ਜੀ ਦੇ ਘਰ ਹੋਇਆ। (ਇਨ੍ਹਾਂ ਦੀ ਜੀਵਨੀ ਦੀ ਛਪਾਈ ਹੋ ਚੁੱਕੀ ਹੈ) ਇਹ ਮਹਾਤਮਾ ਹਠ ਯੋਗ ਸਾਧਨਾ ਕਰਦੇ ਸਨ। ਇਹ ਸਾਧਨਾ ਸਵਾਸਾਂ ਨੂੰ ਰੋਕ ਕੇ ਕਰਨੀ ਪੈਂਦੀ ਹੈ। ਇਸ ਨੂੰ ਪ੍ਰਾਣਾਯਾਮ ਵੀ ਆਖਦੇ ਹਨ। ਕਾਫੀ ਕਠਨ ਸਾਧਨਾ ਹੈ।

ਪ੍ਰਾਣਾਯਾਮ ਦਾ ਭਾਵ ਹੈ। ਪ੍ਰਾਣਾਂ ਨੂੰ ਰੋਕਣਾ ਨਰਾਇਣ ਹਰੀ ਉਪਦੇਸ਼ ਗ੍ਰੰਥ ਅਨੁਸਾਰ ਸੰਖੇਪ ਵਰਨਣ ਇਉਂ ਹੈ। ਵੇਦਾਂ ਮੁਤਾਬਕ ਕਿ ਸਰੀਰ ਵਿੱਚ

72, 72, 10, 201 ਨਾੜੀਆ ਹਨ। ਜਿਨ੍ਹਾਂ ਵਿਚੋਂ ਦਸ ਨਾੜੀਆਂ ਦੀ ਪ੍ਰਾਣਾਯਾਮ ਕਰਨ ਵੇਲੇ ਮੱਦਦ ਮਿਲਦੀ ਹੈ।

ਨੱਕ ਦੇ ਖੱਬੇ ਪਾਸੇ ਦੀ ਨਾੜੀ ਨੂੰ "ਇੜਾ" ਆਖਦੇ ਹਨ ਸੱਜੇ ਪਾਸੇ ਨੂੰ "ਪਿੰਗਲਾ"। ਦੋਨਾਂ ਦੇ ਵਿਚਕਾਰਲੀ ਨਾੜੀ ਨੂੰ ਸੁਖਮਨਾ ਆਖਦੇ ਹਨ। ਜਿਵੇਂ ਬਾਣੀ ਦਾ ਫੁਰਮਾਨ ਹੈ.

**ਇੜਾ ਪਿੰਗੁਲਾ ਅਉਰ ਸੁਖਮਨਾ ਤਿਨਿ ਬਸਹਿ ਇਕ ਠਾਈ॥**

ਚਉਥੀ ਸੱਜੇ ਨੇਤਰ ਵਿੱਚ "ਗੰਧਾਰੀ" ਪੰਜਵੀ ਖੱਬੇ ਨੇਤਰ ਵਿੱਚ "ਹਸਤਿ ਜਿਹਵਾ" ਛੇਵੀ ਸੱਜੇ ਕੰਨ ਨੇੜੇ "ਪੂਸਾ ਨਾੜੀ। ਸੱਤਵੀ ਖੱਬੇ ਕੰਨ ਕੋਲ "ਪਯਸਿਨੀ" ਅਠਵੀ "ਅਲੰਬਰ। ਸੰਸਾਰ ਵੱਲ ਜਾਂਦੇ ਹੋਏ ਸਵਾਸਾ ਨੂੰ ਰੋਕ ਕੇ ਪਰਮੇਸ਼ਰ ਵੱਲ ਮੋੜ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਮਨ ਨੂੰ ਵੱਸ ਕਰਕੇ ਵਾਹਿਗੁਰੂ ਦੇ ਨਾਲ ਪ੍ਰੇਮ ਪਾਉਦਾ ਹੈ। ਨੌਵੀ ਸਰੀਰ ਦੇ ਹੇਠਲੇ ਪਾਸੇ "ਲਕਵਾ" ਨਾੜੀ ਅਤੇ ਦਸਵੀ "ਨਾਭੀ" ਧੁੰਨੀ ਕੋਲ "ਸੰਖਨੀ ਨਾੜੀ ਹੈ। ਇਸਤੋਂ ਬਿਨ੍ਹਾਂ ਛੇ ਚੱਕਰ ਹਨ। ਕਬੀਰ ਜੀ ਦਾ ਫੁਰਮਾਨ ਹੈ.-

**ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨੁਰਾਗੀ ॥**

"ਮੁਲਾਧਾਰ ਚੱਕਰ ਗੁਦਾ ਵਿੱਚ ਹੈ, ਸੈਧਿਸ਼ਟਾਨ ਚੱਕਰ ਹਿਰਦੇ ਵਿੱਚ "ਵਿਸ਼ਪੀ" ਚੱਕਰ ਗਲ ਵਿੱਚ "ਆਗਿਆ" ਚੱਕਰ ਭਰਵੱਟਿਆ ਵਿੱਚ ਹੈ। "ਹਠ ਯੋਗ" ਵਿੱਚ ਸਵਾਸਾ ਨੂੰ ਰੋਕ ਕੇ ਸਾਰੀ ਕਿਰਿਆ ਹੁੰਦੀ ਹੈ। ਗੁਰਮਤਿ ਵਿੱਚ ਸਿਮਰਨ ਦੁਆਰਾ ਮਨ ਨੂੰ ਰੋਕਨਾ। ਜਿੱਥੇ ਮਨ ਇਕਾਗਰ ਹੋਇਆ ਉਥੇ ਸੁਆਸ ਆਪਣੇ ਆਪ ਰੁਕ ਜਾਂਦੇ ਹਨ।

"ਮੂਲਾਧਾਰ" ਚੱਕਰ ਤੋਂ ਲੈ ਕੇ ਬ੍ਰਹਿਮ ਰੰਧ੍ਰ ਭਾਵ ਤਾਲੂ ਤੋਂ ਉਪਰ ਇੱਕ "ਸੁਖਮਨਾ" ਨਾੜੀ ਹੈ। ਇਸ ਦਾ ਸੂਰਜ ਵਾਂਗ ਪ੍ਰਕਾਸ ਹੈ। "ਸੁਖਮਨਾ ਨਾੜੀ ਵਿੱਚ ਇੱਕ "ਕੁੰਡਲਨੀ" ਨਾੜੀ ਹੈ ਇਸਨੂੰ ਸ਼ਕਤੀ ਵੀ ਕਹਿੰਦੇ ਹਨ। ਹਠ ਯੋਗ ਵਾਲੇ ਆਖਦੇ ਹਨ ਇਸ ਦਾ ਦਰਸ਼ਨ ਕਰਕੇ ਪਾਪ ਅਤੇ ਅਗਿਆਨ ਦੂਰ ਹੋ ਜਾਂਦੇ ਹਨ। "ਕੁੰਡਲਨੀ ਨਾੜੀ ਨੂੰ" ਭੁਜੰਗਮਾ ਵੀ ਆਖਦੇ ਹਨ। ਬਹੁਤ ਪਤਲੀ ਅਤੇ ਸੱਪ ਵਾਂਗ ਕੁੰਡਲੀ ਮਾਰੀ ਹੋਣ ਕਰਕੇ "ਭੁਜੰਗਮਾ" ਨਾੜੀ ਕਹਿੰਦੇ ਹਨ। "ਕੁੰਡਲਨੀ" ਨੇ "ਸੁਖਮਨਾ ਦਾ ਰਸਤਾ ਰੋਕਿਆ ਹੁੰਦਾ ਹੈ। ਇਸ ਨੂੰ ਇੱਕ ਪਾਸੇ ਕਰਨ ਲਈ ਬੜੇ ਕਠਿਨ ਸਾਧਨ ਕਰਨੇ ਪੈਂਦੇ ਹਨ। ਸਰੀਰ

ਬੜੀ ਕਠਿਨਾਈ ਵਿਚੋਂ ਲੰਘ ਰਿਹਾ ਹੁੰਦਾ ਹੈ। ਉਸੇ ਵੇਲੇ ਕਿਸੇ ਪੂਰਨ ਸਮਰੱਥ ਮਹਾਂਪੁਰਖ ਦੀ ਲੋੜ ਹੁੰਦੀ ਹੈ। ਜਿਹੜੇ ਆਪਣੇ ਆਤਮਿਕ ਬਲ ਨਾਲ ਇਸ ਨੂੰ ਸਿੱਧੀ ਕਰ ਦਿੰਦੇ ਹਨ।

ਨੋਟ.-ਜਿਹੜਾ ਨਾੜੀਆਂ ਜਾਂ ਚੱਕਰ ਦਾ ਵੇਰਵਾ ਦਿੱਤਾ ਹੈ। ਇਨਾਂ ਦਾ ਸੰਬੰਧ ਸਰੀਰ ਨਾਲੋਂ ਮਨ ਦੀ ਅਵਸਥਾ ਨਾਲ ਜਿਆਦਾ ਹੈ। ਅਭਿਆਸੀ ਪੁਰਖ ਸਮਝ ਸਕਦਾ ਹੈ ਦਲੀਲ ਵਾਲਾ ਨਹੀਂ।

ਪੰਡਿਤ ਭਾਨ ਸਿੰਘ ਜੀ ਮਹਾਰਾਜ ਦੀ ਬਿਰਤੀ ਇਸ ਕਟਹਿਰੇ ਤੇ ਆ ਕੇ ਰੁਕ ਗਈ। ਹਜੂਰ ਬਾਬਾ ਜੀ ਮਹਾਰਾਜ ਦੀ ਸਰੋਤ ਸੁਣ ਕੇ ਭੁੱਚੋ ਪਹੁੰਚ ਗਏ। ਮਹਾਰਾਜ ਨੇ ਰਵਾਇਤ ਅਨੁਸਾਰ ਨਾਮ ਪੁੱਛ ਕੇ ਬਚਨ ਕੀਤਾ "ਦਰਸ਼ਨ ਕਰਨ ਆਏ ਹੋ ਕੇ ਪ੍ਰਸ਼ਨ ਕਰਨ।" ਪੰਡਿਤ ਜੀ ਨੇ ਨਿਮਰਤਾ ਸਹਿਤ ਸਾਰਾ ਬਿਰਤਾਂਤ ਸੁਣਾ ਦਿੱਤਾ।

ਹਜੂਰ ਨੇ ਬਚਨ ਕੀਤਾ "ਇਹ ਪਿਛਲੇ ਜੁਗਾਂ ਦੀ ਸਾਧਨਾ ਹੈ ਕਲਯੁੱਗ ਵਿੱਚ ਨਹੀਂ ਕਰਨੀ ਚਾਹੀਦੀ। ਸਹਿਜ ਅਵਸਥਾ ਵਿੱਚ ਰਹੋ। ਇਸ ਵਿੱਚ ਹੀ ਅਨੰਦ ਹੈ।"

ਪੰਡਿਤ ਜੀ ਨੇ ਫਿਰ ਬੇਨਤੀ ਕੀਤੀ "ਗਰੀਬ ਨਿਵਾਜ, ਮੈਂ ਬੜੀ ਮੇਹਨਤ ਕੀਤੀ ਹੈ ਅਖੀਰ ਤੇ ਆ ਕੇ ਕੰਮ ਰੁਕ ਜਾਂਦਾ ਹੈ ਮਨ ਨੂੰ ਕਲਪਨਾ ਰਹੇਗੀ। ਕ੍ਰਿਪਾ ਕਰੋ।"

ਨਿਮਰਤਾ ਅਤੇ ਸਹਿਨਸ਼ੀਲਤਾ ਪੱਥਰਾਂ ਨੂੰ ਮੋਮ ਬਣਾ ਦਿੰਦੀ ਹੈ। ਨਿਮਰਤਾ ਦੇਖ ਕੇ ਹਜੂਰ ਬਾਬਾ ਜੀ ਮੇਹਰ ਦੇ ਘਰ ਆਏ ਤੇ ਬਚਨ ਕੀਤਾ "ਚੰਗਾ ਇਥੇ ਰਹਿਣਾ ਪਵੇਗਾ।"

ਪੰਡਿਤ ਜੀ ਸਤਿ ਬਚਨ ਬੋਲ ਕੇ ਇਥੇ ਚਾਲੀ ਦਿਨ ਰਹੇ।

ਪ੍ਰੀਖਿਆ ਲਈ ਬਾਬਾ ਜੀ ਨੇ ਕਈ ਵਾਰ ਬਚਨ ਕੀਤਾ "ਇਹ ਛੱਡ ਦੇ ਇਸ ਦਾ ਖਿਆਲ ਨਾ ਕਰੋ।" ਇੱਕ ਵਾਰ ਬਚਨ ਕੀਤਾ "ਕਿ ਪੰਡਿਤ ਜੀ ਵਿਆਹ ਕਰਵਾ ਲਓ ਕਈ ਭਾਨ ਸਿੰਘ ਹੋ ਜਾਣਗੇ। ਪਰ ਸੰਤ ਭਾਨ ਸਿੰਘ ਜੀ ਨਿਰੰਤਰ ਜਾਪ ਕਰਦੇ ਅਡੋਲ ਬਿਰਤੀ ਵਿੱਚ ਰਹੇ। ਇੱਕ ਦਿਨ ਆਪ ਜੀ ਨੂੰ ਬਾਬਾ ਜੀ ਮਹਾਰਾਜ ਨੇ ਬੁਲਾ ਕੇ ਸਾਰੇ ਅਭਿਆਸ ਬਾਰੇ

ਪੁੱਛਿਆ। ਪੰਡਿਤ ਜੀ ਨੇ ਵਿਸਥਾਰ ਨਾਲ ਸਾਰੀ ਵਿਥਿਆ ਸੁਣਾ ਦਿੱਤੀ। ਸਭ ਕੁਝ ਸੁਨਣ ਉਪਰੰਤ ਬਚਨ ਕੀਤਾ "ਹੁਣ ਅਭਿਆਸ ਕਰੋ ਕੁੰਡਲਨੀ ਖੁੱਲ ਜਾਵੇਗੀ।"

ਪੰਡਿਤ ਜੀ ਬਚਨ ਕਰਦੇ ਹੁੰਦੇ ਸਨ "ਕਿ ਜਿਸ ਵਕਤ ਬਾਬਾ ਜੀ ਨੇ ਇਹ ਬਚਨ ਕੀਤਾ, ਮਾਨੋ, ਸਾਡੇ ਵਿੱਚ ਬੇਅੰਤ ਬਲ ਆ ਗਿਆ ਹੋਵੇ। ਪਹਿਲਾਂ ਦੇ ਅਭਿਆਸ ਤੋਂ ਹੁਣ ਦੇ ਅਭਿਆਸ ਦਾ ਅਨੰਦ ਹੀ ਵੱਖਰਾ ਸੀ।" ਕੁਝ ਦਿਨਾਂ ਬਾਅਦ ਰੁਕਾਵਟ ਦੂਰ ਹੋ ਗਈ ਅਤੇ ਆਪ ਕਈ ਦਿਨ ਸਮਾਧੀ ਵਿੱਚ ਲੀਨ ਰਹਿਣ ਲੱਗ ਪਏ।

ਫਿਰ ਹਜ਼ੂਰ ਨੇ ਇੱਕ ਦਿਨ ਹੁਕਮ ਕੀਤਾ "ਤੁਹਾਡੀ ਚੀਜ ਤੁਹਾਨੂੰ ਮਿਲ ਗਈ ਹੈ ਪਰ ਇਸ ਨੂੰ ਕਰਨਾ ਨਹੀਂ, ਕਿਉਂਕਿ ਤੁਸੀਂ ਸਮਾਧੀਲੀਨ ਹੋ ਜਾਉਗੇ। ਸੇਵਕਾ ਨੂੰ ਇੰਨਾਂ ਗਿਆਨ ਨਹੀਂ ਹੋਵੇਗਾ। ਕਿਧਰੇ ਮਰਿਆ ਸਮਝ ਕੇ ਅਨਰਥ ਨਾ ਕਰ ਦੇਣ । ਬਾਣੀ ਦਾ ਸਿਮਰਨ ਗੁਰੂ ਨਾਨਕ ਦਾ ਧਿਆਨ ਅਤੇ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਵਿਚਾਰਿਆ ਕਰੋ। ਇਸ ਤੋਂ ਪ੍ਰੇਮ ਭਗਤੀ ਪ੍ਰਾਪਤ ਹੁੰਦੀ ਹੈ। ਹੁਣ ਤੁਹਾਨੂੰ ਆਗਿਆ ਹੈ ਜਾਣ ਦੀ।"

ਇਸ ਉਪਰੰਤ ਪੰਡਿਤ ਭਾਨ ਸਿੰਘ ਜੀ ਇਸੇ ਮਰਿਆਦਾ ਵਿੱਚ ਰਹੇ। ਸਾਰੀ ਆਯੂ ਵਿੱਦਿਆ ਦੇ ਭੰਡਾਰੇ ਵਰਤਾਉਂਦੇ ਰਹੇ।

(ਇਹ ਬਚਨ ਭਾਈ ਜੀ (ਲੇਖਕ ਦੇ ਪਿਤਾ) ਜੀ ਪਾਸੋ ਕਈ ਵਾਰ ਸੁਣਿਆ। ਪੰਡਿਤ ਜੀ ਨੇ ਹੀ ਭਾਈ ਡਰੋਲੀ ਨੂੰ ਭੁੱਚੋ ਜਾਣ ਲਈ ਪ੍ਰੇਰਿਆ ਸੀ।

**ਪਰ ਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥**

## ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ ॥

ਬਾਬਾ ਅਨੰਦ ਸਿੰਘ ਜੀ ਜਿਸ ਸਮੇਂ ਭੁੱਚੋ ਵਾਲਿਆ ਦੇ ਹੁਕਮ ਅਨੁਸਾਰ ਤੁਰ ਫਿਰ ਕੇ ਵਿਚਰਦੇ ਰਹੇ, ਕਿਥੇ ਰਹੇ ਕਿਸ ਹਾਲਤ ਵਿੱਚ ਰਹੇ ਇਸ ਬਾਰੇ ਤਾਂ ਮਹਾਂਪੁਰਖ ਆਪ ਹੀ ਜਾਣਦੇ ਸਨ ਪਰ ਕੁਝ ਵੇਰਵਾ ਸੇਵਾਦਾਰਾ ਦਾ ਅਤੇ ਜਗ੍ਹਾ ਦਾ ਮਿਲਿਆ ਹੈ। ਜਿਆਦਾ ਸਮਾ ਮਾਝੇ ਦੇ ਇਲਾਕੇ ਵਿੱਚ ਰਹੇ। ਤਹਿਸੀਲ ਚੂਨੀਆਂ ਜਿਲਾ ਲਾਹੋਰ, ਝੰਘ ਮਘਿਆਣਾ ਜਿਲ੍ਹਾ ਲਾਇਲਪੁਰ,

ਦੀਪਲਪੁਰ, ਹੜੱਪਾ ਜਿਲ੍ਹਾ ਮੁਲਤਾਨ, ਦੇਊ ਸਿਆਲ ਆਦਿ। ਇਹ ਸਾਰੇ ਪਾਕਿਸਤਾਨ ਵਿੱਚ ਰਹਿ ਗਏ ਹਨ। ਇਲਾਕੇ ਤੋਂ ਬਿਨ੍ਹਾਂ ਸੇਵਕਾਂ ਦਾ ਵੇਰਵਾ ਵੀ ਕੁਝ ਮਿਲਿਆ ਹੈ ਜੋ ਬਾਬਾ ਅਨੰਦ ਸਿੰਘ ਜੀ ਨਾਲ ਹੁੰਦੇ ਸਨ। ਸ: ਸੁਰੈਣ ਸਿੰਘ, ਖੁਸ਼ਹਾਲ ਸਿੰਘ, ਧਨਪਤ ਰਾਏ, ਸੰਤਾ ਸਿੰਘ, ਦਾਸੂ ਰਾਮ, ਚੰਦਾ ਸਿੰਘ, ਗੁਦੜ ਸਿੰਘ, ਰਛਪਾਲ ਸਿੰਘ, ਗੋਪਾਲ ਸਿੰਘ, ਭਾਈ ਸੁਲੱਖਣ ਸਿੰਘ, ਨਰੈਣ ਭਗਤ ਪਿੰਡ ਗੱਜਣ ਸਿੰਘ ਵਾਲੇ ਤੋਂ ਸ: ਹੁਕਮ ਸਿੰਘ, ਪ੍ਰਸ਼ਾਦਾ ਤਿਆਰ ਕਰਨ ਲਈ ਮਾਈ ਮੋਕਲ (ਸਿਟੇ ਚੁਗ ਕੇ ਪ੍ਰਸਾਦਾ ਤਿਆਰ ਕਰਨਾ) ਉਪਰੋਕਤ ਪ੍ਰੇਮੀ ਜਿਲਾ ਲਾਹੌਰ ਦੇ ਸਨ।

ਸਤਿਕਾਰਯੋਗ ਭਾਈ ਉਤਮ ਸਿੰਘ ਜੀ, ਸ. ਤੀਰਥ ਸਿੰਘ ਜੀ, ਸ. ਹਾਕਮ ਸਿੰਘ ਜੀ, ਸ. ਹੀਰਾ ਸਿੰਘ ਜੀ, ਸ. ਜਸਵੰਤ ਸਿੰਘ, ਸੰਤ ਸੁਜਾਨ ਸਿੰਘ ਜੀ ਦੇ ਪਿਤਾ ਭਾਈ ਗਿਆਨ ਸਿੰਘ ਜੀ, ਇਨ੍ਹਾਂ ਦਾ ਹੀ ਚਾਚਾ ਜੀਵਨ ਸਿੰਘ, ਕਾਰਖਾਨੇਦਾਰ ਸ. ਦੀਵਾਨ ਸਿੰਘ, ਭਾਈ ਕਾਹਨ ਸਿੰਘ ਆਦਿ ਬਾਬਾ ਜੀ ਦੇ ਸੇਵਾਦਾਰ ਸਨ।

ਬਾਗਾਂ ਤੋਂ ਝੰਘ ਮਘਿਆਣਾ ਅਤੇ ਬਾਗਾਂ ਦੇ ਵਿਚਾਲੇ ਇੱਕ ਸੰਘਣਾ ਜੰਗਲ (ਮੈਰਾ) ਸੀ। ਜਿਸ ਨੂੰ ਭਿੜਕੀ ਆਖਦੇ ਸਨ। ਇਥੇ ਬਾਬਾ ਜੀ ਨੇ ਬਹੁਤ ਚਿਰ ਆਸਣ ਲਾਇਆ ਅਤੇ ਕਈ ਵਾਰ ਇਸ ਜਗਾ ਨੂੰ ਨਿਵਾਜਿਆ ਇਥੋਂ ਦੇ ਸੇਵਾਦਾਰ ਨਿਮਨਲਿਖਿਤ ਸਨ। ਭਾਈ ਕਾਹਨ ਸਿੰਘ, ਚੌਧਰੀ ਹਜੂਰੀ ਰਾਮ, ਭਾਈ ਲਾਲ ਸਿੰਘ ਠਠਿਆਰ, ਭਾਈ ਪ੍ਰੇਮ ਸਿੰਘ, ਸ. ਸੁਲੱਖਣ ਸਿੰਘ ਨੰਬਰਦਾਰ। ਹਜੂਰ ਨਾਮ ਸਿਮਰਨ ਦੀ ਪ੍ਰੇਰਨਾ ਸਭ ਨੂੰ ਕਰਦੇ ਸਨ ਪਰ ਸੇਵਾ ਕਿਸੇ ਵਿਰਲੇ ਨੂੰ ਹੀ ਨਸੀਬ ਹੁੰਦੀ ਸੀ।

## ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥

ਮਾਇਆ ਮੋਹ ਦਾ ਮਰੀਜ ਇਨਸਾਨ ਪ੍ਰਭੂ ਦੀ ਕਰਨੀ ਤੋਂ ਅਚੇਤ ਦੁਨੀਆਂ ਵਿੱਚ ਵਿਚਰਦਾ ਹੈ। ਕਾਮਯਾਬੀ ਦਾ ਸੇਹਰਾ ਆਪਣੇ ਸਿਰ ਬੰਨਦਾ ਹੈ ਅਸਫਲਤਾ ਦੀ ਡੋਰੀ ਪ੍ਰਮਾਤਮਾ ਦੇ ਸਿਰ ਮੜ੍ਹਦਾ ਹੈ। ਸਫਲਤਾ ਨੂੰ ਆਪਣੀ

ਮੇਹਨਤ ਦੀ ਦਾਤ ਕਹਿੰਦਾ ਹੈ ਪਰ ਨਿਰਾਸਤਾ ਦਾ ਉਲ੍ਹਾਮਾ ਰੱਬ ਨੂੰ ਦਿੰਦਾ ਹੈ। ਪਰ ਇਹ ਸਭ ਦੇ ਪਿਛੇ ਪ੍ਰਮੇਸ਼ਰ ਦੀ ਕਿਰਿਆ ਨੂੰ ਨਹੀਂ ਸਮਝਦਾ। ਉਸ ਦੇ ਹੁਕਮ ਅਨੁਸਾਰ ਤਾਂ ਮਹਾਂਪੁਰਖ ਹੀ ਚਲਦੇ ਹਨ। ਜਿਥੇ ਜਾਣ ਲਈ ਪ੍ਰੇਰਣਾ ਹੁੰਦੀ ਹੈ ਜਾਂਦੇ ਹਨ, ਬੈਠਣ ਲਈ ਹੁੰਦੀ ਹੈ ਬੈਠਦੇ ਹਨ, ਕਿਉਂਕਿ ਉਹ ਪ੍ਰਭੂ ਨਾਲ ਅਭੇਦ ਹੁੰਦੇ ਹਨ, ਆਮ ਆਦਮੀ ਦੀ ਸੋਚ ਵਿਲੱਖਣ ਹੁੰਦੀ ਹੈ।

ਬਾਬਾ ਆਨੰਦ ਸਿੰਘ ਜੀ ਮਹਾਰਾਜ "ਬਾਗਾਂ" ਦੇ ਨੇੜੇ "ਭਿੜਕੀ" ਨਾਮ ਦੇ ਜੰਗਲ ਵਿੱਚ ਬਿਰਾਜਦੇ ਸਨ। ਇਸ ਸਮੇਂ ਆਪ ਜੀ ਦੇ ਸੇਵਾਦਾਰ ਭਗਤ ਦਾਸ, ਭਾਈ ਰਾਮ ਦਾਸ, ਭਾਈ ਲੱਧਾ ਰਾਮ, ਸ. ਹਾਕਮ ਸਿੰਘ, ਸ. ਜਸਵੰਤ ਸਿੰਘ ਸਭ ਤੋਂ ਛੋਟੇ ਸਨ। ਹੱਥੀ ਸੇਵਾ ਜਸਵੰਤ ਸਿੰਘ ਹੀ ਜਿਆਦਾ ਕਰਦੇ ਸਨ।

ਸਵੇਰੇ ਅੱਠ ਵਜੇ ਘਰੋਂ ਘੋੜੀ ਤੇ ਸਵਾਰ ਹੋ ਕੇ ਸ. ਜਸਵੰਤ ਸਿੰਘ ਬਾਬਾ ਜੀ ਲਈ ਪ੍ਰਸ਼ਾਦਾ ਤਿਆਰ ਕਰਵਾਕੇ ਲਿਆਉਂਦੇ ਸਨ। ਇੱਕ ਘੰਟੇ ਦੇ ਰਸਤੇ ਤੋਂ ਬਾਅਦ ਹਜੂਰ ਦੀ ਸੇਵਾ ਵਿੱਚ ਪਹੁੰਚ ਜਾਂਦੇ ਸਨ।

ਇਸ ਜਗ੍ਹਾ ਤੇ ਹਜੂਰ ਨੇ ਇੱਕ ਪੰਗਤੀ ਪੰਗਤੀ ਦਾ ਸੰਪਟ ਪਾਠ ਕੀਤਾ। ਨਿਤਨੇਮ ਦੀ ਅਰਾਧਨਾ ਵੀ ਨਿਰੰਤਰ ਚਲਦੀ ਸੀ। ਇੱਕ ਸਾਲ ਦਾ ਸਮਾਂ ਸੰਪਟ ਪਾਠ ਲਈ ਖਰਚ ਹੋਇਆ। ਇਥੇ ਇੱਕ ਭੋਰਾ ਪੁੱਟਿਆ, ਇਸ ਵਿਚੋਂ ਇੱਕ ਮੋਹਰ ਨਿਕਲੀ। ਸੇਵਕਾਂ ਨੇ ਬੇਨਤੀ ਕੀਤੀ, "ਹਜੂਰ ਇੱਕ ਮੋਹਰ ਨਿਕਲੀ ਹੈ।

ਬਾਬਾ ਜੀ ਨੇ ਬਚਨ ਕੀਤਾ " ਦਰਗਾਹੋਂ ਆਈ ਹੈ। ਸੇਵਾ ਵਿੱਚ ਲਾ ਦਿਓ।"

ਇਸ ਮੋਹਰ ਨਾਲ ਭਾਈ ਮੱਖਣ ਸਿੰਘ ਨਾਨਕਸਰੀਏ ਨੂੰ ਲਾਹੌਰ ਭੇਜ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਸਰੂਪ ਮੰਗਵਾਇਆ। ਪੂਰਨ ਸਤਿਕਾਰ ਸਹਿਤ ਇਸ ਜਗ੍ਹਾ ਤੇ ਸੁਸ਼ੋਭਿਤ ਕੀਤਾ। ਫਿਰ ਸੰਪਟ ਪਾਠ ਅਰੰਭ ਹੋਇਆ ਸੇਵਾਦਾਰ ਸੇਵਾ ਕਰਦੇ ਰਹੇ। ਦੋ ਵੇਲੇ ਪਾਠ ਕਰਨਾ ਵਾਹਿਗੁਰੂ-ਵਾਹਿਗੁਰੂ ਉਚਾਰ ਕੇ ਭੋਗ ਸਮੇਂ ਕੜਾਹ ਦੀ ਦੇਗ ਤਿਆਰ ਕਰਕੇ ਆਪ ਅੰਦਰ ਦੇਗ ਲੈ ਕੇ ਆਉਣ, ਬਾਕੀ ਬਾਹਰ ਬੈਠੇ ਰਹਿਣ। ਤਾਕੀਦ ਕੀਤੀ ਕਿ ਅੰਦਰ ਆਉਣ ਵਾਲੇ ਦਲੇਰ ਹੋਣ, ਜੇ ਕੁਝ ਨਜਰ ਆਵੇ ਤਾਂ ਡਰਨਾ ਨਹੀਂ।

ਹੁਕਮ ਅਨੁਸਾਰ ਪੰਜ ਸਿੰਘ, ਭਾਈ ਲੱਧਾ ਰਾਮ, ਰਾਮ ਦਾਸ, ਲਾਲ ਸਿੰਘ, ਹਿੰਮਤ ਸਿੰਘ ਅਤੇ ਗਿਆਨ ਸਿੰਘ ਦੇਗ ਲੈ ਕੇ ਅੰਦਰ ਚਲੇ ਗਏ। ਜੀਵਨ ਸਿੰਘ ਰਾਗੀ ਸੀ। ਭੋਗ ਪੈਣਾ ਸ਼ੁਰੂ ਹੋ ਗਿਆ। ਰਾਗਮਾਲਾ ਦੇ ਪਾਠ ਦੇ ਸਮੇਂ ਇੱਕ ਬਹੁਤ ਵੱਡਾ ਫਨੀਅਰ ਸੱਪ ਗੁਰੂ ਗ੍ਰੰਥ ਸਾਹਿਬ ਅੱਗੇ ਆ ਖੜਾ ਹੋਇਆ। ਮਸਤੀ ਨਾਲ ਝੂਮਣ ਲੱਗਾ ਸਾਰੇ ਘਬਰਾ ਗਏ ਬਾਬਾ ਜੀ ਨੇ ਇਸ਼ਾਰਾ ਕੀਤਾ ਕਿ ਡਰਨਾ ਨਹੀਂ। ਥੋੜੀ ਦੇਰ ਬਾਅਦ ਨਾਗ ਜਿਸ ਪਾਸੇ ਤੋਂ ਆਇਆ ਸੀ ਉਧਰ ਹੀ ਚਲਿਆ ਗਿਆ। ਭੋਗ ਉਪਰੰਤ ਸੇਵਕਾ ਨੇ ਬੇਨਤੀ ਕੀਤੀ "ਹਜ਼ੂਰ ਇਹ ਕੀ ਕੌਤਕ ਸੀ। ਬਾਬਾ ਜੀ ਨੇ ਬਚਨ ਕੀਤਾ "ਵਾਹਿਗੁਰੂ ਜਿਸ ਰੂਪ ਵਿੱਚ ਵੀ ਆਵੇ ਧੰਨਭਾਗ ਹਨ। ਇਸ ਸਮੇਂ ਇਸ ਰੂਪ ਵਿੱਚ ਹੀ ਦਰਸ਼ਨ ਹੋਣੇ ਸਨ।

**ਜੋ ਦੀਸੈ ਸੋ ਤੇਰਾ ਰੂਪ॥**

ਇਹ ਪੂਰਨਮਾਸ਼ੀ ਦੀ ਰਾਤ ਸੀ ਕੀਰਤਨ ਹੋਇਆ ਬਹਤੁ ਅਨੰਦਮਈ ਕੀਰਤਨ ਹੋਇਆ। ਬਾਬਾ ਜੀ ਨੇ ਇਸ ਥਾਂ ਤੇ ਘੋਰ ਤਪੱਸਿਆ ਕੀਤੀ ਆਹਾਰ ਸਿਰਫ 2 ਤੋਲੇ ਮੂੰਗੀ ਦੀ ਦਾਲ ਤੋਲ ਕੇ। ਗਿੱਲੀ ਲੀਰ ਵਿੱਚ ਲਪੇਟ ਕੇ ਮੱਖਣ ਸਿਰ ਉਪਰ ਰੱਖਦੇ ਸਨ। ਬਹੁਤ ਧੀਮੀ ਆਵਾਜ ਵਿੱਚ ਬੋਲਦੇ ਸਨ ਸੇਵਾਦਾਰਾ ਨੂੰ ਬੜੀ ਮੁਸ਼ਕਲ ਨਾਲ ਸਮਝ ਆਉਂਦੀ ਸੀ। ਇਸ ਤੋਂ ਉਪਰੰਤ ਆਪ ਕਈ ਵਾਰ "ਬਾਗੀ" ਗਏ। ਭਿੜਕੀ ਨੇੜੇ ਹੀ ਇੱਕ ਕੁੱਟੀਆ ਵਿੱਚ ਆਸਣ ਗ੍ਰਹਿਣ ਕਰਦੇ। ਭਾਈ ਲਾਲਾ ਸਿੰਘ ਤੇ ਹਿੰਮਤ ਸਿੰਘ ਕੀਰਤਨ ਕਰਦੇ। ਇਸ ਸਮੇਂ ਅੰਦਰ ਮਨ ਬੜਾ ਵਿਆਕੁਲ ਹੋਇਆ ਕਿ ਹੁਣ ਭੁੱਚੋ ਜਾਣਾ ਹੈ ਤਾਂ ਕੁਝ ਲੈ ਕੇ ਹੀ ਮੁੜਨਾ ਹੈ। ਇਹੀ ਸੰਕਲਪ ਮਨ ਅੰਦਰ ਰੱਖ ਕੇ ਕਿ ਖਾਲੀ ਨਹੀਂ ਆਉਣਾ ਭੁੱਚੋ ਪਹੁੰਚ ਗਏ।

ਜਦੋਂ ਭੁੱਚੋ ਪਹੁੰਚੇ ਮਨ ਵਿੱਚ ਵਿਆਕੁਲਤਾ ਸੀ ਕਿ ਅੱਜ ਕੁਝ ਲੈ ਕੇ ਮੁੜਨਾ ਹੈ। ਅੱਗੇ ਜਦੋਂ ਵੀ ਗਿਆ, ਰੋਟੀ ਦਾ ਟੁਕੜਾ ਦੇ ਕੇ ਤੋਰ ਦਿੱਤਾ। ਹੁਣ ਕੁਝ ਪ੍ਰਾਪਤ ਕਰਕੇ ਹੀ ਮੁੜਨਾ ਹੈ। ਤੜਕੇ ਦਾ ਸਮਾਂ ਸੀ ਅੱਗੇ ਬਾਬਾ ਜੀ ਪਾਸ ਦੋ ਮਾਈਆ ਬੈਠੀਆਂ ਸਨ, ਉਨ੍ਹਾਂ ਨੂੰ ਹੋਰ ਰਸਤੇ ਤੋਰ ਦਿੱਤਾ, ਬਚਨ ਕੀਤਾ। "ਮਾਈਓ ਭੱਜ ਜਾਓ ਬੜਾ ਕਰਾਰਾ ਸਾਧ ਆ ਰਿਹਾ ਹੈ।" ਅਗੇ ਜਦੋਂ ਜਾਣਾ ਪਹਿਲੇ ਸਤਨਾਮ ਦੀ ਆਵਾਜ ਦੇਣੀ ਆਗਿਆ ਮਿਲਦੀ ਫਿਰ ਉਪਰ ਜਾਣਾ ਤੇ ਮੱਥਾ ਟੇਕਣਾ। ਇਸ ਵਾਰ ਦਬਾ ਦਬ ਉਪਰ ਚਲੇ ਗਏ,

ਨਮਸਕਾਰ ਨਹੀਂ ਕੀਤਾ, ਜਾਣ ਸਾਰ ਫਤਿਹ ਬੁਲਾਈ। ਭੁੱਚੋ ਵਾਲਿਆ ਨੇ ਪੁੱਛਿਆ "ਕੌਣ ਹੈ"

ਫਿਰ ਆਪ ਹੀ ਅੱਧਾ ਨਾਮ ਲੈ ਕੇ ਬੋਲੇ "ਅੱਛਾ ਤੂੰ ਹੈ ਕਿਥੋਂ ਆਇਆ ਹੈ" ਉਤਰ ਦਿੱਤਾ "ਆਇਆ ਢੱਠੇ ਖੂਹ 'ਚੋ" ਭੁੱਚੋ ਵਾਲਿਆਂ ਸਵਾਲ ਕੀਤਾ "ਜਾਣਾ ਕਿਥੇ ਹੈ" "ਜਾਣਾ ਖਾਤੇ ਵਿੱਚ। ਭੁੱਚੋ ਵਾਲੇ "ਕਿਵੇਂ ਬੋਲਦਾ ਹੈ" ਕਲੇਰਾਂ ਵਾਲੇ ਬੋਲਾਂ ਨਾਂ ਤਾਂ ਹੋਰ ਕੀ ਕਰਾਂ, ਬਾਰਾਂ ਸਾਲ ਹੋ ਗਏ ਤੁਹਾਡੇ ਪਿੱਛੇ ਫਿਰਦਿਆਂ ਤੁਸੀਂ ਬਾਤ ਹੀ ਨਹੀਂ ਪੁੱਛਦੇ। ਇਸਤਰੀ ਪਤੀ ਬਰਤਾ ਹੋਵੇ ਪਤੀ ਬਾਤ ਨਾ ਪੁੱਛੇ ਫੇਰ ਉਹ ਕੀ ਕਰੇ। ਭੁੱਚੋ ਵਾਲੇ "ਜੇ ਮੈਂ ਨਾ ਦਿਆਂ" ਕਲੇਰਾਂ ਵਾਲੇ ਫਿਰ ਖੂਹ ਵਿੱਚ ਛਾਲ ਮਾਰ ਕੇ ਮਰ ਜਾਊਂਗਾ।" ਭੁੱਚੋ ਵਾਲੇ ਜਾਹ ਫਿਰ ਮਰ ਜਾ ਅੱਗੇ ਕਈ ਮਰੇ ਪਏ ਹਨ। "ਕਲੇਰਾਂ ਵਾਲੇ ਸੱਤ ਬਚਨ ਕਹਿਕੇ ਟੁਰ ਪਏ। ਭੁੱਚੋ ਵਾਲਿਆਂ ਨੇ ਇੱਕ ਸੇਵਕ ਪਿੱਛੇ ਭੇਜਿਆ। ਉਸ ਨੇ ਮੋੜ ਕੇ ਲੈ ਆਂਦਾ। ਫਿਰ ਪੁੱਛਿਆ ਕੀ ਮੰਗਦਾ ਹੈ" ਉੱਤਰ ਦਿੱਤਾ ਕੋਈ ਦਾਤ ਬੱਖਸ਼ੋ'ਭੁੱਚੋ ਵਾਲੇ ਐਡਾ ਕਾਹਲਾ ਹੈਂ ਤਾਂ ਕਰ ਹੱਥ ਤੇ ਆਖ ਤਿੰਨ ਵਾਰੀ, ਮੈਂ ਤੇਰਾ, ਮੈਂ ਤੇਰਾ, ਮੈਂ ਤੇਰਾ। "ਕਲੇਰਾਂ ਵਾਲੇ ਨੇ ਤਿੰਨ ਵਾਰ ਇਹੀ ਬਚਨ ਕੀਤਾ" ਤੁਸੀਂ ਤਾਂ ਬੋਲਦੇ ਨਹੀਂ। ਭੁੱਚੋ ਵਾਲਿਆਂ ਬਚਨ ਕੀਤਾ ਤੇਰਾ ਹੱਥ ਸਾਡੇ ਹੱਥ ਉਤੇ ਜਿਉ ਵੱਜਦਾ ਹੈ ਫਿਰ ਹੁਕਮ ਕੀਤਾ "ਲੈ ਹੋ ਤਕੜਾ" ਪੰਜੇ ਵਿੱਚ ਪੰਜਾ ਪਾਕੇ ਦਿੱਤੀ ਮਰੋੜੀ ਧੱਕਾ ਮਾਰ ਕੇ ਬਚਨ ਕੀਤਾ "ਜਾਹ ਭੱਜ ਜਾਹ।"

ਕਲੇਰਾਂ ਵਾਲੇ ਬਾਬਾ ਜੀ ਕਿਸੇ ਅਗੰਮੀ ਮਸਤੀ ਵਿੱਚ ਰੂੰਮੀ ਦੇ ਅਸਥਾਨ ਤੇ ਚਲੇ ਗਏ। ਹਜੂਰ ਨੇ ਪਿਛੇ ਇੱਕ ਸੇਵਕ ਭੇਜ ਦਿੱਤਾ ਤੇ ਹੁਕਮ ਕੀਤਾ "ਤੂੰ ਬੋਲਣਾ ਨਹੀਂ, ਜਦੋਂ ਸਮਾਧੀ ਤੋਂ ਉਠਣ ਇਥੇ ਲੈ ਆਉਣਾ।"

ਜਦੋਂ ਸਮਾਧੀ ਖੁੱਲ੍ਹੀ ਸੇਵਕ ਫਿਰ ਟਿੱਲੇ ਉਪਰ ਬਾਬਾ ਜੀ ਨੂੰ ਲੈ ਆਇਆ ਭੁੱਚੋਂ ਵਾਲਿਆਂ ਬਚਨ ਕੀਤਾ "ਬੇਅੰਤ ਤਾਕਤ ਮਿਲ ਗਈ ਹੈ ਜਿੰਨੀ ਮਰਜੀ ਵਰਤੋ ਮੁੱਕ ਨਹੀਂ ਸਕਦੀ, ਨਾਲ ਨੀਂਦ ਜਿੱਤਣ ਦਾ ਹੁਕਮ ਹੋਇਆ। ਗੋਰਖ ਨੇ ਬਾਰਾਂ ਸਾਲਾਂ ਵਿੱਚ ਜਿੱਤਿਆਂ ਸੀ ਤੇ ਫਿਰ ਵੀ ਅੰਗ ਮਾਰਿਆ ਗਿਆ ਸੀ। ਤੁਸੀਂ ਇੱਕ ਸਾਲ ਵਿੱਚ ਜਿੱਤਣੀ ਹੈ ਅਤੇ ਅੰਗ ਵੀ ਨਹੀਂ ਮਰਣ ਦੇਣਾ।"

"ਹੁਕਮ ਸੁਨਣ ਉਪਰੰਤ ਕਲੇਰਾਂ ਵਾਲੇ ਬਾਬਾ ਜੀ ਨੇ ਬੇਨਤੀ ਕੀਤੀ ਹਜੂਰ ਕਿਥੇ ਰਹਿ ਕੇ ਅਤੇ ਕਿਵੇਂ ਇਸ ਕੰਮ ਨੂੰ ਸ਼ੁਰੂ ਕਰਾਂ।"

ਹੁਕਮ ਹੋਇਆ ਅੱਜ ਹੀ ਸ਼ੁਰੂ ਕਰੋ। "ਮਰਿਆਦਾ ਸਮਝਾਈ ਕਿ ਟਿੱਲੇ ਦੇ ਪਿਛੇ ਛੱਪੜ ਦੇ ਕਿਨਾਰੇ ਇੱਕ ਵੱਡਾ ਪਿੱਪਲ ਦਾ ਦਰਖਤ ਹੈ। ਇਸ ਦੇ ਛੱਪੜ ਵਾਲੇ ਪਾਸੇ ਦੇ ਟਾਹਣੇ ਉਪਰ ਬੈਠਣਾ ਹੈ ਰਾਤ ਦੇ ਸਮੇਂ। ਇਹ ਟਾਹਣਾ ਪਾਣੀ ਦੇ ਉਪਰ ਹੋਵੇ। ਜੇ ਨੀਂਦ ਆ ਕੇ ਡਿੱਗ ਵੀ ਪਵੋ ਤਾਂ ਪਾਣੀ ਵਿੱਚ ਜਾਓ। ਦਿਨ ਚੜ੍ਹਨ ਤੋਂ ਪਹਿਲਾਂ ਰੂੰਮੀ ਪਹੁੰਚ ਜਾਣਾ ਹੈ ਅਤੇ ਰਹਿਣਾ ਰੂੰਮੀ ਹੈ।"

ਇਕ ਸੇਵਕ ਦੇ ਹੱਥ ਬਾਬਾ ਜੀ ਨੇ ਇੱਕ ਬੁਰਕੀ ਰੋਟੀ ਦੀ ਕਦੇ ਰੁੱਖੀ ਹੀ ਕਦੇ ਦਾਲ ਨਾਲ ਛੱਕਣ ਲਈ ਭੇਜ ਦੇਣੀ। ਹਜੂਰ ਨੇ ਅੰਮ੍ਰਿਤਮਈ ਨਿਗਾਹ ਨਾਲ ਪ੍ਰਸ਼ਾਦਾ ਭੇਜਣਾ। ਇਸ ਤਰ੍ਹਾਂ ਇਹ ਨਿਤਨੇਮ ਬਣ ਗਿਆ। ਰੋਜ ਰਾਤ ਨੂੰ ਪਿੱਪਲ ਉਤੇ ਬੈਠਣਾ ਅਤੇ ਦਿਨੇ ਰੂੰਮੀ ਰਹਿਣਾ। ਕਦੇ ਨੀਂਦ ਆ ਜਾਣੀ ਤਾਂ ਪਾਣੀ ਵਿੱਚ ਡਿੱਗ ਪੈਂਦੇ ਸਨ। ਪਾਣੀ ਵਿੱਚ ਡਿੱਗਣ ਦੀ ਆਵਾਜ ਪਿੰਡ ਦੇ ਲੋਕਾਂ ਦੇ ਕੰਨੀ ਪੈਣ ਲੱਗੀ। ਇੱਕ ਨਿਤਨੇਮੀ ਨੇ ਬਾਬਾ ਜੀ ਪਾਸ ਬੇਨਤੀ ਕੀਤੀ।

ਮਹਾਰਾਜ ! ਛੱਪੜ ਵਿੱਚ ਕਿਸੇ ਦੇ ਡਿੱਗਣ ਦੀ ਅਵਾਜ ਆਉਂਦੀ ਹੈ। ਹਜੂਰ ਨੇ ਉੱਤਰ ਦਿੱਤਾ "ਕਿ ਇੱਕ ਮਹਾਂਪੁਰਖ ਬੜੀ ਕਠਿਨ ਕਮਾਈ ਕਰ ਰਿਹਾ ਹੈ। ਉਸ ਨੇ ਜਗਤ ਨੂੰ ਤਾਰਨ ਵਾਲਾ, ਮੁਕਤੀ ਦੇਣ ਵਾਲਾ ਬਣਨਾ ਹੈ। ਉਹ ਪਿੱਪਲ ਉਪਰ ਚੜ੍ਹ ਕੇ ਨੀਂਦ ਨੂੰ ਜਿੱਤਣ ਲਈ ਬੈਠਦਾ ਹੈ। ਜਦੋਂ ਨੀਂਦ ਆਉਂਦੀ ਹੈ ਤਾਂ ਪਾਣੀ ਵਿੱਚ ਡਿੱਗ ਪੈਂਦਾ ਹੈ।

ਹਜੂਰ ਬਾਬਾ ਜੀ ਨੇ ਕਲੇਰਾਂ ਵਾਲਿਆਂ ਨੂੰ ਹੁਕਮ ਕੀਤਾ "ਕਿ ਹੁਣ ਪਿੱਪਲ ਉਤੇ ਨਹੀਂ ਚੜ੍ਹਨਾ। ਲੋਕਾਂ ਨੂੰ ਪਤਾ ਲੱਗ ਗਿਆ ਹੈ। ਤੁਰ ਫਿਰ ਕੇ ਰਾਤ ਕੱਟਣੀ ਹੈ।"

ਸਤਿ ਬਚਨ ਕਹਿ ਕੇ ਰਾਤ ਤੁਰ ਫਿਰ ਕੇ ਲੰਘਾਉਣ ਲੱਗੇ। ਇੱਕ ਰਾਤ ਤੁਰਦੇ ਤੁਰਦੇ ਇੱਕ ਚੁਰਸਤੇ ਤੇ ਪਹੁੰਚ ਗਏ। ਉਥੇ ਇੱਕ ਜਨਾਨੀ ਔਲਾਦ ਦੀ ਖਾਤਰ ਟੂਣਾ ਆਦਿ ਕਰਨ ਲਈ ਰੋਟੀਆਂ ਪਕਾ ਰਹੀ ਸੀ। ਉਸਦਾ ਆਦਮੀ ਪਾਸ ਬੈਠਾ ਸੀ। ਆਪ ਨੇ ਜਨਾਨੀ ਨੂੰ ਭੂਤ ਸਮਝ ਕੇ ਗੁੱਤੋਂ ਫੜ ਲਿਆ। ਪਰ ਜਨਾਨੀ ਗੁੱਤ ਛੁਡਾ ਕੇ ਆਪਣੇ ਆਦਮੀ ਨਾਲ ਭੱਜ ਗਈ। ਡਰ ਦੇ ਕਾਰਨ ਉਸ ਨੂੰ ਬੁਖਾਰ ਹੋ ਗਿਆ। ਜਨਾਨੀ ਨੇ ਬਾਬਾ ਜੀ ਭੁੱਚੋ ਵਾਲਿਆਂ ਪਾਸ ਆ ਕੇ ਦੇਹ ਅਰੋਗਤਾ ਲਈ ਬੇਨਤੀ ਕੀਤੀ ਤੇ ਸਾਰੀ ਵਿਥਿਆ ਸੁਣਾਈ।

ਹਜ਼ੂਰ ਨੇ ਫੁਰਮਾਇਆ "ਕਿ ਉਹ ਤਾਂ ਮਹਾਂਪੁਰਖ ਸਨ, ਭੂਤ ਨਹੀਂ। ਪਰ ਤੁਸੀਂ ਉਥੇ ਕੀ ਕਰਦੇ ਸੀ।

"ਜੀ ਔਲਾਦ ਲਈ ਟੂਣਾ ਕਰਦੇ ਸੀ।"

ਹਜ਼ੂਰ ਨੇ ਬਚਨ ਕੀਤਾ "ਜਾਓ ਔਲਾਦ ਹੋ ਜਾਏਗੀ, ਤੁਸੀਂ ਮਹਾਂਪੁਰਖ ਦੇ ਦਰਸ਼ਨ ਕੀਤੇ ਹਨ।

ਅਗਲੇ ਹੀ ਦਿਨ ਬਾਬਾ ਜੀ ਕਲੇਰਾਂ ਵਾਲਿਆਂ ਨੂੰ ਹੁਕਮ ਕੀਤਾ "ਜਾਓ ਮਾਝੇ ਵੱਲ ਚਲੇ ਜਾਓ। ਜਿਥੇ ਜਾਓਗੇ ਨਿਰੰਕਾਰ ਤੁਹਾਡੇ ਲਈ ਸਾਰੇ ਪ੍ਰਬੰਧ ਕਰ ਦੇਵੇਗਾ। ਜਿਨ੍ਹਾਂ ਦਾ ਉਧਾਰ ਨਿਰੰਕਾਰ ਨੇ ਕਰਵਾਉਣਾ ਹੈ ਉਹ ਉਥੇ ਮੋਜੂਦ ਹੋਣਗੇ।

"ਸਤਿ ਬਚਨ" ਉਚਾਰਦੇ ਬਾਬਾ ਜੀ ਕਲੇਰਾਂ ਵਾਲੇ, ਮਾਝੇ ਵੱਲ ਨੂੰ ਚੱਲ ਪਏ ਅਤੇ ਸਿਆਲ ਪਿੰਡ ਪਹੁੰਚ ਗਏ।

**ਤੂ ਪਿਤਾ ਸਭ ਬਾਰਿਕ ਥਾਰੇ ॥ ਜਿਉ ਖੇਲਾਵਹਿ ਤਿਉ ਖੇਲਣਹਾਰੇ ॥**

ਭਗਤੀ ਭਾਵਨਾ ਦਾ ਜਗਿਆਸੂ ਆਪਣੇ ਗੁਰੂ ਪੀਰ ਦੀ ਕਥਨੀ ਨੂੰ ਸਤਿਕਾਰ ਬਖਸ਼ਦਾ ਹੈ। ਗੁਰੂ ਨੇ ਜੋ ਵੀ ਰਸਤਾ ਵਿਖਾਇਆ ਉਸ ਨੂੰ ਅਮਲੀ ਜਾਮਾ ਪਹਿਨਾਣਾ ਸ਼ਗਿਰਦ ਦਾ ਪਹਿਲਾ ਫਰਜ ਹੈ। ਦੁਨਿਆਵੀ ਪੜ੍ਹਾਈ ਦਾ ਵਿਦਿਆਰਥੀ ਆਪਣੇ ਉਸਤਾਦ ਦੇ ਦਰਸਾਏ ਨਕਸ਼ੇ ਕਦਮ ਤੇ ਚੱਲ ਕੇ ਸਫਲਤਾ ਦੀਆਂ ਪੌੜੀਆਂ ਚੜ੍ਹਦਾ ਮੰਜਿਲ ਤੱਕ ਪਹੁੰਚ ਜਾਂਦਾ ਹੈ, ਨਹੀਂ ਤਾਂ ਨਿਰਾਸਤਾ ਆ ਦਰਵਾਜਾ ਖਟਖਟਾਉਂਦੀ ਹੈ।

**ਮੰਜਲ ਮਾਹੀ ਦੀ ਔਖੀ ਘਾਟੀ ਸੰਭਲ ਸੰਭਲ ਪਗ ਧਰਨਾ ਨਾਲੇ ਡਰਨਾ**
**ਹਰ ਪਗ ਰੱਖੋ ਅਦਬ ਸਾਂਈ ਦਾ ਤਬਹੀ ਨਿਸਚੈ ਤਰਨਾ ਬਹੁਰ ਨ ਮਰਨਾ।**

*(ਗਜਲ ਭਾਈ ਨੰਦ ਲਾਲ ਜੀ)*

ਸਾਂਈ ਦਾ ਖੌਫ ਮਨ ਵਿੱਚ ਹੋਵੇ ਤਾਂ ਇਨਸਾਨ ਸਹਿਜੇ ਹੀ ਮੁਕਤੀ ਦਾ ਹੱਕਦਾਰ ਬਣ ਜਾਂਦਾ ਹੈ।

ਬਾਬਾ ਅਨੰਦ ਸਿੰਘ ਜੀ ਭੁੱਚੋ ਤੋਂ ਦੇਉਸਿਆਲ ਪਹੁੰਚ ਗਏ। ਹੁਕਮ ਅਨੁਸਾਰ ਨੀਂਦ ਨੂੰ ਕਾਬੂ ਕਰਨ ਦੀ ਨਿਰੰਤਰ ਤਪੱਸਿਆ ਚਲਦੀ ਰਹੀ। ਇੱਕ ਇਤਿਹਾਸਕ ਬੇਰੀ ਹੇਠ ਆਪਣਾ ਆਸਣ ਲਾ ਲਿਆ। ਇਸੇ ਹੀ ਪਿੰਡ ਦੇ ਦੋ ਸੰਗੀ ਸੇਵਕ ਬਣ ਕੇ ਸੇਵਾ ਵਿੱਚ ਰਹਿਣ ਲੱਗੇ ਪਹਿਲਾ ਸੇਵਕ ਸ੍ਰ. ਜੀਵਨ

ਸਿੰਘ ਜਰਗਰ ਸਿੱਖ (ਸੁਨਿਆਰਾ) ਅਮੀਰ ਆਦਮੀ ਸੀ ਦੂਜਾ ਭਾਈ ਮਹਿੰਗਾ ਸਿੰਘ ਦੁਕਾਨਦਾਰ ਸੀ। ਬੇਰੀ ਦੇ ਨਜ਼ਦੀਕ ਹੀ ਪਾਣੀ ਦਾ ਤਲਾਅ (ਛੱਪੜ) ਸੀ। ਦਿਨ ਵੇਲੇ ਬੇਰੀ ਹੇਠ ਸਮਾਧੀ ਸਥਿੱਤ ਰਹਿਣਾ ਅਤੇ ਰਾਤ ਨੂੰ ਛੱਪੜ ਵਿੱਚ ਗੱਲ ਤੱਕ ਪਾਣੀ ਵਿੱਚ ਰਹਿਣਾ। ਪੋਹ ਦੇ ਮਹੀਨੇ ਦੀ ਰਾਤ ਸੀ ਆਪ ਛੱਪੜ ਵਿੱਚ ਖੜੋ ਗਏ। ਸਰਦੀ ਨਾਲ ਤਲਾਅ ਦੇ ਉਪਰਲੇ ਪਾਣੀ ਦੀ ਸਤਹ ਬਰਫ ਬਣ ਗਈ ਬਾਬਾ ਜੀ ਦੇ ਸਿਰ ਉਪਰ ਵੀ ਬਰਫ ਜੰਮ ਗਈ। ਸਵੇਰ ਹੋਈ ਤੋਂ ਸ੍. ਜੀਵਨ ਸਿੰਘ ਬਾਬਾ ਜੀ ਦੇ ਛੱਕਣ ਲਈ ਪ੍ਰਸ਼ਾਦਾ ਲਿਆਇਆ। ਆਸਣ ਖਾਲੀ ਦੇਖ ਕੇ ਆਸੇ ਪਾਸੇ ਦੇਖਣ ਲੱਗਾ। ਇਤਨੇ ਚ ਬਾਬਾ ਜੀ ਦੇ ਸੀਸ ਦੇ ਦਰਸ਼ਨ ਹੋਏ। ਝੱਟ ਹੀ ਕੱਪੜੇ ਲਾਹ ਕੇ ਪਾਣੀ ਵਿੱਚ ਚਲਾ ਗਿਆ। ਸਰਦੀ ਨਾਲ ਸੁੰਨ ਹੋਇਆ ਸਰੀਰ ਮੋਢੇ ਉਪਰ ਚੁੱਕ ਲਿਆਇਆ। ਬਾਲਣ ਇਕੱਠਾ ਕਰਕੇ ਅੱਗ ਮਚਾਈ ਅਤੇ ਬਾਬਾ ਜੀ ਨੂੰ ਅੱਗ ਦਾ ਸੇਕ ਕੀਤਾ ਤਾਂ ਬਾਬਾ ਜੀ ਨੇ ਸਮਾਧੀ ਖੋਲੀ। ਸੰਗੀ ਇਕੱਠੇ ਹੋਣੇ ਸ਼ੁਰੂ ਹੋ ਗਏ। ਇੱਕ ਪ੍ਰੇਮੀ ਨੇ ਕਹਿ ਦਿੱਤਾ "ਮਹਾਰਾਜ ਇਹ ਮਨ ਹਠ ਗੁਰਮਤਿ ਦੇ ਵਿਰੁੱਧ ਹੈ।" ਬਾਬਾ ਜੀ ਉਤਰ ਦਿੱਤਾ "ਅਸੀਂ ਹਠ ਕਰਕੇ ਨਹੀਂ ਕਰਦੇ ਅਤੇ ਨਾ ਹੀ ਇਸ ਨਾਲ ਸਾਡੇ ਸਰੀਰ ਨੂੰ ਕਸ਼ਟ ਹੁੰਦਾ ਹੈ। ਤੁਸੀਂ ਅੱਜ ਵੇਖਿਆ ਹੈ ਸਾਡਾ ਰੋਜ ਦਾ ਹੀ ਕੰਮ ਹੈ।" ਇਸ ਤਰ੍ਹਾਂ ਸਾਲ ਦਾ ਸਮਾਂ ਪੂਰਾ ਕਰਕੇ ਨੀਂਦ ਨੂੰ ਕਾਬੂ ਕਰ ਲਿਆ। ਕਠਨ ਤਪ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ।

**ਪਹਿਲਾ ਬਾਬੇ ਪਾਇਆ ਬਖਸ਼ ਦਰ, ਪਿਛੋਂ ਦੇ ਫਿਰ ਘਾਲ ਕਮਾਈ**
**ਰੇਤ ਅਕ ਆਹਾਰ ਕਰ, ਰੋੜਾਂ ਦੀ ਗੁਰ ਕਰੀ ਵਿਛਾਈ॥**
**ਭਾਰੀ ਕਰੀ ਤਪੱਸਿਆ ਵਡੇ ਭਾਗ ਹਰਿ ਸਿਉ ਬਣਿਆਈ ॥**

*ਵਾਰ ੧-੧੪*

ਇਸੇ ਤਰ੍ਹਾਂ ਸਤਿਗੁਰ ਦਾ ਨਾਮ ਨਾਨਕ ਤਪਾ ਪ੍ਰਸਿੱਧ ਹੋਇਆ। ਗੁਰੂ ਅੰਗਦ ਸਾਹਿਬ ਦੇ ਤਪੱਸਿਆ ਅਸਥਾਨ, ਤਪ ਅਸਥਾਨ ਗੁਰਦੁਆਰਾ ਸਾਹਿਬ ਗੁਰੂ ਅਮਰ ਦਾਸ ਕਿੱਲੀ ਫੜ ਕੇ ਤਪ ਕਰਦੇ ਰਹੇ ਗੋਇੰਦਵਾਲ ਵਿੱਚ ਕਿੱਲੀ ਸਾਹਿਬ ਅਸਥਾਨ ਹੈ। ਦਸਮ ਸਤਿਗੁਰੂ ਨੇ ਪੂਰਬਲੇ ਸਮੇਂ ਦਾ ਜਿਕਰ ਕੀਤਾ ਹੈ।

**"ਤਰ ਹਮ ਅਧਿਕ ਤਪੱਸਿਆ ਸਾਧੀ"**

ਗੁਰੂ ਤੇਗ ਬਹਾਦਰ ਜੀ ਦਾ ਭੌਰਾ ਬਾਬੇ ਬਕਾਲੇ ਸਾਹਿਬ ਵਿੱਚ ਹੈ। ਇਥੇ

ਸਾਹਿਬ ਨੇ ਛੱਬੀ ਸਾਲ ਘਾਲਣਾ ਘਾਲੀ। ਬਾਬਾ ਦੀਪ ਸਿੰਘ ਜੀ ਨੇ ਕਠਿਨ ਤਪ ਕੀਤਾ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਅਤਿ ਦੀ ਤਪੱਸਿਆ ਕੀਤੀ। ਦੁਨੀਆਂ ਦੇ ਭਲੇ ਲਈ ਮਹਾਨ ਹਸਤੀਆਂ ਆਪਣੇ ਆਪ ਨੂੰ ਕਠਿਨਾਈਆਂ ਵਿੱਚ ਪਾ ਕੇ ਦੁਨੀਆਂ ਦਾ ਉਧਾਰ ਕਰਦੀਆਂ ਹਨ ਜਪੁਜੀ ਸਾਹਿਬ ਦੀ 38ਵੀ ਪਉੜੀ–

"ਜਤੁ ਪਹਾਰਾ ਧੀਰਜ ਸੁਨਿਆਰ" ਵਾਲੀ ਪਉੜੀ ਵਿੱਚ 'ਤਪ' ਦੀ ਅਗਨ ਵਰਤੋਂ ਦੀ ਲੋੜ ਬਾਣੀ ਵਿੱਚ ਦੱਸੀ ਜਾਂਦੀ ਹੈ।

ਜਪੀ, ਤਪੀ, ਹਠੀ ਸਭ ਦਾ ਨਾਮ ਅਰਦਾਸ ਵਿੱਚ ਲਿਆ ਜਾਂਦਾ ਹੈ। ਨਾਮ ਤੋਂ ਖਾਲੀ ਲੋਕ-ਵਿਖਾਵੇ ਦੇ ਸਾਧਨਾਂ ਨੂੰ ਬਾਣੀ ਵਿੱਚ ਇਉਂ ਧਰਕਾਰਿਆ ਹੈ।

**ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥**
**ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥**

*(ਗਉੜੀ ਸੁਖਮਨੀ ਮ.੫)*

ਜਿਵੇਂ ਜਿਵੇਂ ਸਰੀਰਕ ਕਸ਼ਟਾਂ ਦੀ ਕਸਵੱਟੀ ਨਾਮ ਸਿਮਰਨ ਸਮੇਂ ਲਗਦੀ ਹੈ ਉਸੇ ਤਰ੍ਹਾਂ ਆਤਮਕ ਬਲ ਵੱਧਦਾ ਹੈ।

"ਇਹ ਵਸਤੁ ਤਜੀ ਨਹ ਜਾਈ" ਕਰਨ ਵਾਲੇ "ਹੈਨ ਵਿਰਲੇ ਨਾਹੀ ਘਣੇ" ਵਾਲਾ ਬਚਨ ਹੈ।

ਅਲਪ ਅਹਾਰ ਤੇ ਕਠਿਨ ਤਪੱਸਿਆ ਬਿਨਾਂ ਨੀਂਦ ਜਿੱਤੀ ਨਹੀਂ ਜਾ ਸਕਦੀ ਸੀ। ਇਸ ਜਗ੍ਹਾ ਆਪ ਜੀ ਨੇ ਹੁਕਮ ਅਨੁਸਾਰ ਤਿੰਨ ਕਰੋੜ ਪਾਠ ਮੂਲ ਮੰਤਰ ਦਾ ਵੀ ਕੀਤਾ। ਫਿਰ ਇਥੋਂ ਆਪ ਪਰਮ ਗੁਰਦੇਵ ਬਾਬਾ ਜੀ ਮਹਾਰਾਜ ਮਹਾਂ ਹਰਿਨਾਮ ਸਿੰਘ ਜੀ ਨੂੰ ਮਿਲਣ ਲਈ ਬਿਨਾ ਦੱਸੇ ਹੀ ਭੁੱਚੋ ਨੂੰ ਚੱਲ ਪਏ।

**ਧਨੁ ਧਨੁ ਸਾਧ ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨੁ ਗੁਣ ਗਾਉ ॥**
**ਧਨੁ ਹਰਿ ਭਗਤਿ ਧਨੁ ਕਰਣੈਹਾਰ ॥ ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥**

*ਭੈਰਉ ਮ. ੫ (ਅੰਗ ੧੧੪੯)*

(ਇਸ ਪ੍ਰਸੰਗ ਦਾ ਕੁਝ ਹਿੱਸਾ ਭਾਈ ਗੁਰਦਿਆਲ ਸਿੰਘ ਰਾਗੀ ਕਲੇਰਾਂ ਵਾਲੇ ਤੋਂ ਮਿਲਿਆ ਸੀ।)

## ਝਖੜੁ ਝਾਂਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥
## ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥

ਸੱਚੇ ਨਿਹੁ ਵਾਲੇ ਇੱਕ ਦਰਿਆ ਦੇ ਵਹਿਣ ਦੀ ਤਰ੍ਹਾਂ ਨਿਰੰਤਰ ਆਪਣੀ ਮੰਜਿਲ ਵੱਲ ਦਿਨ ਰਾਤ ਤੋਂ ਬੇਖਬਰ ਚੱਲਦੇ ਹਨ। ਬੱਦਲੀ ਦਾ ਛੋਟਾ ਜਿਹਾ ਆਕਾਰ ਚਕੋਰ ਦਾ ਪਿਆਰ ਨਹੀਂ ਘਟਾ ਸਕਦਾ ਇਹ ਬੱਦਲੀ ਥੋੜੇ ਸਮੇਂ ਉਸਦੇ ਪਿਆਰੇ ਚੰਦ ਦੀ ਰੌਸ਼ਨੀ ਦੀਆਂ ਕਿਰਨਾਂ ਨੂੰ ਰੋਕ ਸਕਦੀ ਹੈ। ਦੀਪਕ ਦੀ ਲੋਅ ਨਾਲ ਭਮੱਕੜ ਖੰਭ ਸਾੜ ਲੈਂਦਾ ਹੈ ਪਰ ਸਿਦਕ ਨਹੀਂ ਛੱਡਦਾ। ਬੀਨ ਦਾ ਆਸ਼ਕ ਰੋੜਾਂ ਨਾਲ ਢਿੱਡ ਰਗੜਦਾ ਯੋਗੀ ਦੇ ਪੈਰਾਂ ਵਿੱਚ ਜਾ ਵਜਦਾ ਹੈ।

**ਸੀਨੇ ਖਿਚ ਜਿਨਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ**
**ਨਿਹੁ ਵਾਲੇ ਨੈਣਾਂ ਦੀ ਨੀਂਦਰ, ਦਿਨੇ ਰਾਤ ਪਏ ਵਹਿੰਦੇ**

ਇਕੋ ਲਗਨ ਲੱਗੀ ਲਈ ਜਾਂਦੀ ਹੈ, ਟੋਰ ਅਨੰਤ ਉਨ੍ਹਾਂ ਦੀ, ਵਸਲੋ ਉਰੇ ਮਕਾਮ ਨਾ ਕੋਈ, ਸੋ ਚਾਲ ਪਏ ਨਿਤ ਰਹਿੰਦੇ। ਬਾਬਾ ਫਰੀਦ ਜੀ ਨੇ ਸੱਚੇ ਪਿਆਰ ਦਾ ਵਰਨਣ ਕੀਤਾ ਹੈ।

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲ ਪਿਆਰੇ ਨੇਹੁ ॥**
**ਚਲਾ ਤਾ ਭਿਜੈ ਕੰਬਲੀ ਰਹਾ ਤਾ ਤੂਟੈ ਨੇਹੁ ॥**
**ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥**
**ਜਾਇ ਮਿਲਾ ਤਿਨਾ ਸਜਣਾ ਮੇਰਾ ਤੁਟਉ ਨਾਹੀ ਨੇਹੁ ॥**

ਜਿੰਨ੍ਹਾਂ ਮਹਾਂਪੁਰਖਾਂ ਨੂੰ ਪ੍ਰਮੇਸ਼ਰ ਨਾਲ ਮਿਲਾਪ ਦੀ ਤ੍ਰਿਸ਼ਨਾ ਹੋਵੇ ਉਹ ਕਦੋਂ ਆਰਾਮ ਨਾਲ ਬੈਠਦੇ ਹਨ। ਮਨ ਵਿੱਚ ਪਿਆਰੇ ਦੀ ਮਿਲਣ ਦੀ ਲਾਲਸਾ ਫੁਆਰੇ ਦੇ ਪਾਣੀ ਦੀ ਤਰ੍ਹਾਂ ਲੱਗੀ ਰਹਿੰਦੀ ਹੈ ਜੋ ਉਪਰ ਨੂੰ ਕੋਸ਼ਿਸ਼ ਕਰਦਾ ਕਰਦਾ ਕਿਰਨਾ ਦੇ ਸਹਾਰੇ ਨਾਲ ਬੱਦਲ ਵਿੱਚ ਜਾ ਮਿਲਦਾ ਹੈ। ਇਸੇ ਤਰ੍ਹਾਂ ਇਨਸਾਨ ਨੂੰ ਫੁਹਾਰੇ ਦੀ ਤਰ੍ਹਾਂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਦੇ ਕਿਰਨਾਂ ਰੂਪੀ ਮਹਾਂਪੁਰਖ ਪ੍ਰਭੂ ਦੇ ਪਿਆਰਿਆਂ ਨਾਲ ਮਿਲਾ ਦਿੰਦਾ ਹੈ।

ਅੰਧੇਰੀ ਰਾਤ ਹੈ ਘਣੇ ਜੰਗਲ ਦਾ ਰਸਤਾ ਹੈ, ਚਰਨਾ ਵਿੱਚ ਜੁਤੀ ਨਹੀਂ। ਪਿਆਰੇ ਦੇ ਮਿਲਣ, ਮੁਰਸ਼ਦ ਦੇ ਦੀਦਾਰ ਦੀ ਉਮੰਗ ਪੈਰਾਂ ਵਿੱਚ ਛੇਕ ਕਰਦੀਆਂ ਸੂਲਾਂ ਤੋਂ ਵੀ ਬੇਪਰਵਾਹ ਮੰਜਿਲ ਵੱਲ ਲਈ ਜਾ ਰਹੀ ਹੈ। ਅੰਨ ਦੇ ਸਹਾਰੇ ਵਾਲਾ ਭੁੱਖ ਤੇ ਨੀਂਦ ਤੇ ਕਾਬੂ ਪਾਉਣ ਕਰਕੇ ਨਿਰਬਲ ਹੋ ਗਿਆ। ਕੁਝ ਅਰਾਮ ਕਰਨ ਲਈ ਬੈਠ ਗਏ। ਧਿਆਨ ਨਿਰੰਤਰ ਸਿਮਰਨ ਸਦਕਾ ਸਮਾਧੀ ਲੱਗ ਗਈ। ਦਿਨ ਚੜ੍ਹਨ ਵਾਲਾ ਸੀ ਕਿ ਊਠਣੀਆਂ ਵਾਲੇ ਆ ਅਵਾਜਾਂ ਦੇਣ ਲੱਗੇ ਤਾਂ ਸਮਾਧੀ ਖੁਲ੍ਹ ਗਈ।

ਉਨ੍ਹਾਂ ਪੁਛਿਆ, "ਤੁਸੀਂ ਕੌਣ ਹੋ ਅਤੇ ਕਿਥੇ ਜਾਣਾ ਹੈ?" ਉਤਰ ਵਿੱਚ ਆਪ ਨੇ ਫਰਮਾਇਆ "ਸਟੇਸ਼ਨ ਤੇ ਪਹੁੰਚ ਕੇ ਗੱਡੀ ਫਿਰੋਜਪੁਰ ਵਾਲੀ ਚੜ੍ਹਨਾ ਹੈ।"

ਉਨ੍ਹਾਂ ਕਿਹਾ "ਬੋਤੀ ਉੱਪਰ ਬੈਠ ਜਾਓ ਅਸੀ ਸਟੇਸ਼ਨ ਤੇ ਛੱਡ ਦਿਆਂਗੇ।"

ਖੜੇ ਹੋਣ ਦੀ ਕੋਸ਼ਿਸ਼ ਕੀਤੀ ਪਰ ਅਸਮਰਥ ਰਹੇ। ਉਨ੍ਹਾਂ ਸਹਾਰਾ ਦੇ ਕੇ ਉਠਾ ਲਿਆ ਅਤੇ ਬੋਤੀ ਉਪਰ ਬਿਠਾ ਕੇ ਸਟੇਸ਼ਨ ਤੇ ਲੈ ਆਂਦਾ। ਦਿਨ ਚੜ੍ਹਿਆ ਤਾਂ ਉਨ੍ਹਾਂ ਪੈਰਾਂ ਦੀ ਹਾਲਤ ਦੇਖ ਕੇ ਕਿਹਾ "ਆਪ ਦੇ ਪੈਰ੍ਹਾਂ ਵਿਚੋਂ ਤਾਂ ਲਹੂ ਸਿਮ ਰਿਹਾ ਹੈ ਅੱਗੇ ਕਿਸ ਤਰ੍ਹਾਂ ਜਾਓਗੇ।"

ਜਿਸ ਤਰ੍ਹਾਂ ਤੁਸੀਂ ਇਥੇ ਲੈ ਆਏ ਅੱਗੇ ਵੀ ਕੋਈ ਆਪੇ ਲੈ ਜਾਏਗਾ।

ਗੱਡੀ ਇੱਕ ਘੰਟਾ ਲੇਟ ਸੀ। ਉਸ ਪ੍ਰੇਮੀ ਨੇ ਆਪ ਜੀ ਦੇ ਚਰਨ ਧੋ ਕੇ ਕੰਡੇ ਕੱਢਣੇ ਸ਼ੁਰੂ ਕਰ ਦਿੱਤੇ। ਜਿਵੇਂ ਭਗਵਾਨ ਕ੍ਰਿਸ਼ਨ ਸੁਦਾਮੇ ਦੇ ਚਰਨ ਧੋ ਰਹੇ ਹੋਣ। ਗੱਡੀ ਆਣ ਤੇ ਉਸ ਪ੍ਰੇਮੀ ਨੇ ਆਗਿਆ ਲਈ ਅਤੇ ਆਪ ਜੀ ਨੂੰ ਡੱਬੇ ਵਿੱਚ ਬਿਠਾ ਗਿਆ। ਸ਼ਾਮ ਤੱਕ ਭੁੱਚੋ ਮੰਡੀ ਦੇ ਸਟੇਸ਼ਨ ਤੇ ਪਹੁੰਚ ਗਏ। ਸਭ ਸਵਾਰੀਆਂ ਟਾਂਗਿਆਂ ਵਿੱਚ ਸਵਾਰ ਹੋ ਆਪਣੇ ਆਪਣੇ ਟਿਕਾਣਿਆਂ ਉਪਰ ਪਹੁੰਚ ਗਈਆਂ। ਪਰ ਆਪ ਸਟੇਸ਼ਨ ਤੇ ਬੈਠੇ ਰਹੇ ਕਿਉਂਕਿ ਤੁਰਨਾ ਬੜਾ ਮੁਸ਼ਕਲ ਸੀ। ਇੱਕ ਟਾਂਗੇ ਵਾਲਾ ਆਇਆ ਸਵਾਰੀ ਦੇਖ ਕੇ ਪੁਛਣ ਲੱਗਾ "ਤੁਸੀਂ ਕਿਥੇ ਜਾਣਾ ਹੈ।" ਕਲੇਰਾਂ ਵਾਲੇ ਬਾਬਾ ਜੀ ਨੇ ਬਚਨ ਕੀਤਾ "ਭੁੱਚੋ ਡੇਰਾ ਰੂੰਮੀ ਵਾਲੇ, ਮੇਰੇ ਕੋਲ ਕੋਈ ਪੈਸਾ ਨਹੀਂ ਦੇਣ ਲਈ।"

ਉਸ ਨੇ ਕਿਹਾ, "ਮੈਂ ਛੱਡ ਕੇ ਆਵਾਂਗਾ ਕੋਈ ਪੈਸਾ ਨਹੀਂ ਲਵਾਂਗਾ।

ਹਨੇਰਾ ਹੋਣ ਸਮੇਂ ਹੀ ਟਾਂਗੇ ਵਾਲਾ ਆਪ ਜੀ ਨੂੰ ਡੇਰੇ ਛੱਡ ਗਿਆ। ਸੇਵਕ ਪਾਸ ਬੇਨਤੀ ਕਰਕੇ ਬਾਬਾ ਜੀ ਨੇ ਆਪਦੇ ਆਉਣ ਦੀ ਸੂਚਨਾ ਹਜੂਰ ਬਾਬਾ ਜੀ ਭੁੱਚੋ ਵਾਲਿਆਂ ਤੱਕ ਪਹੁੰਚਾਈ। ਅੰਤਰਯਾਮੀ ਮਹਾਂਪੁਰਖ ਅੱਜ ਪ੍ਰਸ਼ਾਦਾ ਬਣ ਕੇ ਆਣ ਤੋਂ ਬਾਅਦ ਸ਼ੁਰੂ ਕਰਨ ਦੀ ਆਗਿਆ ਨਹੀਂ ਦੇ ਰਹੇ ਸਨ। ਬਚਨ ਕਰਦੇ ਸਨ ਕਿ ਸਾਡਾ ਬੰਦਾ ਅਜੇ ਨਹੀਂ ਆਇਆ।

ਸੇਵਕ ਪਾਸੋ ਬਾਬਾ ਅਨੰਦ ਸਿੰਘ ਜੀ ਦਾ ਨਾਮ ਸੁਣ ਕੇ ਝੱਟ ਖੁਸ਼ੀ ਨਾਲ ਖੜ੍ਹੇ ਹੋ ਗਏ। ਹਜੂਰ ਨੇ ਬਚਨ ਕੀਤਾ "ਲਿਆਓ ਛੇਤੀ ਅਨੰਦ ਸਿੰਘ ਕਿੱਥੇ ਹੈ ?"

ਬਾਬਾ ਅਨੰਦ ਸਿੰਘ ਜੀ ਆਸਣ ਕੋਲ ਪਹੁੰਚ ਗਏ। ਮੱਥਾ ਟੇਕਿਆ ਪਰ ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਨੇ ਪਿਛੇ ਦੀ ਹੋ ਕੇ ਆਪ ਜੀ ਦੇ ਚਰਨੀ ਹੱਥ ਲਾ ਦਿੱਤਾ। ਬਾਬਾ ਅਨੰਦ ਸਿੰਘ ਜੀ ਵੈਰਾਗ ਵਿੱਚ ਆ ਗਏ ਅਤੇ ਬੇਨਤੀ ਕੀਤੀ, "ਗਰੀਬ ਨਿਵਾਜ! ਤੁਸੀਂ ਇਹ ਕੀ ਕੀਤਾ ? ਹੱਸ ਕੇ ਭੁੱਚੋ ਵਾਲੇ ਅੱਗੋ ਬੋਲੇ" ਜਦ ਕੰਡੇ ਕਢਵਾਏ ਅਤੇ ਪੱਟੀਆਂ ਬਨਵਾਈਆਂ ਸਨ। ਪੈਰ ਅੱਗੇ ਕਰ ਦਿੱਤੇ ਸਨ। ਚੁੱਕ ਕੇ ਗੱਡੀ ਵਿੱਚ ਚੜ੍ਹਾਇਆ। ਟਾਂਗੇ ਤੇ ਬਿਠਾ ਕੇ ਇਥੋਂ ਤੱਕ ਲੈ ਕੇ ਆਏ। ਹੁਣ ਕੀ ਹੋ ਗਿਆ ਜੇ ਹੱਥ ਲਾ ਦਿੱਤਾ ਚੁੱਪ ਕਰ ਜਾਓ। ਇਨ੍ਹਾਂ ਕੁਝ ਤੈਨੂੰ ਦੇ ਦਿੱਤਾ ਹੈ। ਹੋਰ ਲੈਣ ਲਈ ਜਗ੍ਹਾ ਬਣਾਈ ਜਾ ਰਹੇ ਹੋ। ਫਿਰ ਉਹ ਜਗ੍ਹਾ ਵੀ ਤਾਂ ਭਰਨੀ ਹੋਈ। ਅਸੀਂ ਸਭ ਕੁਝ ਬਖਸ਼ਸ਼ ਕਰਨ ਲਈ ਤਿਆਰ ਹਾਂ ਤੁਸੀਂ ਫਿਰ ਕਿਉਂ ਰੋਵੋ।

ਸੇਵਕ ਨੂੰ ਹਜੂਰ ਨੇ ਹੁਕਮ ਕੀਤਾ, "ਰਿਖੀ ਜੀ ਨੂੰ ਲੰਗਰ ਵਿੱਚ ਲੈ ਜਾਓ ਪਰਸ਼ਾਦਾ ਛਕਾਓ।"

ਹੁਕਮ ਅਨੁਸਾਰ ਸਾਰੀ ਸੰਗਤ ਨੇ ਪ੍ਰਸ਼ਾਦਾ ਛਕਿਆ ਅਤੇ ਤਾਕੀਦ ਕੀਤੀ ਗਈ ਜਗ੍ਹਾ ਉਪਰ ਆਸਣ ਲਗਾ ਲਏ।

(ਇਹ ਬਚਨ ਬਾਬਾ ਅਨੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਲੇਖਕ ਦੇ ਪਿਤਾ ਜੀ ਨੇ ਸੁਣੇ ਸਨ।)

## ਸੰਤ ਜਨਾ ਮਿਲਿ ਹਰਿ ਰਸੁ ਪਾਇਆ
## ਹਰਿ ਮਨਿ ਤਨਿ ਮੀਠ ਲਗਾਨੀ ॥

ਪੂਰਨ ਮਹਾਂਪੁਰਖ ਦੀ ਅਪਾਰ ਕ੍ਰਿਪਾ ਦ੍ਰਿਸ਼ਟੀ ਦੇ ਪ੍ਰਭਾਵ ਨਾਲ ਆਤਮਾ ਪਰਮਆਤਮਾ ਬਣ ਜਾਂਦੀ ਹੈ। ਸੰਤ ਮਿਲਾਪ ਦਾ ਇੱਕ ਪਲ ਬੁਤ ਤੇ ਰੂਹ ਦੇ ਸੰਗਮ ਦੀ ਕਿਰਿਆ ਦੇ ਸਵਾਸਾਂ ਦੀ ਉਸ ਘੜੀ ਨੂੰ ਸਫਲ ਬਣਾ ਦਿੰਦਾ ਹੈ। ਸੁਆਰਥੀ ਇਨਸਾਨ ਆਵਾਗਮਨ ਦੇ ਚੱਕਰ ਤੋਂ ਮੁਕਤੀ ਪਾਉਣ ਦੀ ਲਾਲਸਾ ਨਹੀਂ ਰੱਖਦਾ। ਮੁਕਤੀ ਮਾਰਗ ਗ੍ਰਹਿਣ ਕਰ ਚੁੱਕੇ ਮਹਾਂਪੁਰਖ ਹੀ ਪ੍ਰਭੂ ਦੀ ਹੋਂਦ ਨੂੰ ਦਰਸਾਉਂਦੇ ਹਨ। ਆਸਤਕ ਮਨ ਇਹ ਮਾਰਗ ਦੀ ਭਾਲ ਕਰਨ ਲਈ ਮੁਰਸ਼ਦ ਦਾ ਆਸਰਾ ਲੈ ਕੇ ਆਦਰਸ਼ ਜੀਵਨ ਅਖਤਿਆਰ ਕਰਦਾ ਹੈ। ਸੱਚੇ ਨਿਹੁ ਵਾਲੇ ਤਾਂ ਪਹਿਲਾਂ ਤੋਂ ਹੀ ਮਾਰਗ ਦਾ ਪੰਧ ਮੁਕਾ ਕੇ ਮੰਜਿਲ ਦੀ ਤਲਾਸ਼ ਵਿੱਚ ਹੁੰਦੇ ਹਨ, ਓਨਾ ਨੂੰ ਲੋੜ ਹੁੰਦੀ ਹੈ ਜੋਤ ਦੀ, ਜੋ ਪਰਮਜੋਤ ਨਾਲ ਮਿਲਾਪ ਕਰਾਵੇ। ਇਹ ਜੋਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਸਨ ਜੋ ਬਾਬਾ ਅਨੰਦ ਸਿੰਘ ਜੀ ਨੂੰ ਪਰਮਜੋਤ ਨਾਲ ਅਭੇਦ ਕਰ ਰਹੇ ਸਨ।

ਸਵੇਰ ਹੋਈ ਬਾਬਾ ਜੀ ਮਹਾਰਾਜ ਨੇ ਸੰਗਤ ਨੂੰ ਬੁਲਾਇਆ। ਜਿਨ੍ਹਾਂ ਨੇ ਆਪਣੇ ਘਰ ਵਾਪਿਸ ਜਾਣਾ ਸੀ ਆਗਿਆ ਦੇ ਦਿੱਤੀ ਸੇਵਾਦਾਰਾ ਨੂੰ ਸੇਵਾ ਸਮਝਾ ਕੇ ਸ਼ਾਮ ਤੱਕ ਟਿੱਲੇ ਉਪਰ ਨਹੀਂ ਆਉਣ ਦੀ ਤਾਕੀਦ ਕਰ ਦਿੱਤੀ। ਨੀਲਾ ਸਿੰਘ ਨੂੰ ਹੁਕਮ ਦੇ ਕੇ ਬਾਬਾ ਅਨੰਦ ਸਿੰਘ ਜੀ ਨੂੰ ਉਪਰ ਬੁਲਾ ਲਿਆ।

ਹਜੂਰ ਨੇ ਬਾਬਾ ਜੀ ਕਲੇਰਾਂ ਵਾਲਿਆਂ ਨੂੰ ਸ਼ੁਰੂ ਤੋਂ ਅੱਜ ਤੱਕ ਦੇ ਨਾਮ ਸਿਮਰਨ ਬਾਰੇ ਪੁੱਛਿਆ। ਬਾਬਾ ਜੀ ਨੇ ਹੁਕਮ ਅਨੁਸਾਰ ਸਾਰੀ ਵਿਥਿਆ ਸੁਣਾਈ। (ਬਾਬਾ ਜੀ ਨੇ ਆਪਣੀ ਜਬਾਨੀ ਭਾਈ ਡਰੋਲੀ ਨੂੰ ਦੱਸਿਆ "ਕਿ ਸਾਨੂੰ ਕੁਝ ਵੀ ਯਾਦ ਨਹੀਂ ਸੀ ਪਰ ਜਦੋਂ ਸੁਨਾਉਣ ਦਾ ਹੁਕਮ ਹੋਇਆ ਸਭ ਯਾਦ ਆ ਗਿਆ।) ਸੁਣਦੇ ਸੁਣਦੇ ਗੰਭੀਰ ਹੋ ਜਾਂਦੇ ਜਿਸ ਤਰ੍ਹਾਂ ਕਿਧਰੇ ਚਲੇ ਜਾਂਦੇ ਸਨ)।

ਸੁਨਣ ਤੋਂ ਬਾਅਦ ਆਪ ਜੀ ਨੇ ਬਚਨ ਕੀਤਾ "ਸ਼ੁਧ ਹੈ" "ਹੁਣ ਸਾਨੂੰ ਇੱਕ ਸੰਪਟ ਪਾਠ ਸੁਣਾਓ।"

ਬਾਬਾ ਜੀ ਨੇ ਉੱਤਰ ਦਿੱਤਾ "ਗਰੀਬ ਨਿਵਾਜ! ਡੇਰੇ ਵਿੱਚ ਜਗ੍ਹਾ ਘੱਟ ਹੈ।"

ਹੁਕਮ ਹੋਇਆ, "ਕਿਸੇ ਜਗ੍ਹਾ ਬਾਹਰ ਕਰ ਲਵੋ। ਜਿਥੇ ਉਜਾੜ ਹੋਵੇ, ਜਿੱਥੇ ਦੋ ਸੇਵਾਦਾਰ ਜਾ ਸਕਣ।"

"ਹਜ਼ੂਰ ! ਹੜੱਪਾ ਨਾਮ ਦੀ ਇੱਕ ਜਗਾ ਸੰਘਣੇ ਜੰਗਲ ਵਿੱਚ ਹੈ। ਪਰ ਆਪ ਉਥੇ ਪਾਠ ਕਿਸ ਤਰ੍ਹਾਂ ਸੁਣੋਗੇ।"

"ਅਸੀਂ ਆਪੇ ਸੁਣ ਆਇਆ ਕਰਾਂਗੇ। ਤੁਸੀਂ ਸ਼ੁਰੂ ਕਰੋ।"

ਹਜ਼ੂਰ ਦਾ ਬਚਨ ਸੀ। ਫਿਰ ਭੁੱਚੋ ਵਾਲਿਆਂ ਨੇ ਬਚਨ ਕੀਤਾ। "ਪੰਗਤੀ ਪੰਗਤੀ ਤੇ ਦੂਹਰਾ" (ਭਾਵ ਦੋਵੇ ਪਾਸੇ 1 ਮੂਲ ਮੰਤ੍ਰ ਇੱਕ ਸ਼ਬਦ ਹੋਰ ਧਨਾਸਰੀ ਮ.5) ਪੰਗਤੀਆਂ ਵਿੱਚ ਜਿਥੇ ਡੰਡੀਆਂ ਹਨ ਉਥੇ "ਸਤਿਨਾਮ ਸ੍ਰੀ ਵਾਹਿਗੁਰੂ ਉਚਾਰਨਾ ਹੈ। ਜਿਥੇ ਸਤਿਗੁਰਾਂ ਦੀ ਬਾਣੀ ਵੱਖੋ ਵੱਖਰੀ ਸ਼ੁਰੂ ਹੋਵੇ ਜਾਂ ਭਗਤਾਂ ਦੀ ਬਾਣੀ ਆਰੰਭ ਹੋਵੇ ਉਥੇ ਤਾਬਿਆਂ ਵਿੱਚ ਬੈਠਿਆਂ ਹੀ ਸੂਖਮ ਅਰਦਾਸ ਕਰਨੀ ਹੈ। ਸਵੇਰੇ ਅਤੇ ਸ਼ਾਮ ਨੂੰ ਪਿਛਲੇ ਪਹਿਰ ਦੋ ਵੇਲੇ ਪਾਠ ਕਰਨਾ ਹੈ। ਇਸ ਸਮੇਂ ਚੱਲ ਰਿਹਾ ਨਿਤਨੇਮ ਵੀ ਬਰਕਰਾਰ ਰੱਖਣਾ ਹੈ।"

ਬਾਬਾ ਜੀ ਅਨੰਦ ਸਿੰਘ ਜੀ ਨੇ ਬੇਨਤੀ ਕੀਤੀ "ਗਰੀਬ ਨਿਵਾਜ! ਅਰਦਾਸ ਤਾਂ ਖੜੇ ਹੋ ਕੇ ਕਰੀਦੀ ਹੈ। ਬੈਠ ਕੇ ਕਰਨ ਦੀ ਮਰਿਆਦਾ ਠੀਕ ਹੈ। ਸੰਪਟ ਪਾਠ ਸਮੇਂ ਰੁਮਾਲ ਪਾ ਕੇ ਛੋਟੀ ਅਰਦਾਸ ਦਸ ਪਾਤਸ਼ਾਹੀਆਂ ਦੇ ਨਾਮ ਲੈ ਕੇ ਕਰਦੇ ਰਹੇ ਹਾਂ।"

ਹੁਕਮ ਹੋਇਆ "ਸੂਖਮ ਅਰਦਾਸ ਇੱਕ ਹੋਰ ਹੈ ਜੋ ਗੁਰੂ ਨਾਨਕ ਪਾਤਸ਼ਾਹ ਸਮੇਂ ਹੋਇਆ ਕਰਦੀ ਸੀ। ਉਹ ਇਹ ਹੈ" ਸਤਿ ਸ੍ਰੀ ਅਕਾਲ ਪੁਰਖ ਜੀ ਕਾ ਧਿਆਨ ਧਰ ਕੇ ਬੋਲੋ ਜੀ ਸ੍ਰੀ ਵਾਹਿਗੁਰੂ! ਹੇ! ਅਕਾਲ ਪੁਰਖ ਅੰਤਰਜਾਮੀ ਸੱਚੇ ਪਾਤਸ਼ਾਹ ਜੀ ਆਪ ਦੇ ਹਜ਼ੂਰ (ਜਿਸ ਬਾਣੀ ਦਾ ਪਾਠ ਹੋਵੇ ਉਸ ਦਾ ਨਾਮ ਲੈ ਕੇ) ਪਾਠ ਜੀ ਕੀ ਅਰਦਾਸ ਭੁੱਲ ਚੁੱਕ ਮਾਫ ਤੇਰੇ ਚਰਨ ਕਮਲਾਂ ਪਾਸ, ਪੜ੍ਹਦੇ ਸੁਣਦੇ ਸ੍ਰਬਤ ਲਾਹੇਵੰਦ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ

ਦਾ ਭਲਾ। ਉਸ ਸਮੇਂ ਪਹਿਲੇ ਪਾਤਸ਼ਾਹ ਆਪਣਾ ਨਾਮ ਨਹੀਂ ਲਿਆ ਕਰਦੇ ਸਨ। ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨੇ "ਗੁਰੂ ਨਾਨਕ ਨਾਮ ਦੀ ਮਰਿਆਦਾ ਚਲਾਈ। ਅੱਗੇ ਪਿਛਲੇ ਗੁਰੂਆਂ ਦਾ ਨਾਮ ਲੈ ਕੇ ਅਰਦਾਸ ਬਣਦੀ ਗਈ। ਤੁਸੀਂ ਸਿਰਫ ਪਹਿਲੇ ਪਾਤਸ਼ਾਹ ਦੇ ਨਾਮ ਨਾਲ ਅਰਦਾਸ ਕਰਨੀ ਹੈ।"

ਬਾਬਾ ਜੀ ਨੇ ਬੇਨਤੀ ਕੀਤੀ "ਮਹਾਰਾਜ! ਜੇ ਨਾਨਕ ਪਾਤਸ਼ਾਹ ਨੇ ਆਪਣਾ ਨਾਮ ਨਹੀਂ ਪਾਇਆ ਤਾਂ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਵਿੱਚ ਨਾਨਕ ਦਾ ਕੀ ਭਾਵ ਹੈ।"

"ਨਾਨਕ ਪਦ ਦਾ ਅਰਥ ਕੇਵਲ ਪਹਿਲੇ ਸਤਿਗੁਰੂ ਹੀ ਨਹੀਂ ਇਥੇ ਭਾਵ ਜਨਮ ਮਰਨ ਦੁਖ ਸੁਖ ਤੋਂ ਰਹਿਤ ਹੈ।" ਇਸ ਤਰ੍ਹਾਂ ਹਜੂਰ ਨੇ ਮਰਿਆਦਾ ਸਮਝਾਈ।

ਸਾਰੀ ਬਾਣੀ ਵਿੱਚ ਸਾਰੀਆਂ ਬਾਣੀਆਂ ਉਚਾਰਣ ਕਰਨ ਵਾਲੀਆਂ ਪਾਤਸ਼ਾਹੀਆਂ ਨੇ "ਨਾਨਕ" ਪਦ ਹੀ ਵਰਤਿਆ ਹੈ। ਤਿੰਨ ਤਰ੍ਹਾਂ ਲਿਖਿਆ ਹੈ ਨਾਨਕ, ਨਾਨਕਿ, ਨਾਨਕੁ।

ਰਾਮਕਲੀ ਰਾਗ ਅਨੰਦ ਸਾਹਿਬ ਦੀਆਂ 39 ਪੌੜੀਆਂ ਵਿੱਚ ਨਾਨਕੁ ਉਚਾਰਿਆ ਹੈ।

**ਸਾਧ ਸੰਗਿ ਨਾਨਕਿ ਰੰਗੁ ਮਾਣਿਆ॥ ਘਰਿ ਆਇਆ ਪੂਰੇ ਗੁਰਿ ਆਣਿਆ॥**

*ਬਿਲਾਵਲੁ ਮ. ੫ ਅੰਗ ੮੦੬*

**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥**

*ਰਾਮਕਲੀ ਮ.੩ (ਅਨੰਦ) ਅੰਗ ੯੧੭*

ਇਕ ਟੂਕ ਮਾਤ੍ਰ ਬਾਣੀ ਦੇ ਪ੍ਰਮਾਣ ਦਿੱਤੇ ਹਨ। ਜੇ ਕੋਈ ਸ਼ੰਕਾ ਕਰੇ ਕਿ ਬਾਕੀ ਸਤਿਗੁਰਾਂ ਦੇ ਨਾਮ ਨਾ ਉਚਾਰਨੇ ਮਨ ਮੱਤ ਹੈ। ਇਹ ਮਨ ਮੱਤ ਨਹੀਂ ਗੁਰਮੱਤ ਹੈ। ਅਰਦਾਸ ਦੇ ਸਮੇਂ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਸਿਰਫ ਇਕੋ ਹੀ ਨਾਮ ਹੈ। ਜੋ ਆਦਿ ਸਤਿਗੁਰਾਂ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਪ੍ਰਚੱਲਤ ਹੈ। ਹੁਣ ਕਈ ਪ੍ਰੇਮੀ ਨਾਨਕ ਨਾਮ ਸ੍ਰੀ ਗੋਬਿੰਦ ਸਿੰਘ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਲੈ ਕੇ ਸਮਾਪਤੀ ਕਰਦੇ ਹਨ। ਪਰ ਪੁਰਾਤਨ ਮਰਿਆਦਾ ਅਨੁਸਾਰ ਇੱਕ ਹੀ ਨਾਮ ਹੈ। ਇਸ ਮਰਿਆਦਾ ਨੂੰ ਛੱਡ ਕੇ ਆਪਣੀ ਮੱਤ ਬਰਤਨ ਤੋਂ ਗੁਰੂ ਸੁਮੱਤ ਬਖਸ਼ੇ।

ਇਸ ਤਰ੍ਹਾਂ ਪਾਠ ਦੀ ਸਾਰੀ ਮਰਿਆਦਾ ਸਮਝਾ ਕੇ ਅਤੇ ਆਪ ਪਾਠ ਸੁਨਣ ਦਾ ਬਚਨ ਕਰਕੇ ਬਾਬਾ ਜੀ ਮਹਾਰਾਜ ਨੇ ਕਲੇਰਾਂ ਵਾਲੇ ਬਾਬਾ ਜੀ ਨੂੰ ਅਗਲੀ ਸਵੇਰ ਚਲੇ ਜਾਣ ਦੀ ਆਗਿਆ ਬਖਸ਼ੀ।

(ਇਹ ਬਚਨ ਭਾਈ ਡਰੋਲੀ ਲੇਖਕ ਦੇ ਪਿਤਾ ਜੀ ਦੇ ਜਬਾਨੀ ਸੁਣੇ।)

## ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥
## ਆਪਿ ਮਿਲਾਇ ਲਏ ਪ੍ਰਭੁ ਸੋਇ ॥

ਆਦਰਸ਼ ਜੀਵਨ ਦੇ ਸੁਖ ਦੀ ਕਲਪਨਾ ਕਰਨ ਵਾਲੇ ਪ੍ਰਭੂ ਦੀ ਸਰਨ ਵਿੱਚ ਆਉਂਦੇ ਹਨ। ਇਸ ਅਨੰਦਮਈ ਜੀਵਨ ਦੀ ਜੁਗਤੀ ਪਾਉਣ ਲਈ ਮਹਾਂਪੁਰਖ ਦੀ ਚਰਨ ਸ਼ਰਨ ਆਉਂਦੇ ਹਨ। ਦੁਨਿਆਵੀ ਸੁਖ ਤਿਆਗ ਕੇ ਸੱਚੇ ਸੁਖ ਦਾ ਆਨੰਦ ਮਾਨਣ ਵਾਲੇ ਪ੍ਰਭ ਨਾਲ ਮਿਲਾਪ ਕਰਨ ਲਈ ਉਸ ਦਾ ਸਿਮਰਨ ਕਰਦੇ ਹੋਏ ਸਦਾ ਸੁੱਖ ਦਾ ਮਾਰਗ ਅਪਨਾਉਂਦੇ ਹਨ।

ਮਨਦਾਦੂ ਪਿੰਡ ਦੇ ਵਾਸੀ ਸ. ਭੰਗਾ ਸਿੰਘ ਅਤੇ ਮਾਤਾ ਕਿਸ਼ਨ ਕੌਰ ਦੇ ਘਰ ਕੰਨਿਆ ਬੀਬੀ ਸਾਹਿਬ ਕੌਰ ਨੇ ਜਨਮ ਲਿਆ। ਛੋਟੀ ਉਮਰ ਵਿੱਚ ਮਾਤਾ ਕਿਸ਼ਨ ਕੌਰ ਜੀ ਅਕਾਲ ਚਲਾਣਾ ਕਰ ਗਏ। ਪਿਤਾ ਜੀ ਨੇ ਦੂਸਰੀ ਸ਼ਾਦੀ ਕਰਵਾ ਲਈ ਤਾਂ ਬੀਬੀ ਦੀ ਪਾਲਣਾ ਉਨ੍ਹਾਂ ਦੀ ਦਾਦੀ ਨੇ ਕੀਤੀ। ਬੀਬੀ ਜੀ ਦਾ ਜਨਮ ਅਸਥਾਨ ਪਿੰਡ ਪੂਹਲਾ (ਭੁੱਚੋ ਤੋਂ 6 ਕਿਲੋਮੀਟਰ ਹੈ) ਦੇ ਸ. ਭਾਗ ਸਿੰਘ (ਬੀਬੀ ਦੇ ਨਾਨਾ ਜੀ) ਪੱਤੀ ਧਜੇ ਕੇ ਦਾ ਸੀ। ਆਪ ਜੀ ਦੀ ਨਾਨੀ ਮਾਈ ਕੌਰ ਜੀ ਜੋ ਬਾਬਾ ਜੀ ਦੇ ਦਰਸ਼ਨ ਕਰਨ ਨਹੀਂ ਆਇਆ ਕਰਦੀ ਸੀ। ਸੰਸਾਰੀ ਪਦਾਰਥਾਂ ਨਾਲ ਭਰਪੂਰ, ਸਾਰੇ ਸੁਖ ਪ੍ਰਾਪਤ ਕਰਨ ਵਾਲਾ ਪ੍ਰਵਾਰ ਪਰ ਸਤਸੰਗ ਦੀ ਕੋਈ ਲਗਨ ਨਹੀਂ। ਇਹੋ ਜਿਹੇ ਪਰਿਵਾਰ ਵਿੱਚ ਜਨਮ ਹੋਇਆ "ਕਲਰ ਕੰਵਲ ਭਗਤ ਪ੍ਰਹਿਲਾਦ" ਪ੍ਰੰਤੂ ਬਾਬਾ ਜੀ ਦੀ ਕ੍ਰਿਪਾ ਸਦਕਾ ਸੰਸਾਰ ਵਿੱਚ ਇਸ ਤਰ੍ਹਾ ਰਹੇ ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ।

ਬੀਬੀ ਆਪਣੇ ਮਾਮਾ ਜੀ ਦੇ ਲੜਕੇ ਦੀ ਸ਼ਾਦੀ ਵਿੱਚ ਪੂਹਲੇ ਆਏ ਸਨ। ਰਾਤ ਨੂੰ ਅਚਾਨਕ ਆਪ ਮੰਜੇ ਉਪਰੋ ਡਿੱਗ ਪਏ। ਘਰ ਦੇ ਰਿਸ਼ਤੇਦਾਰਾ ਨੇ

ਸਮਝਿਆ ਕਿ ਗਰਮੀ ਦਾ ਧੱਕਾ ਲੱਗ ਗਿਆ ਹੋਵੇਗਾ। ਸਿਰ ਵਿੱਚ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ। ਪਰ ਪਾਣੀ ਨਾਲ ਕੋਈ ਆਰਾਮ ਨਾ ਆਇਆ। ਬੀਬੀ ਜੀ ਨੇ ਕਿਹਾ ਪਾਣੀ ਨਾ ਪਾਓ ਮੈਨੂੰ ਕੋਈ ਬਿਮਾਰੀ ਨਹੀਂ। ਆਖਿਰ ਇੱਕ ਮਾਈ ਹਰਿਨਾਮ ਕੋਰ ਪੂਹਲੇ ਵਿੱਚ ਸੀ ਉਸਨੂੰ ਬੁਲਾਇਆ। ਉਸੇ ਸਮੇਂ ਹੀ ਬੀਬੀ ਠੀਕ ਹੋ ਗਈ। ਇਸ ਚਮਤਕਾਰ ਤੋਂ ਹੈਰਾਨ ਹੋ ਕੇ ਸਭ ਨੇ ਮਾਈ ਤੋਂ ਪੁਛਿਆ "ਕਿ ਅਰਾਮ ਕਿਸ ਤਰ੍ਹਾਂ ਆਇਆ।" ਮਾਈ ਦਾ ਉੱਤਰ ਸੀ ਕਿ ਮੈਨੂੰ ਕੋਈ ਪਤਾ ਨਹੀਂ ਜੇ ਤੁਸੀਂ ਪਤਾ ਹੀ ਕਰਨਾ ਹੈ ਤਾਂ ਬਾਬਾ ਜੀ ਰੂੰਮੀ ਵਾਲਿਆਂ ਕੋਲ ਭੁੱਚੋ ਚਲੇ ਜਾਓ।

ਅਗਲੇ ਦਿਨ ਮਾਈ ਨੂੰ ਨਾਲ ਲੈ ਕੇ ਕੁਝ ਮਾਈਆਂ ਤੇ ਬੀਬੀ ਸਾਹਿਬ ਕੌਰ ਇੱਕ ਟਾਂਗੇ ਵਿੱਚ ਸਵਾਰ ਹੋ ਕੇ ਭੁੱਚੋ ਨੂੰ ਬਾਬਾ ਜੀ ਦੇ ਦਰਸ਼ਨਾਂ ਲਈ ਚੱਲ ਪਏ। ਇਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਦਿੱਲੀ ਦੀ ਕੁਝ ਸੰਗਤ ਬਾਬਾ ਜੀ ਦੇ ਦਰਸ਼ਨਾਂ ਲਈ ਬੈਠੇ ਸਨ ਪਰ ਆਗਿਆ ਨਹੀਂ ਮਿਲਦੀ ਸੀ। ਸੇਵਕ ਨੂੰ ਭੇਜ ਕੇ ਬਾਬਾ ਜੀ ਨੇ ਹੁਕਮ ਕੀਤਾ ਕਿ "ਜੇ ਦਰਸ਼ਨ ਕਰਨੇ ਹਨ ਤਾਂ ਕੰਨਿਆ ਜੋ ਸੰਤ ਰੂਪ ਹੈ, ਇਥੇ ਆ ਰਹੀ ਹੈ ਉਸ ਦੇ ਦਰਸ਼ਨ ਪਹਿਲਾ ਕਰੋ ਅਤੇ ਉਸ ਨੂੰ ਸਤਿਕਾਰ ਸਹਿਤ ਇਥੇ ਲੈ ਕੇ ਆਓ।"

ਬੀਬੀ ਦਾ ਹੁਲੀਆ ਪੁੱਛ ਕੇ ਸੰਗਤ ਸੜਕ ਉਪਰ ਚਲੀ ਗਈ। ਕੁਝ ਚਿਰ ਬਾਅਦ ਬੀਬੀ ਤੇ ਮਾਈਆਂ ਟਾਂਗੇ ਵਿਚੋਂ ਉਤਰ ਕੇ ਆ ਰਹੀਆਂ ਸਨ। ਸੰਗਤ ਨੇ ਦੱਸਣ ਮੁਤਾਬਕ ਬੀਬੀ ਦੀ ਪਛਾਣ ਕਰ ਲਈ ਤੇ ਨਮਸਕਾਰ ਕਰਨ ਲੱਗੇ। ਪਰ ਬੀਬੀ ਮੱਥਾ ਟਿਕਾਉਣ ਤੋਂ ਪਰਹੇਜ ਕਰਦੇ ਰਹੇ। ਟਿੱਲਾ ਸਾਹਿਬ ਦੇ ਨੇੜੇ ਪਹੁੰਚ ਕੇ ਆਗਿਆ ਮੰਗੀ ਤਾਂ ਹੁਕਮ ਹਜੂਰ ਦਾ ਹੋਇਆ "ਕੰਨਿਆ ਨੂੰ ਹਾਜਰ ਕਰੋ। ਸਭ ਤੋਂ ਅੱਗੇ ਆਵੇ ਸੰਗਤ ਦੇ।" ਬੀਬੀ ਅਤੇ ਸੰਗਤ ਨੇ ਮੱਥਾ ਟੇਕਿਆ ਤੇ ਬੈਠ ਗਏ। ਹਜੂਰ ਬਾਬਾ ਜੀ ਨੇ ਬੀਬੀ ਨੂੰ ਆਸਣ ਕੋਲ ਬੁਲਾਇਆ ਅਤੇ ਸਿਰ ਉਪਰ ਹੱਥ ਰੱਖ ਕੇ ਮੂਲ ਮੰਤਰ ਦੇ ਸਿਮਰਣ ਦਾ ਉਪਦੇਸ਼ ਦਿੱਤਾ। ਅੱਗੇ ਅੱਗੇ ਆਪ ਪੜ੍ਹਦੇ ਰਹੇ ਪਿਛੇ ਬੀਬੀ ਪੜ੍ਹਦੀ ਰਹੀ। ਫਿਰ ਹੁਕਮ ਹੋਇਆ ਇਸ ਨੂੰ ਹਰ ਵੇਲੇ ਪੜ੍ਹਨਾ ਹੈ ਭੁੱਲਣਾ ਨਹੀਂ।

**"ਮਨਹੁ ਨ ਨਾਮੁ ਵਿਸਾਰਿ ਅਹਿਨਿਸ ਧਿਆਈਐ।"**

ਬਚਨ ਹੋਇਆ "ਤੂੰ ਸਾਡੀ ਕੰਨਿਆ ਹੈ ਕਈ ਜਨਮ ਤੇਰਾ ਵਿਛੋੜਾ

ਪਿਆ ਸੀ। ਤੇਰੇ ਜਨਮ ਸਿਮਰਨ ਵਿੱਚ ਬੀਤੇ ਹਨ। ਇਹ ਜੀਵਨ ਵੀ ਇਸੇ ਤਰ੍ਹਾਂ ਬਤੀਤ ਕਰਨਾ ਹੈ। ਹੁਣ ਵਿਛੋੜਾ ਨਹੀਂ ਪਵੇਗਾ।"

ਦਰਸ਼ਨ ਕਰਨ ਸਮੇਂ ਬੀਬੀ ਦੀ ਆਯੂ ਛੱਬੀ ਸਾਲ ਦੀ ਸੀ ਬਾਕੀ ਸਾਰੀ ਉਮਰ ਨਾਮ ਜਪਣ ਵਿੱਚ ਬਿਤਾਈ। ਇਹ ਜਨਮ ਤੁਮਾਰੇ ਲੇਖੇ ਵਾਲੀ ਪੰਗਤੀ ਸਚ ਕਰ ਵਿਖਾਈ। ਇਹ ਸਾਰੀ ਕ੍ਰਿਪਾ ਪੂਰਨ ਪੁਰਖ ਸ੍ਰਬ ਉਪਮਾਯੋਗ ਬਾਬਾ ਮਹਾਂਹਰਿਨਾਮ ਸਿੰਘ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੋਈ। ਜਿਵੇਂ ਸਾਹਿਬ ਨੇ ਫੁਰਮਾਇਆ ਹੈ.

**"ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ"**

ਨਾਮ ਸਿਮਰਨ ਦੀ ਜੁਗਤੀ ਦੱਸ ਕੇ ਬੀਬੀ ਨੂੰ ਆਗਿਆ ਮਿਲ ਗਈ। ਇਸ ਉਪਰੰਤ ਕਦੇ ਕਦੇ ਚਿੱਠੀ ਪਾ ਕੇ ਜਾਂ ਸੇਵਕ ਭੇਜ ਕੇ ਬੁਲਾ ਲੈਂਦੇ ਸਨ।

**"ਦਰਸ਼ਨ ਦੇਖਤੁ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ"**

*ਸਾਰੰਗ ਮ ੧, ਅੰਗ ੧੯੭*

**ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ**
**ਅਲਿ ਮਕਰੰਦ ਕਮਲ ਜਿਉ ॥ ਅਨਰਸ ਨਹੀ ਚਾਹੈ ਏਕੈ ਹਰਿ ਲਾਹੈ ॥**

*ਬਿਲਾਵਲ ਮ ੫ ਅੰਗ ੮੩੦*

## ਜਲਣਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ ॥
## ਨਾਨਕ ਪ੍ਰਭੁ ਪੂਰਨ ਮਿਲੇ ਦੁਤੀਆ ਬਿਨਸੀ ਭ੍ਰਾਂਤਿ ॥

ਕਾਮ, ਕ੍ਰੋਧ, ਮੋਹ, ਅਹੰਕਾਰ, ਲੋਭ ਦਾ ਫੰਦਾ ਮਨੁੱਖ ਦੇ ਗਲ ਵਿੱਚ ਪਿਆ ਹੈ। ਆਸਾਂ ਤੇ ਤ੍ਰਿਸ਼ਨਾ ਮਨ ਨੂੰ ਸੀਤਲ ਨਹੀਂ ਹੋਣ ਦਿੰਦੀਆ ਮਾਇਆ ਮੋਹ ਦੀ ਜਲਣਿ ਵਿੱਚ ਇਨਸਾਨ ਸੜਦਾ ਹੈ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੁੰਦੀ। ਤ੍ਰਿਪਤ ਮਨ ਸ਼ਾਂਤੀ ਦਾ ਮਾਰਗ ਭਾਲਦਾ ਹੈ। ਪਰ ਮਾਇਆ ਦੀ ਪ੍ਰਾਪਤੀ ਲਈ ਸ਼ੈਤਾਨ ਮਨ ਲੱਜਿਤ ਕਰਨ ਵਾਲੀਆਂ ਕੋਝੀਆਂ ਹਰਕਤਾਂ ਤੋਂ ਵੀ ਟਾਲ ਨਹੀਂ ਕਰਦਾ। ਜਿਸ ਪ੍ਰਾਣੀ ਨੇ ਲਾਲਚੀ ਮਨ ਨੂੰ ਤ੍ਰਿਪਤ ਕਰ ਲਿਆ ਤਾਂ ਕਹੇਗਾ "ਜਲਣਿ ਬੁਝਿ ਸੀਤਲ ਭਏ ਮਨਿ ਤਨਿ ਉਪਜੀ ਸ਼ਾਂਤੀ।" ਪਰ ਇਹ ਸ਼ਾਂਤੀ ਮਿਲੇਗੀ ਮਹਾਂਪੁਰਖਾਂ ਦੀ ਸੰਗਤ ਕਰਨ ਨਾਲ ਉਨ੍ਹਾਂ ਦੇ ਉਪਦੇਸ਼ ਤੇ ਅਮਲ ਕਰਨ ਨਾਲ। **"ਨਾਨਕ ਪ੍ਰਭ ਪੂਰਨ ਮਿਲੇ ਦੁਤੀਆਂ ਬਿਨਸੀ ਭ੍ਰਾਂਤੀ ॥"**

ਨਾਮ ਜਪਣ ਨਾਲ ਮਨ ਅਨੰਦਮਈ ਅਵੱਸਥਾ ਵਿੱਚ ਰਹਿਣ ਲੱਗਾ। ਘੱਟ ਬੋਲਣ, ਘੱਟ ਖਾਣਾ ਪੀਣਾ, ਨੀਂਦ ਤੇ ਕਾਬੂ, ਇਕਾਂਤ ਰਹਿਣਾ।

"ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮੁਖ ਪਾਏ" ਵਾਲੀ ਮਨੋ ਅਵਸਥਾ ਬਣ ਗਈ। ਬੀਬੀ ਦੇ ਘਰ ਵਿੱਚ ਪਿਤਾ ਅਤੇ ਚਾਚਾ ਜੀ ਵਲੋ ਬੀਬੀ ਦੇ ਵਿਆਹ ਬਾਰੇ ਗੱਲ ਹੋਣ ਲੱਗੀ। ਬੀਬੀ ਨੇ ਮਨ ਅੰਦਰ ਹੀ ਬਾਬਾ ਜੀ ਅੱਗੇ ਬੇਨਤੀਆਂ ਕੀਤੀਆਂ "ਗਰੀਬ ਨਿਵਾਜ! ਤੁਸੀਂ ਤਾਂ ਬਚਨ ਕੀਤਾ ਸੀ ਕਿ ਤੂੰ ਨਾਮ ਜਪੇਗੀ। "ਪਰ ਘਰ ਵਿੱਚ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਹਨ। ਪਾਤਸ਼ਾਹ ਆਪਣੇ ਬਚਨ ਦੀ ਲਾਜ ਰੱਖੋ। ਮੈਂ ਅੰਨੀ ਹੋ ਜਾਵਾਂ ਤਾਂ ਵਿਆਹ ਨਹੀਂ ਹੋਏਗਾ।"

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ। ਅੱਖਾਂ ਵਿੱਚ ਉਲ੍ਹਾਂ ਵੱਜਣੀਆਂ ਸ਼ੁਰੂ ਹੋ ਗਈਆਂ। ਇੱਕ ਅੱਖ ਵਿੱਚ ਨੁਕਸ ਪੈ ਗਿਆ। ਸਾਕ ਸੰਬੰਧੀ ਬਾਬਾ ਜੀ ਪਾਸ ਲੈ ਕੇ ਆਏ। ਬਾਬਾ ਜੀ ਨੇ ਉਲ੍ਹਾਂ ਵੱਜਣ ਦਾ ਕਾਰਨ ਪੁੱਛਿਆ।

ਬੀਬੀ ਜੀ ਨੇ ਬੇਨਤੀ ਕੀਤੀ, "ਇਹ ਮੇਰੀ ਸ਼ਾਦੀ ਕਰਨ ਲਈ ਫਿਰਦੇ ਹਨ। ਪਰ ਮੈਂ ਆਪ ਜੀ ਦੇ ਬਚਨ ਦੀ ਪਾਲਣਾ ਕਰਨੀ ਹੈ ਨਾਮ ਸਿਮਰਨ ਵਿੱਚ ਜਿੰਦਗੀ ਬਤੀਤ ਕਰਨੀ ਹੈ।"

ਹਜ਼ੂਰ ਬਾਬਾ ਜੀ ਬਚਨ ਕੀਤਾ, "ਕੰਨਿਆ ਇਤਨੇ ਵੱਡੇ ਸਰੀਰਕ ਨੁਕਸ ਲਈ ਬੇਨਤੀ ਨਹੀਂ ਕਰਨੀ ਸੀ। ਹੁਣ ਇੱਕ ਅੱਖ ਰਾਜੀ ਕਰ ਦੇਈਏ।"

ਬੀਬੀ ਨੇ ਬੇਨਤੀ ਕੀਤੀ, ਨਹੀਂ ਹਜ਼ੂਰ ਇਸੇ ਤਰ੍ਹਾਂ ਹੀ ਰਹਿਣ ਦਿਓ। ਹੁਕਮ ਹੋਇਆ "ਗਹਿਣੇ ਨਹੀਂ ਉਤਾਰੇ।"

ਹਜ਼ੂਰ, ਕਈ ਵਾਰ ਲਾਹੇ ਹਨ ਪਰ ਦਾਦੀ ਜੀ ਲਾਹੁਣ ਨਹੀਂ ਦਿੰਦੀ। ਚੰਗਾ ਫੇਰ ਇਨ੍ਹਾਂ ਨੂੰ ਉਤਾਰਨ ਦਾ ਕਦੇ ਸਮਾਂ ਮਿਲਾ ਦਿਆਂਗੇ। "ਇਸ ਉਪਰੰਤ ਬੀਬੀ ਨੂੰ ਆਪਣੀ ਚਾਦਰ ਦਿੱਤੀ ਅਤੇ ਫੁਰਮਾਇਆ। ਜਦੋਂ ਤੇਰਾ ਮਨ ਉਦਾਸ ਹੋਵੇ ਚਾਦਰ ਤਾਣ ਕੇ ਪੈ ਜਾਵੀਂ। ਤੇਰੇ ਸਾਰੇ ਫਿਕਰ ਦੂਰ ਹੋ ਜਾਇਆ ਕਰਨਗੇ। ਤੂੰ ਸਰੀਰ ਨੂੰ ਕਸ਼ਟ ਦੇਣ ਵਾਲੀ ਚਿਤਵਨੀ ਨਹੀਂ ਕਰਨੀ।" ਇਹ ਚਾਦਰ ਅੱਜ ਤੱਕ ਉਸ ਪਰਿਵਾਰ ਕੋਲ ਨਿਸ਼ਾਨੀ ਦੇ ਤੌਰ ਤੇ ਹਾਜਰ ਹੈ।

(ਇਹ ਪ੍ਰਸੰਗ ਬੀਬੀ ਗੁਰਦਿਆਲ ਕੋਰ ਪੰਨੀਵਾਲੇ ਤੋਂ ਮਿਲੇ ਹਨ)

---

ਪ੍ਰਮੇਸ਼ਰ ਨਾਲ ਅਭੇਦ ਮਹਾਂਪੁਰਖ ਭਵਿੱਖ ਬਾਣੀ ਕਰਦੇ ਹਨ। ਸਮੇਂ ਦੀਆਂ ਹਕੂਮਤਾਂ ਆਉਣ ਵਾਲੇ ਲਈ ਬਣਾਵਾਂਗੇ, ਕਰਾਂਗੇ, ਕੀਤਾ ਜਾਵੇਗਾ। ਲਫਜ ਵਰਤਦੀਆਂ ਹਨ ਪਰ ਪੂਰਨ ਸਰਬਸ਼ਕਤੀਵਾਨ ਨਿਰੰਕਾਰੀ ਸਰੂਪ ਮਹਾਂਪੁਰਖ ਭਵਿੱਖ ਬਾਣੀ ਵਿੱਚ ਹੋਵੇਗਾ ਅੱਖਰ ਵਰਤਦੇ ਹਨ। ਉਨ੍ਹਾਂ ਪ੍ਰਭੂ ਤੋਂ ਇਹ ਸ਼ਕਤੀ ਗ੍ਰਹਿਣ ਕੀਤੀ ਹੁੰਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹੋ ਜਿਹਾ ਵਾਪਰੇਗਾ। ਭਵਿੱਖਤ ਬਚਨਾਂ ਦੀ ਰਮਜ ਨੂੰ ਸਾਧ ਸੰਗਤ ਕਰਨ ਵਾਲਾ ਹੀ ਸਮਝੇਗਾ ਕਿਉਂਕਿ ਮਹਾਂਪੁਰਖ ਸਿੱਧਾ ਨਹੀਂ ਦੱਸਦੇ ਹੁੰਦੇ।

ਕੋਟਫੱਤਾ ਪਿੰਡ ਦਾ ਵਾਸੀ ਧੰਨਾ ਸਿੰਘ ਬਾਬਾ ਜੀ ਦੀ ਸੰਗਤ ਅਤੇ ਸੇਵਾ ਕਰਦਾ ਸੀ। ਗਰਮੀਆਂ ਦਾ ਮੌਸਮ ਸ਼ੁਰੂ ਹੋਇਆ। ਦੁੱਧ ਇਨ੍ਹਾਂ ਦਿਨਾਂ ਵਿੱਚ ਘੱਟ ਹੋ ਜਾਂਦਾ ਹੈ। ਕਈ ਸੇਵਕਾਂ ਨੂੰ ਦੁੱਧ ਦੀ ਸੇਵਾ ਲੱਗੀ ਹੋਈ ਸੀ। ਕਿਉਂਕਿ ਬਾਬਾ ਜੀ ਆਪ ਦੁੱਧ ਛੱਕਦੇ ਸਨ ਅਤੇ ਸੰਗਤ ਨੂੰ ਦੁੱਧ ਛਕਾਉਣ ਦਾ ਹੁਕਮ ਸੀ। ਦੁੱਧ ਦੀ ਕਮੀ ਹੋਈ ਦੇਖ ਕੇ ਸੋਚਿਆ ਕਿ ਮੇਰੇ ਘਰ ਸੱਜਰ ਮੱਝ ਹੈ ਜੇ ਹੁਕਮ ਮਿਲ ਜਾਵੇ ਤਾਂ ਮੱਝ ਇੱਥੇ ਲੈ ਆਵਾ। ਮਹਾਂਪੁਰਖ ਬੇਪਰਵਾਹ ਹੁੰਦੇ ਹਨ। ਉਨ੍ਹਾਂ ਨੂੰ ਕਿਸੇ ਆਈ ਗਈ ਵਸਤੂ ਦੀ ਪਰਵਾਹ ਨਹੀਂ ਹੁੰਦੀ।

**ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ ॥**
**ਸਦਾ ਅਨੰਦ ਗੁਰੁ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ ॥**

*ਰਾਮ ਰਾਮਕਲੀ ਮ. ੫ (੮੮੩)*

ਸੇਵਕ ਜਿਸ ਨੇ ਸੇਵਾ ਦਾ ਮੌਕਾ ਸੰਭਾਲ ਕੇ ਸੇਵਾ ਲੈਣੀ ਹੁੰਦੀ ਹੈ ਸੇਵਾ ਸੰਭਾਲ ਮਹਾਂਪੁਰਖ ਦੀ ਪ੍ਰਸੰਨਤਾ ਹਾਸਿਲ ਕਰਦੇ ਹਨ। ਧੰਨਾ ਸਿੰਘ ਨੇ ਸਮਾਂ ਵਿਚਾਰ ਕੇ ਬੇਨਤੀ ਕਰ ਦਿੱਤੀ। "ਹਜੂਰ ! ਦੁੱਧ ਘੱਟ ਆਉਂਦਾ ਹੈ ਗਰੀਬ ਨਿਵਾਜ ਹੁਕਮ ਹੋਵੇ ਤਾਂ ਮੇਰੇ ਘਰ ਸੱਜਰ ਮੱਝ ਹੈ ਇਥੇ ਲੈ ਆਵਾਂ।" ਧੰਨਾ ਸਿੰਘ ਮੱਝ ਲੈ ਆਇਆ। ਦੁੱਧ ਦੀ ਸੇਵਾ ਚਲਦੀ ਰਹੀ। ਕੁਝ ਸਮੇਂ ਬਾਅਦ ਮੱਝ ਦਾ ਬੱਚਾ ਪੇਚਸ ਦੀ ਬਿਮਾਰੀ ਨਾਲ ਪੀੜਤ ਹੋਇਆ ਅਤੇ ਮਰ ਗਿਆ। ਬਾਬਾ ਜੀ ਨੇ ਹੁਕਮ ਕੀਤਾ "ਧੰਨਾ ਸਿੰਘ ਮੱਝ ਨੂੰ ਪਿੰਡ ਛੱਡ ਆਓ" ਹੁਕਮ ਅਨੁਸਾਰ ਮੱਝ ਪਿੰਡ ਛੱਡ ਆਏ।

ਰੋਜੇ ਰੱਖਣ ਦੇ ਦਿਨ ਸ਼ੁਰੂ ਹੋ ਗਏ। ਮੁਸਲਮਾਨ ਰੋਜੇ ਰੱਖਣ ਲੱਗੇ। ਸ਼ਾਮ

ਨੂੰ ਮਸੀਤ ਵਿੱਚ ਨੌਬਤ ਵਜਾ ਕੇ ਸਭ ਨੂੰ ਰੋਜਾ ਖੋਲਣ ਦੀ ਤਾਕੀਦ ਕਰੀ ਹੋਈ ਸੀ। ਹਰ ਸਾਲ ਇਥੇ ਭੁੱਚੋ ਕਲਾਂ ਨੌਬਤ ਖੜਕਦੀ ਸੀ ਪਰ ਹਜੂਰ ਕੋਈ ਬਚਨ ਨਹੀਂ ਕਰਦੇ ਸਨ। ਪਰ ਇਸ ਵਾਰ ਜਦੋਂ ਨੌਬਤ ਖੜਕੀ ਤਾਂ ਆਪ ਜੀ ਨੇ ਆਉਣ ਵਾਲੇ ਭਿਆਨਕ ਸਮੇਂ ਦੀ ਭਵਿੱਖ ਬਾਣੀ ਰਮਜ ਦੇ ਰੂਪ ਵਿੱਚ ਕੀਤੀ।

ਬਚਨ ਕੀਤਾ "ਕੇਸਰਾ ਆ ਢੋਲ ਢਮੱਕਾ ਕੈਸਾ ਹੈ।"

"ਹਜੂਰ! ਇਹ ਮੁਸਲਮਾਨ ਰੋਜਾ ਛੱਡਣ ਵੇਲੇ ਮਸੀਤ ਵਿੱਚ ਨੌਬਤ ਵਜਾਉਂਦੇ ਹਨ।" ਕੇਸਰ ਸਿੰਘ ਨੇ ਉੱਤਰ ਦਿੱਤਾ।

ਫਿਰ ਬਚਨ ਕੀਤਾ "ਕੇਸਰ ਇਹ ਕੋਟ ਫੱਤੇ ਵਾਲੇ ਧੰਨਾ ਸਿੰਘ ਦੇ ਕੱਟੇ ਦੀ ਖੱਲ ਬੋਲਦੀ ਹੈ। ਤੈਨੂੰ ਪਤਾ ਹੈ ਕਿ ਕੱਟਾ ਕਿਸ ਨੇ ਮਾਰਿਆ ਹੈ।"

"ਪਾਤਸ਼ਾਹ ਮੈਂ ਬੇਖਬਰ ਹਾਂ।"

ਬਚਨ ਹੋਇਆ, "ਅਰਜਨ ਸਿੰਘ ਪੁਤਰ ਪ੍ਰੇਮ ਸਿੰਘ ਕੱਟੇ ਉਪਰੋਂ ਰੋੜ ਪੰਲਜ ਕੇ ਸੁਟ ਗਿਆ। ਇਹ ਕਾਰ ਗੋਂਦੇ ਬਾਣੀਏ ਦੀ ਵੀ ਹੈ। ਫਿਰ ਦਸ ਬਾਰਾਂ ਆਦਮੀਆਂ ਦੇ ਨਾਮ ਲਏ। ਇਨ੍ਹਾਂ ਨੇ ਸਾਜਿਸ ਨਾਲ ਕੱਟਾ ਮਾਰਿਆ ਹੈ। ਮੱਘੂ ਤੇ ਮਿਢੂ ਮੋਚੀਆਂ ਨੇ ਖੱਲ ਲਾਹੀ ਹੈ। ਇਸ ਖੱਲ ਨਾਲ ਨੌਬਤ ਮੜ੍ਹੀ ਹੈ।

ਜਦ ਵੀ ਨੌਬਤ ਵੱਜਣੀ ਉਪਰੋਕਤ ਬਚਨ ਕਰਨਾ। ਸੰਗਤ ਨੇ ਰੋਜ ਇਹੀ ਬਚਨ ਸੁਣਨੇ। ਇੱਕ ਦਿਨ ਸੰਗਤ ਵਿੱਚ ਇਸੇ ਨਗਰ ਦਾ ਬੁਧ ਰਾਮ ਬੈਰਾਗੀ ਸੰਪਰਦਾਇ ਵਾਲਾ ਬੈਠਾ ਸੀ। ਇਹ ਹੱਸਮੁਖ ਸੀ। ਮਜਾਕ ਦੇ ਲਹਿਜੇ ਵਿੱਚ ਇਸ ਨੇ ਕਿਹਾ "ਹਜੂਰ! ਕੱਟੇ ਨੂੰ ਇੰਨੇ ਆਦਮੀਆਂ ਮਾਰਿਆ ਹੈ।"

ਬਾਬਾ ਜੀ ਬਚਨ ਕੀਤਾ, "ਸਮਝ ਤੂੰ ਵੀ ਉਨ੍ਹਾਂ ਦਾ ਸੰਗੀ ਸੀ।"

"ਨਹੀਂ ਮਹਾਰਾਜ"

ਨਹੀਂ ਕਹਿਣ ਤੇ ਬਚਨ ਦਾ ਭੇਦ ਖੋਲਿਆ "ਕੇਸਰਾ ! ਬੀਮਾਰੀ ਪਵੇਗੀ ਜਿਨ੍ਹਾਂ ਦੇ ਨਾਮ ਲਏ ਹਨ ਸਭ ਖਤਮ ਹੋ ਜਾਣਗੇ" ਬਚਨ ਅਟੱਲ ਹੋਇਆ। ਸਾਰੇ ਹੀ ਖਤਮ ਹੋ ਗਏ ਕੇਵਲ ਬੁਧ ਰਾਮ ਹੀ ਬਖਸ਼ਿਆ ਗਿਆ।

**ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ।**

*ਆਸਾ ਮ. ੫*

**ਭਾਗਵਾਨ ਸੇਵਾ ਕਰੇ ਹੁਜਤ ਕਰੇ ਪਲੀਤ।**
**ਸੰਤਨ ਸੇਤੀ ਮਸਖਰੀ ਕੁਲ ਡੋਬਨ ਕੀ ਰੀਤ।**
**ਪਰਕਾਇ ਸਾਖੀ ਮਹਾਂਪੁਰਖ ਬੋਲਦੇ ਸਾਂਝੀ ਸਗਲ ਜਹਾਨੈ।**

ਉਪਰੋਕਤ ਵਾਕ ਅਨੁਸਾਰ ਮਹਾਂਪੁਰਖ ਦੀ ਸੇਵਾ ਸੰਗਤ ਵਿੱਚ ਰਹਿਣ ਵਾਲਾ ਬਿਨਾਂ ਬੁਲਾਏ ਕਿਸੇ ਬਚਨ ਵਿੱਚ ਨਾ ਬੋਲੇ। ਜੇ ਸਮਝ ਨਾ ਆਵੇ ਤਾਂ ਚੁਪ ਕਰ ਰਹੇ।

ਇਹ ਬਚਨ ਜੋਗਿੰਦਰ ਸਿੰਘ (ਕਾਕਾ ਜੀ) ਢਿਲੋਂ ਤੋਂ ਪ੍ਰਾਪਤ ਹੋਇਆ।

## ਜਨ ਭਗਤਨ ਕੋ ਕਹੋ ਨ ਮਾਨੋ, ਕੀਓ ਅਪਨੋ ਪਈ ਹੈ ॥

ਭਗਤ ਜਨ ਪੁਕਾਰਦੇ ਹਨ। ਸੱਚੇ ਦੀ ਦਰਗਾਹ ਅੰਦਰ ਜੀਵ ਦੇ ਪਾਪਾਂ ਅਤੇ ਪੁੰਨਾਂ ਦਾ ਲੇਖਾ ਹੁੰਦਾ ਹੈ। ਪਾਪੀ ਜੀਵ ਨਰਕਾਂ ਦਾ ਭਾਗੀ ਬਣਦਾ ਹੈ। ਪੁੰਨਾਂ ਵਾਲਾ ਸਵਰਗਾਂ ਦਾ ਆਨੰਦ ਮਾਣਦਾ ਹੈ। ਸ਼ੈਤਾਨ ਬੁੱਧੀ ਪ੍ਰੇਮਸ਼ਰੀ ਜੋਤ ਵਿੱਚ ਭਾਵਨਾ ਨਹੀਂ ਰੱਖਦੀ ਕਿਉਂਕਿ ਉਹ ਪ੍ਰਭੂ ਸੰਗਮ ਦੀ ਆਸਵੰਦ ਨਹੀਂ। ਆਸਾਵਾਦੀ ਹੀ ਨਰਕ, ਸਵਰਗ ਦੀ ਕਿਰਿਆਂ ਨੂੰ ਸਮਝਦਾ ਹੈ। ਇਹੋ ਜਿਹੀ ਸੋਚ ਰੱਖਣ ਵਾਲੀ ਮਾਈ ਖੇਮ ਕੋਰ ਸੇਮਾ ਨਗਰ ਵਾਲੀ ਦਾ ਲੜਕਾ ਸ਼ਾਮ ਸਿੰਘ ਹੈ। ਮਾਤਾ ਮਹਾਂਪੁਰਖਾਂ ਦੇ ਰੂੰਮੀ ਠਹਿਰਣ ਸਮੇਂ ਵੀ ਸੇਵਾ ਕਰਦੀ ਰਹੀ ਪਰ ਪੁੱਤਰ ਕੁਕਰਮਾਂ ਵਿੱਚ ਪੈ ਗਿਆ।

*ਹਿਰਦਾ ਸ਼ੁੱਧ ਸੀ ਭੀਲਨੀ ਵਾਗ ਇਸਦਾ, ਮਨ ਲਾਇਕੇ ਸੇਵਾ ਕਮਾਂਵਦੀ ਸੀ।*
*ਭਾਵੇ ਘਰ ਹੋਵੇ, ਹੋਏ ਘਰੋਂ ਬਾਹਰ, ਸੁਰਤ ਸਦਾ ਹਜੂਰ ਰਹਾਂਵਦੀ ਸੀ।*
*ਭੁੱਚੋ ਰੋਜ ਆ ਕੇ ਮੱਥਾ ਟੇਕ ਜਾਣਾ, ਫੇਰ ਪਰਤ ਪਿਛਾਂਹ ਨੂੰ ਜਾਂਵਦੀ ਸੀ।*
*ਜਿਹੜਾ ਹੁਕਮ ਹੋਵੇ ਮੰਨੇ ਖਿੜੇ ਮੱਥੇ, ਸਤਿ ਬਚਨ ਕਰ ਸੀਸ ਝੁਕਾਂਵਦੀ ਸੀ।*
*ਰੂੜ ਸਿੰਘ ਛੋਟਾ ਸ਼ਾਮ ਸਿੰਘ ਵੱਡਾ, ਜੁਆਨ ਹੋਇ ਕੇ ਖੇਲਣ ਸ਼ਿਕਾਰ ਲੱਗਾ।*
*ਖੋਟੇ ਕਰਮਾਂ ਨੇ ਬੁਰੀ ਮਿਲਾਈ ਸੰਗਤ, ਦੁਖ ਮਾਤਾ ਨੂੰ ਬੇਸ਼ੁਮਾਰ ਲੱਗਾ।*
*ਮਾਤਾ ਰੋਕਦੀ ਟੋਕਦੀ ਸਦਾ ਰਹਿੰਦੀ, ਜੀਵ ਹੱਤਿਆ ਦਾ ਬੜਾ ਪਾਪ ਲੱਗੇ।*
*ਬੇਟਾ ਛੱਡ ਦੇ ਕਾਰਜਾਂ ਖੋਟਿਆਂ ਨੂੰ, ਇਸ ਦਾ ਅੰਤ ਨੂੰ ਬੜਾ ਸੰਤਾਪ ਲੱਗੇ।*
*ਪਾਪੀ ਪਾਪ ਕਰਦਾ ਪਾਪ ਰੂਪ ਹੁੰਦਾ, ਇਸ ਦੇ ਮਨ ਤੇ ਪਾਪ ਦੀ ਛਾਪ ਲੱਗੇ।*

*ਫਿਰੇ ਭਰਮਦਾ ਵਿੱਚ ਚੁਰਾਸੀਆਂ ਦੇ, ਜਨਮ ਜਨਮ ਦੇ ਦੁੱਖ ਸੰਤਾਪ ਲੱਗੇ।*
*ਮੰਨ ਕੇ ਸਿਖਿਆ ਮਾਈ ਦੀ ਰੁਕਿਆ ਨਾ, ਨ ਉਹ ਰੁਕਣ ਦਿੰਦੇ ਜਿਹੜੇ ਆਪ ਲੱਗੇ।*
*ਸ਼ੁਭ ਸਿਖਿਆ ਮਨ ਨੂੰ ਬੁਰੀ ਲੱਗੀ, ਜਿਵੇਂ ਪਾਪੀ ਨੂੰ ਹਰੀ ਦਾ ਜਾਪ ਲੱਗੇ।*

ਗੁਰਬਾਣੀ ਅੰਦਰ ਫੁਰਮਾਨ ਹੈ–

**"ਚਿਤਵਤ ਪਾਪ ਨ ਆਲਕੁ ਆਵੈ॥ ਬੇਸੁਆ ਭਗਤ ਕਿਛੁ ਨਹ ਸਰਮਾਵੈ॥**
**ਸਾਰੋ ਦਿਨਸੁ ਮਜੂਰੀ ਕਰੇ॥ ਹਰ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ॥**

*ਭੈਰਉ ਮ ੫ ਅੰਗ ੧੧੪੩*

*ਮਾਤਾ ਪਿਤਾ ਤੇ ਭੈਣ ਭਰਾ ਛੱਡੇ, ਨਹੀਂ ਛੱਡਿਆ ਸਾਥ ਸ਼ਿਕਾਰੀ ਦਾ।*
*ਖੇਡੀ ਖੇਡ ਭੈੜੀ ਬੁਰਿਆਂ ਸੰਗ ਰਲ ਕੇ, ਅੰਤ ਹੋਇਆ ਸ਼ਿਕਾਰ ਬਿਮਾਰੀਆਂ ਦਾ।*
*ਛੱਡ ਗਏ ਸ਼ਿਕਾਰੀ ਵੀ ਸਾਥ ਉਸਦਾ ਮੂੰਹ ਵੇਖਦਾ ਪਿਆ ਲਚਾਰੀਆਂ ਦਾ।*
*ਵੱਧ ਗਏ ਪਾਪ ਤੇ ਪੁੰਨਾ ਦਾ ਘਾਟਾ, ਸਿਰ ਤੇ ਵਕਤ ਆ ਗਿਆ ਖੁਆਰੀਆਂ ਦਾ।*
*ਭੋਗ ਭੋਗਦਾ ਭੋਗਿਆ ਗਿਆ ਆਪੇ, ਪਇਆ ਮੰਜੇ ਤੇ ਬਹੁਤ ਬਿਮਾਰ ਹੋਇਆ।*
*ਜਿਹੜਾ ਨਿਤ ਸ਼ਿਕਾਰ ਨੂੰ ਖੇਡਦਾ ਸੀ, ਅੰਤ ਮੌਤ ਦਾ ਆਪ ਸ਼ਿਕਾਰ ਹੋਇਆ।*

**ਕਬਿੱਤ**

**ਮੁਕੀ ਜਿੰਦਗਾਨੀ, ਗਾਨੀ ਟੁੱਟ ਗਈ ਸਰੀਰ ਵਾਲੀ,**
**ਢੱਲ ਗਿਆ ਦੁਪਹਿਰ ਅੰਤ ਹੋ ਗਿਆ ਸੀ ਸ਼ਾਮ ਦਾ।**
**ਮਰਿਆ ਜੁਆਨ ਪੁਤ ਵਧ ਗਏ ਮਾਂ ਦੇ ਦੁੱਖ,**
**ਖਾਣਾ ਪੀਣਾ ਰੂਪ ਉਸ ਨੂੰ ਦਿਸਦਾ ਹਰਾਮ ਦਾ।**
**ਅੰਤਰਜਾਮੀ ਆਪ ਮਨ ਦੀਆਂ ਜਾਣਦੇ ਹੋ,**
**ਆਪ ਜੋ ਬੁਲਾਵੋ ਹਾਲ ਦੱਸਾਂ ਪੁੱਤ ਸ਼ਾਮ ਦਾ।**
**ਕਰਕੇ ਅਰਜ ਬਖਸ਼ਾਈ ਲਵਾਂ ਮਰੇ ਤਾਂਈ,**
**ਕਿਵੇਂ ਬਚ ਜਾਏ ਪੁੱਤ ਨਰਕਾਂ ਨੂੰ ਜਾਂਵਦਾ।**

ਫੁਰਮਾਨ ਹੈ–

**ਅੰਤਰਜਾਮੀ ਪੁਰਖ ਸੁਆਮੀ ਅਨ ਬੋਲਤ ਹੀ ਜਾਨਹੁ ਹਾਲ।**
**ਤਨੁ ਮਨੁ ਸੀਤਲ ਹੋਇ ਹਮਾਰੋ ਨਾਨਕ ਪ੍ਰਭ ਜੀਉ ਨਦਰਿ ਨਿਹਾਲ॥**

*ਬਿਲਾਵਲ ਮ.੫*

ਮਾਰ ਅਵਾਜ ਤੇ ਬੁਲਾਇਆ ਕੋਲ ਨੀਲਾ ਸਿੰਘ,

ਹੁਕਮ ਸੁਨਾਵਦੇ ਨੇ ਟਿੱਲੇ ਉਤੇ ਖੜੇ ਹੋਇ।
ਸੇਮੇ ਜਾਇਕ ਇਸੇ ਵੇਲੇ ਸੱਦ ਖੇਮੋ ਤਾਈ,
ਪੁਛਿਏ ਬੁਲਾ ਕੇ ਕਿਉਂ ਨਹੀਂ ਆਈ ਦਿਨ ਬੜੇ ਹੋਇ।
ਉਸੇ ਵੇਲੇ ਮੰਨ ਕੇ ਬਚਨ, ਗਿਆ ਨੀਲਾ ਸਿੰਘ,
ਤੁਰਿਆ ਹਨੇਰੇ ਸੇਮੇ ਗਿਆ ਦਿਨ ਚੜੇ ਹੋਇ।
ਮਾਰ ਕੇ ਅਵਾਜ ਕਿਹਾ ਚੱਲ ਮਾਤਾ ਮੇਰੇ ਨਾਲ,
ਬਾਬਾ ਜੀ ਬੁਲਾਂਵਦੇ ਨੇ ਟਿੱਲੇ ਉਤੇ ਖੜੇ ਹੋਇ।

**ਦੋਹਰਾ**

**ਨੀਲਾ ਸਿੰਘ ਤੇ ਖੇਮ ਕੋਰ ਪਹੁੰਚੇ ਚਰਨਾਂ ਪਾਸ।**
**ਅੰਤਰਜਾਮੀ ਜਾਣਦੇ ਜੋ ਮਨ ਦੀ ਅਰਦਾਸ।**
**ਹੁਕਮ ਹੋਏ ਤਾਂ ਦੱਸਣਾ ਇਹ ਸੇਵਕ ਦਾ ਫਰਜ।**
**ਅਰਜ ਕਰੇ ਹੱਥ ਜੋੜ ਕੇ ਪੂਰੀ ਹੋਵੇ ਗਰਜ।**
**ਪੁਛਦੇ ਨੇ ਖੇਮੋ ਤਾਂਈ ਆਪਦੇ ਬਿਠਾ ਕੇ ਕੋਲ,**
**ਕਿਥੇ ਰਹੀ ਮਾਤਾ ਸਾਡੇ ਕੋਲ ਦੱਸੀ ਸੱਚ ਸੱਚ।**
**ਮਾਤਾ ਕਹਿੰਦੀ ਮਰ ਗਿਆ ਪੁੱਤ ਮੇਰਾ ਸ਼ਾਮ ਸਿੰਘ,**
**ਮੈਂ ਵੀ ਮਰ ਚੱਲੀ ਸੀ ਪਤਾ ਨਹੀਂ ਕਿਵੇਂ ਰਹੀ ਬਚ।**
**ਖੇਡਦਾ ਸ਼ਿਕਾਰ ਰਹੇ ਨਾਲ ਹੀ ਸ਼ਿਕਾਰੀਆਂ ਦੇ,**
**ਬੜਾ ਸਮਝਾਇਆ ਉਹਨੇ ਮੰਨਿਆ ਨੇ ਇੱਕ ਸੱਚ।**
**ਪੁੱਤਰ ਦੇ ਸੋਗ ਵਿਚ ਭੁੱਲ ਗਈ ਸੇਵਾ ਮੈਨੂੰ,**
**ਕਰ ਦਿਓ ਮਾਫ ਮੈਂ ਨ ਬੋਲਦੀ ਹਜੂਰੀ ਕਚ।**

**ਦੋਹਰਾ**

**ਸ੍ਰਬ ਕਲਾ ਸੰਮ੍ਰਥ ਹੋ ਵਡਿਓ ਵਡੇ ਅਪਾਰ॥**
**ਨਰਕ ਨਾ ਜਾਵ ਸ਼ਾਮ ਸਿੰਘ ਬਖਸ਼ੋ ਬਖਸ਼ਨਹਾਰ॥**
**ਛੋਟਾ ਪੁਛਰ ਰੂੜ ਸਿੰਘ ਲਾਵੋ ਚਰਨਾ ਸੰਗ॥**
**ਭੈੜੀ ਸੰਗਤ ਤੋਂ ਬਚੇ ਮਨ ਵਿਚ ਇਹ ਉਮੰਗ**
**ਹੱਸ ਕੇ ਬੋਲੇ ਰਹੇਗੀ ਬਾਂਹ ਫਡੀ ਦੀ ਲਾਜ,**
**ਨਰਕ ਨਾ ਜਾਵੇ ਸ਼ਾਮ ਸਿੰਘ ਕਹਿਓ ਗਰੀਬ ਨਿਵਾਜ॥**

**ਰੂੜ ਸਿੰਘ ਨੂੰ ਸੱਦ ਕੇ ਕੋਲ ਆਪਣੇ,**
**ਨਾਮ ਜਪਣ ਦੀ ਜੁਗਤੀ ਸਮਝਾ ਦਿੱਤੀ॥**
**ਹੱਥੋ ਦੇ ਮਾਲਾ ਮੁਖੋਂ ਦੇ ਮੰਤ੍ਰ,**
**ਸੁਰਤ ਨਾਮ ਦੇ ਵਿਚ ਲਗਾ ਦਿੱਤੀ।**
**ਟਿਕਿਆ ਮਨ ਜੋ ਕਦੇ ਨਾ ਟਿਕਣ ਵਾਲਾ,**
**ਅੰਤਰ ਆਤਮੇ ਜੋਤ ਜਗਾਇ ਦਿੱਤੀ**
**ਸਾਰੀ ਉਮਰ ਇਸੇ ਰੰਗ ਵਿਚ ਰਿਹਾ,**
**ਲੇਖੇ ਪ੍ਰਭੂ ਦੇ ਜਿੰਦਗੀ ਲਾ ਦਿੱਤੀ।**
**ਧੰਨ ਮਹਾਂਹਰਿਨਾਮ ਸਿੰਘ ਪੁਰਖ ਪੂਰੇ,**
**ਆਪਣੇ ਸੇਵਕਾਂ ਨੂੰ ਕਰਦੇ ਰਹੇ ਪੂਰੇ।**
**ਪੂਰੇ ਨਾਲ ਅਮੋਲ ਪਦਾਰਥਾਂ ਦੇ,**
**ਨੇੜੇ ਕਾਮ ਕ੍ਰੋਧ ਨ ਆਇ ਕੂਰੇ।**
(ਇਹ ਪ੍ਰਸੰਗ ਮਾਈ ਖੇਮ ਕੌਰ ਦੀ ਪੋਤਰੀ ਤੋਂ ਮਿਲਿਆ)

## ਏਕ ਰੂਪ ਜਾ ਕੇ ਰੰਗ ਅਨੇਕ

ਸ੍ਰਿਸ਼ਟੀ ਦਾ ਸਿਰਜਨਹਾਰ ਹਰ ਰੂਪ ਵਿੱਚ ਆਪ ਵਸਦਾ ਹੈ। ਕਿਉਂਕਿ ਹਰ ਜੀਵ ਦੀ ਸਰੀਰਕ ਕਿਰਿਆ ਨੂੰ ਆਪ ਚਲਾਉਂਦਾ ਹੈ। ਸਵਾਮੀ ਕਿਰਿਆ ਵਾਲੇ ਹਰ ਜੀਵ ਵਿੱਚ ਪ੍ਰਮਾਤਮਾ ਦਾ ਕਿਸੇ ਨਾ ਕਿਸੇ ਰੁਪ ਵਿੱਚ ਵਾਸਾ ਹੈ। ਉਸ ਪ੍ਰਭੂ ਦੇ ਪ੍ਰਗਟ ਹੋਣ ਦਾ ਚਮਤਕਾਰ ਕਿਸੇ ਪੂਰਨ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ। ਪੂਰਬਲੇ ਕਰਮਾਂ ਵਾਲੇ ਪ੍ਰਾਣੀ ਨੂੰ ਹੀ ਇਹ ਦੁਰਲਭ ਦਰਸ਼ਨ ਹੁੰਦੇ ਹਨ। ਪ੍ਰਭੂ ਦੇ ਦਰਸ਼ਨ ਹੋਣ, ਕਿਸੇ ਰੂਪ ਵਿੱਚ ਦੁਰਲੱਭ ਹਨ। ਹੁਣ ਦਰਸ਼ਨ ਅਜੀਬ ਰੂਪ ਦਿੱਤੇ ਹਨ ਪੰਡਤ ਪਰਸ ਰਾਮ ਨੂੰ ਔਖੇ ਰੂਪ ਵਿਚ।

ਪੰਡਤ ਬੂਟਾ ਰਾਮ ਦਾ ਲੜਕਾ ਪਰਸ ਰਾਮ ਭੁੱਚੋ ਕਲਾਂ ਦਾ ਰਹਿਣ ਵਾਲਾ ਸੀ। ਧੰਦਾ ਖੇਤੀਬਾੜੀ ਖਾਨਦਾਨੀ ਸੀ। ਪੂਰਨਮਾਸ਼ੀ ਦੀ ਅੱਧੀ ਰਾਤ, ਚੰਦਰਮਾ ਚਮਕ ਰਿਹਾ ਹੈ। ਪਰਸ ਰਾਮ ਅੱਧੀ ਰਾਤ ਨੂੰ ਖੇਤ ਹੱਲ ਵਾਹੁਣ ਲਈ ਚੱਲ ਪਿਆ। ਹੱਲ ਮੋਢੇ ਉਪਰ ਚੁੱਕੀ ਬੋਤੀ ਨੂੰ ਫੜੀ ਜਾ ਰਿਹਾ ਹੈ। ਅਚਾਨਕ ਸ਼ੇਰ

ਦਾ ਰੂਪ ਦੇਖ ਕੇ ਸਹਿਮ ਗਿਆ। ਇਹ ਸ਼ੇਰ ਨਹੀਂ, ਇਹ ਹੈ ਨਰ ਸਿੰਘ ਅਵਤਾਰ ਦੇ ਰੂਪ ਵਿੱਚ ਮਹਾਂਪੁਰਖ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ।

**ਕਬਿੱਤ**

**ਧਾਰ ਨਰ ਸਿੰਘ ਰੂਪ ਮਹਾਂ ਹਰਿਨਾਮ ਹਰੀ**
**ਟਿੱਲੇ ਉਤੇ ਖੜੇ ਹੋ ਕੇ ਲ੍ਹੀਲਾ ਨੂੰ ਪਸਾਰਦੇ।**
**ਆ ਰਿਹਾ ਹੈ ਪਰਸ ਰਾਮ ਨੂੰ ਪਰਸ ਲਵੇ**
**ਰਾਮ ਨਰ ਸਿੰਘ ਹੋ ਕੇ ਦਿਜ ਨੂੰ ਨਿਹਾਰਦੇ।**
**ਰਾਮ ਪਰਸੇ ਤੋਂ ਬਿਨਾਂ ਪਰਸ ਰਾਮ ਬਣੇ ਕਿਵੇਂ**
**ਸਿਆਣੇ ਲੋਕ ਇਹ ਗਲ ਮਨ ਚ ਵਿਚਾਰਦੇ।**
**ਚਰਨਾਂ ਵਿਚ ਰਹੇ ਡਰੇ ਨਾ ਕਿਸੇ ਵੀ ਗੱਲੋਂ**
**ਮਿਲਦੇ ਨੇ ਪਦਾਰਥ ਚਾਰ ਪ੍ਰਕਾਰ ਦੇ।**
**ਚੌਧਵੀ ਦਾ ਚੰਦ ਅਸਮਾਨ ਤੇ ਚਮਕ ਰਿਹਾ**
**ਨਰ ਸਿੰਘ ਰੂਪ ਸਿੰਘ ਆਪ ਵੀ ਚਮਕਦੇ।**
**ਨੈਣਾਂ ਵਿਚ ਜੋਤ, ਜੋਤ ਜੋਤੀ ਵਿਚ ਮਿਲ ਰਹੀ**
**ਲੰਮੇ ਲੰਮੇ ਰੋਮ ਉਤੇ ਧੌਣ ਤੇ ਲਮਕਦੇ।**
**ਥੋੜਾ ਜਿਹਾ ਡਰ ਕੇ ਖੜੋ ਗਿਆ ਪਰਸ ਰਾਮ**
**ਹੈ ਕਿਹੜ ਆਇਆ ਨੇੜੇ ਬੋਲੇ ਮੁਖ ਚੋਂ ਭਮਕ ਕੇ।**
**ਧੰਨ ਉਹ ਪੁਰਸ਼ ਜਿਨੇ ਪਰਸੇ ਚਰਨ ਉਥੇ**
**ਸੁੰਦਰ ਸਰੂਪ ਵਾਂਗੂੰ ਦਾਮਨੀ ਦਮਕਦੇ।**
**ਅੱਗੋਂ ਪਰਸ ਰਾਮ ਨੇ ਬੇਨਤੀ ਕੀਤੀ।**
**ਹੱਲ ਮੋਢੇ ਤੇ ਹੱਥ ਵਿਚ ਬੋਤੀ।**
**ਸੁਰਤੀ ਧੰਦੇ ਵਿਚ ਪਰੋਤੀ।**
**ਇਹ ਕੰਮ ਮੇਰਾ ਸੁਭਾ ਸ਼ਾਮ ਹੈ।**
**ਨਾਮ ਹਮਾਰਾ ਪਰਸ ਰਾਮ ਹੈ।**

ਬਾਬਾ ਜੀ ਨੇ ਹੱਥ ਦਾ ਇਸ਼ਾਰਾ ਕਰਕੇ ਬਚਨ ਕੀਤਾ। ਗੁਰੂ ਵਾਕ ਹੈ-

**ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥**
**ਤਿਸਕਾ ਮੰਤ੍ਰ ਨ ਜਾਨੈ ਹੋਰੁ ॥**

ਕੀਤਾ ਹੱਥ ਦਾ ਇਸ਼ਾਰਾ ਐਸਾ ਪਸਰਿਆ ਪਸਾਰਾ
ਨਵਾਂ ਵੇਖਿਆ ਨਜਾਰਾ ਕਿਤੇ ਆਉਂਦੇ ਰੱਬ ਗੱਜ ਗੱਜ
ਬੈਠੇ ਸੂਰਮੇ ਸੁਹਾਏ ਤਨ ਬਸਤਰ ਸਜਾਏ
ਉਤੇ ਸ਼ਸਤਰ ਲਗਾਏ ਬਣੀ ਹੋਈ ਸੋਹਣੀ ਸਜ ਧਜ
ਕਿਤੇ ਹਿਣਕਦੇ ਨੇ ਘੋੜੇ ਗਧੇ ਬੋਲਦੇ ਨੇ ਥੋੜੇ
ਚਲੇ ਆਉਂਦੇ ਬਿਨਾਂ ਮੋੜੇ ਇਕ ਦੂਜੇ ਅੱਗੇ ਭੱਜ ਭੱਜ।
ਪਰਸ ਰਾਮ ਦਿਜ ਸਾਥ ਹੱਸ ਬੋਲੇ ਦੀਨਾ ਨਾਥ।
ਦੱਸਣਾ ਨਹੀਂ ਕਿਸੇ ਪਾਸ ਵੇਖੀ ਅੱਖੀਂ ਰੱਜ ਰੱਜ।

ਦੋਹਰਾ

ਰਚਨਾ ਬਹੁ ਪ੍ਰਕਾਰ ਦੀ ਵੇਖ ਲਈ ਪ੍ਰਤੱਖ।
ਮੂਹ ਤੋਂ ਬੋਲ ਨਾ ਸਕਿਆ ਫਰਕ ਨਾ ਸਕੀ ਅੱਖ।
ਹੋਣਗੇ ਪੁਤਰ ਪੰਜ ਹੱਸ ਕੇ ਬਚਨ ਕੀਤਾ,
ਉਸ ਸਮੇਂ ਮੁਖ ਉਤੇ ਤੇਜ ਸੀ ਕਮਾਲ ਦਾ।
ਕੰਨਿਆ ਦੋ ਹੋਣਗੀਆਂ ਦੂਸਰਾ ਬਚਨ ਕੀਤਾ
ਕਰੀ ਨਾ ਫਿਕਰ ਰੱਬ ਸਾਰਿਆ ਨੂੰ ਪਾਲਦਾ।
ਕੰਮ ਵਿਚੋਂ ਸਮਾਂ ਕੱਢ ਰਾਮ ਰਾਮ ਜਪ ਲੈਦਾ,
ਡਰ ਨਹੀਂ ਰਹਿੰਦਾ ਅੱਗੇ ਜਾ ਕੇ ਬੁਰੇ ਹਾਲ ਦਾ।
ਮਹਾਂਹਰਿਨਾਮ ਹਰੀ ਸਰਬ ਸਿਧ ਕਾਮ ਕਰੀ
ਤੇਰੇ ਜੈਸਾ ਤੂੰ ਹੀ ਤੂੰ ਰੂਪ ਹੈ ਅਕਾਲ ਦਾ।
ਫਿਰ ਹੁਕਮ ਦੇ ਤੋਰ ਦਿੱਤਾ ਜਾ ਆਪਣਾ ਕੰਮ ਕਰ।
ਪਹੁੰਚਿਆਂ ਜਾ ਖੇਤ ਵਿਚ ਜਾਇਕੇ ਪਰਸ ਰਾਮ
ਚੜਿਆ ਬੁਖਾਰ ਤੇ ਡਿੱਗਾ ਸੀ ਹਿੱਕ ਪਰਨੇ।
ਜਾਣੀ ਜਾਣ ਗਏ ਹਾਲਤ ਪਛਾਣ ਗਏ
ਪਿਛੇ ਕਰ ਧਿਆਨ ਗਏ ਦੂਰ ਦੁਖ ਕਰਨੇ।
ਉੱਠ ਹਲ ਜੋੜ ਮੁਖੋਂ ਰਾਮ ਰਾਮ ਜਪ ਤਾਈਂ
ਖੜ ਕੇ ਸਿਰਾਣੇ ਮੁਖੋਂ ਇਹ ਬਚਨ ਬਰਨੇ।
ਲਹਿ ਗਿਆ ਬੁਖਾਰ ਝੱਟ ਪੱਟ ਉਠ ਖੜਾ ਗਿਆ
ਸਤਿਨਾਮ ਸਿੰਘ ਜਸ ਕਿਤਨਾ ਕੁ ਬਰਨੇ।

ਇਹ ਬਚਨ ਫਿਰ ਫਲੀ ਭੂਤ ਹੋਇਆ। ਜੋ ਅੱਜ ਪ੍ਰਤੱਖ ਹੈ। ਬੁੱਧ ਰਾਮ ਤੇ ਰਾਮ ਜੀ ਦਾਸ ਹੋਇਆ, ਬ੍ਰਮਾਨੰਦ ਚੋਥਾ ਬਾਲੀ ਰਾਮ ਹੋਇਆ ਸੁਖ ਰਾਮ ਹੈਸੀ ਨਾਮ ਪੰਜਵੇਂ ਦਾ ਇਹ ਬਚਨ ਪ੍ਰਸਿੱਧ ਹੈ ਆਮ ਹੋਇਆ। ਦੋ ਕੰਨਿਆ ਗਾਜੋ ਤੇ ਹੋਈ ਪੂਨੀ ਘਰ ਵਿੱਚ ਸੁਖ ਵਰਤੀ ਤੇ ਅਰਾਮ ਹੋਇਆ। ਪੂਰਨ ਪੁਰਖ ਦਾ ਬਚਨ ਨਾ ਕਦੇ ਮੁੜਦਾ ਕਿਉਂਕਿ ਸੰਤ ਵਿੱਚ ਬੋਲਦਾ ਰਾਮ ਹੋਇਆ।

**ਏਸ ਰਾਮ ਨੂੰ ਜਿਹੜੇ ਪਛਾਣ ਲੈਂਦੇ ਪਾਏ ਲੋਕ ਪ੍ਰਲੋਕ ਦੇ ਸੁਖ ਉਹਨਾਂ।**
**ਧੰਨ ਜਨਮ ਹੈ ਜਿਨਾਂ ਨੇ ਦਰਸ ਪਰਸੇ ਕੀਤੇ ਆਪਣੇ ਉਜਲੇ ਮੁਖ ਉਹਨਾਂ।**

## ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ

ਪ੍ਰਕਿਰਤਕ ਸਾਧਨਾ ਨੂੰ ਜੁਟਾਣ, ਧਰਤੀ, ਅਕਾਸ਼, ਬ੍ਰਹਿਮੰਡ, ਸੂਰਜ, ਚੰਦ, ਤਾਰਿਆ ਨੂੰ ਬਨਾਣ ਵਾਲੀ ਇੱਕ ਅਲੌਕਿਕ ਸ਼ਕਤੀ ਦੀ ਉਪਮਾ ਕੌਣ ਕਰ ਸਕਦਾ ਹੈ। ਹਵਾ, ਪਾਣੀ, ਫੁੱਲ ਪੱਤੀਆ ਦਾ ਸਿਰਜਨਹਾਰ, ਮੋਹ ਖੰਭਾ ਵਿੱਚ ਰੰਗ ਭਰਨਵਾਲਾ ਇਹ ਕਲਾਕਾਰ, ਜੀਵ ਲਈ ਪਦਾਰਥਾਂ ਦੀ ਬਖਸ਼ਿਸ਼ ਕਰਦਾ ਹੈ। ਪਰਬਤਾਂ ਵਿੱਚ ਝਰਨੇ ਫੁਟਾਉਣ ਵਾਲਾ, ਮਾਰੂਥਲਾਂ ਵਿੱਚ ਰੇਤ ਦੇ ਅੰਬਾਰ ਲਾਉਣ ਵਾਲਾ ਪੱਥਰਾਂ ਵਿੱਚ ਬਨਸਪਤੀ ਪੈਦਾ ਕਰਦਾ ਹੈ। ਰੁੱਤਾਂ, ਦਿਨ, ਰਾਤ ਦੇ ਮਾਲਕ ਦੀ ਕਲਾ ਸਾਡੇ ਮਨ ਦਾ ਦਰਵਾਜਾ ਖਟਖਟਾਉਂਦੀ ਹੈ ਕਿ ਉਠ ਜਾਗ, ਪਛਾਣ ਕਰ ਇਸ ਕਲਾ ਕਿਰਤ ਸਿਰਜਨਹਾਰ ਦੀ।

ਸਾਦਾ ਲਿਬਾਸ, ਲੋਕ ਵਿਖਾਵਾ ਨਹੀਂ, ਭੇਖ ਕੋਈ ਨਹੀਂ, ਸ੍ਰਿਸ਼ਟੀ ਵਿੱਚ ਬੈਠੇ ਦੁਨਿਆਵੀ ਅਤੇ ਪ੍ਰਮਾਰਥ ਦੇ ਪਦਾਰਥ ਦੋਵਾਂ ਹੱਥਾਂ ਨਾਲ ਵੰਡੀ ਜਾ ਰਹੇ ਹਨ। ਸਾਧੂ ਮਹਾਤਮਾ ਕਿਸੇ ਵੀ ਭੇਖ ਵਿੱਚ ਹੋਵੇ ਭਾਂਡੇ ਦੀ ਸਮਰੱਥਾ ਅਨੁਸਾਰ ਬਖਸ਼ਿਸ਼ਾਂ ਨਾਲ ਭਰਪੂਰ ਕਰੀ ਜਾ ਰਹੇ ਹਨ। ਵਰਤਦੇ ਭੰਡਾਰਿਆਂ ਵਿਚੋਂ ਕੁਝ ਕ ਮਾਤ੍ਰ ਲੈਣ ਲਈ ਪਹੁੰਚੇ ਹਨ ਇੱਕ ਸੰਨਿਆਸੀ ਸੰਪ੍ਰਦਾ ਵਿੱਚੋ ਮਹਾਂਪੁਰਖ ਸ਼ੰਕਰਾਪੁਰੀ"! ਮੰਡਲੀ ਸਮੇਤ ਤੁੰਗਵਾਲੀ ਪਿੰਡ ਪਹੁੰਚੇ ਸਨ। ਨਿਰੰਕਾਰੀ ਪ੍ਰੇਨਾ ਸਦਕਾ ਮਨ ਦਰਸ਼ਨਾਂ ਲਈ ਪਰੇਰਿਆ ਗਿਆ। ਪਹੁੰਚ ਗਏ। ਸੰਗਤ ਕਾਫੀ ਬੈਠੀ ਸੀ। ਮੱਥਾ ਟੇਕਿਆ ਤਾਂ ਹਜੂਰ ਨੇ ਬਚਨ ਕੀਤਾ "ਦਰਸ਼ਨ ਹੈ ਕਿ ਪ੍ਰਸ਼ਨ।"

"ਮਹਾਰਾਜ! ਦਰਸ਼ਨ ਤਾਂ ਹੋ ਗਏ ਪ੍ਰਸ਼ਨ ਬਾਕੀ ਹੈ" ਸਵਾਮੀ ਜੀ ਨੇ ਬਚਨ ਕੀਤਾ। "ਹਾਂ ! ਪ੍ਰਸ਼ਨ ਕਰੋ" ਹੁਕਮ ਹੋਇਆ।

"ਹਜ਼ੂਰ ਇਕੱਲਿਆਂ ਕੋਲ ਕਰਾਂਗਾ ਰਾਤ ਦੇ ਸਮੇਂ। ਸਵਾਮੀ ਜੀ ਪ੍ਰਸ਼ਨ ਅਭੇਦ ਰੱਖਣਾ ਚਾਹੁੰਦੇ ਸਨ। ਆਪਾਂ ਰਾਤ ਹੁਣ ਹੀ ਬਣਾ ਲੈਂਦੇ ਹਾਂ।" ਬਾਬਾ ਜੀ ਪ੍ਰਸ਼ਨ ਦੇ ਜਵਾਬ ਲਈ ਤੱਤਪਰ ਸਨ।

ਬੈਠੀ ਸੰਗਤ ਨੂੰ ਹੁਕਮ ਕੀਤਾ "ਦੂਰ ਥੱਲੇ ਜਾ ਕੇ ਬੈਠ ਜਾਓ। ਸਵਾਮੀ ਜੀ ਨੂੰ ਅੰਦਰ ਕੁਟੀਆ ਵਿੱਚ ਬੁਲਾ ਲਿਆ ਅਤੇ ਦਰਵਾਜਾ ਬੰਦ ਕਰ ਲਿਆ। ਹੁਕਮ ਕੀਤਾ।" ਲੈ ਹੋ ਗਈ ਨ ਰਾਤ, ਹੁਣ ਪ੍ਰਸ਼ਨ ਦੱਸੋ।

ਹੁਣ ਗੁਪਤ ਉੱਤਰ ਪ੍ਰਸ਼ਨ ਹੋ ਰਹੇ ਹਨ। ਨਿਰੰਕਾਰ ਅਭੇਦੀ ਪ੍ਰਮਾਰਥ ਦੀ ਵਿਚਾਰ ਗੋਸ਼ਟੀ ਕਰ ਰਹੇ ਹਨ। ਸਮਾਂ ਬੀਤਦਾ ਗਿਆ ਇੱਕ ਘੰਟੇ ਬਾਦ ਦਰਵਾਜਾ ਖੁੱਲਿਆ ਕੁਟੀਆਂ ਦਾ ਪਰ ਉਸ ਤੋਂ ਪਹਿਲਾ ਸੰਕਰਾਪੁਰੀ ਦੇ ਪ੍ਰਸ਼ਨ ਦਾ ਦਰਵਾਜਾ ਖੁਲ ਗਿਆ ਸੀ। ਸਵਾਮੀ ਜੀ ਆਗਿਆ ਲੈ ਕੇ ਆਪਦੇ ਮਾਰਗ ਵੱਲ ਚਲ ਪਏ। ਰਸਤੇ ਵਿੱਚ ਸਾਧੂ ਮੰਡਲੀ ਨੇ ਵਿਚਾਰ ਗੋਸ਼ਟੀ ਬਾਰੇ ਪੁੱਛਿਆ ਤਾਂ ਸੁਆਮੀ ਜੀ ਨੇ ਜਵਾਬ ਦਿੱਤਾ "ਸੰਤ ਰੂਪ ਧਾਰ ਭਗਵਾਨ ਆਪ ਬੈਠੇ ਹਨ।"

**ਕਬਿੱਤ ਦੀ ਪਹਿਲੀ ਪੰਗਤੀ ਸਾਧੂਆਂ ਦਾ ਸਵਾਲ ਹੈ**
**ਅਗਲੀਆਂ ਦੋ ਪੰਗਤੀਆਂ ਸਵਾਮੀ ਜੀ ਦਾ ਜਵਾਬ ਹੈ।**
**ਤੁਹਾਡੇ ਮੁੱਖ ਤੇ ਸਰੂਰ ਚੇਹਰਾ ਹੋਇਆ ਨੂਰੋ ਨੂਰ**
**ਕੁਛ ਵੇਖਿਆ ਜਰੂਰ ਅੱਗੇ ਪੁਛੇ ਮੰਡਲੀ**

ਜਵਾਬ-ਵੇਖਿਆ ਨਹੀਂ ਮਿਲਿਆ, ਕੌਲ ਹਿਰਦੇ ਦਾ ਖਿਲਿਆ ਹੋਈ ਸਾਧਨਾ ਸਫਲ ਜੇਹੜੀ ਸਾਧੀ ਸੀ ਅਖੰਡਲੀ।

**ਕਹਾਂ ਮੈਂ ਬਖਾਨੋਂ, ਕੁਛ ਕਹੇ ਨ ਆਵੇ**
**ਨਾ ਆਦਿ ਹੈ ਨ ਅੰਤ ਐਸਾ ਤੇਜ ਪ੍ਰਚਡੰਲੀ**
**ਸੰਤ ਰੂਪ ਧਾਰ ਆਪ ਬੈਠਾ ਭਗਵਾਨ ਇੱਥੇ।**
**ਜਿੰਨ੍ਹਾਂ ਪਰਸੇ ਚਰਨ ਤਿਨ੍ਹਾਂ ਮੁਕੀ ਜਮਡੰਡਲੀ।**

ਸ਼ੰਕਰਾਪੁਰੀ ਜੀ ਆਤਮਿਕ ਬਲ ਦੇ ਨਿਪੁੰਨ ਸਨ। ਆਪ ਜੀ ਨੇ ਲੇਖਕ ਦੇ ਪਿਤਾ ਨੂੰ ਬਚਨ ਪਹਿਲਾ ਕੀਤਾ ਸੀ ਕਿ ਆਪ ਭੁਚੋ ਬਾਬਾ ਜੀ ਦੀ ਸੇਵਾ ਵਿੱਚ ਰਹੋਗੇ। ਸ. ਰਤਨ ਸਿੰਘ ਜੀ ਨੇ ਕਿਹਾ "ਸਵਾਮੀ ਜੀ ਮੈਨੂੰ ਤਾਂ ਉਨ੍ਹਾਂ ਦਾ ਪਤਾ ਟਿਕਾਣਾ ਨਹੀਂ।" ਕਹਿਣ ਲੱਗੇ "ਸਮਾਂ ਆਉਣ ਤੇ ਸਭ ਪਤਾ ਲੱਗ ਜਾਏਗਾ।" ਇਹ ਪ੍ਰਸੰਗ ਅੱਗੇ ਆਵੇਗਾ ਜਦ ਸੇਵਾ ਵਿੱਚ ਆਏ ਤਾਂ ਕਿਸ ਤਰ੍ਹਾਂ ਆਏ।

(ਇਹ ਪ੍ਰਸੰਗ ਲੇਖਕ ਦੇ ਪਿਤਾ ਜੀ ਤੋਂ ਮਿਲਿਆ)

# ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ

ਸੰਸਾਰ ਅੰਦਰ ਵਿਚਰਣ ਵਾਲੇ ਜੀਵ ਨੂੰ ਪੰਜ ਵਿਕਾਰਾਂ ਵੱਲੋਂ ਕੀਤੀ ਹਾਰ ਮਹਾਂਪੁਰਖਾਂ ਦੇ ਦਰਵਾਜੇ ਅੱਗੇ ਜਾ ਖੜਾ ਕਰਦੀ ਹੈ। ਜਿੱਤ ਦੀ ਕਲਪਨਾ ਕਰਦਾ ਇਨਸਾਨ ਹੋਰ ਦਲਦਲ ਦੀ ਮਿੱਟੀ ਵਾਂਗ ਗਰਕਦਾ ਚਲਾ ਜਾਂਦਾ ਹੈ। ਭੁਲ ਜਾਂਦਾ ਹੈ ਪ੍ਰਭੂ ਦੀ ਹੋਂਦ ਨੂੰ। ਪਰ ਜਿਸ ਪ੍ਰਾਣੀ ਤੇ ਪ੍ਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਹੋ ਜਾਏ ਉਸ ਦੀ ਅੰਤਰ ਜੋਤ ਗੁਰਮਤਿ ਸਦਕਾ ਜਾਗ ਉਠਦੀ ਹੈ। ਉਸਦਾ ਮਨ ਵਿਕਾਰਾਂ ਤੋਂ ਬੇਪਰਵਾਹ ਹੋ ਕੇ ਨਿਰੰਕਾਰੀ ਜੋਤ ਦੀ ਸੇਵਾ ਦੀ ਉਮੰਗ ਰੱਖਣ ਲਗਦਾ ਹੈ। ਫਿਰ ਪ੍ਰਭੂ ਦੀ ਅੰਤਰ ਪ੍ਰੇਰਨਾ ਨਾਲ ਸੇਵਾ ਦੀ ਉਮੰਗ ਰੱਖਣ ਲਗਦਾ ਹੈ। ਫਿਰ ਪ੍ਰਭੂ ਦੀ ਅੰਤਰ ਪ੍ਰੇਰਨਾ ਨਾਲ ਸੇਵਾ ਅੰਦਰ ਲੱਗ ਜਾਂਦਾ ਹੈ।

ਸ. ਭਾਗ ਸਿੰਘ ਪਿੰਡ ਜੱਸੀ ਪੌ ਵਾਲੀ ਦਾ ਰਹਿਣ ਵਾਲਾ ਇੱਕ ਸਧਾਰਣ ਕਿਸਾਨ ਸੀ। ਇਸ ਨੂੰ ਅਸਾਧ ਰੋਗ ਲੱਗ ਗਿਆ। ਬਹੁਤ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਅਰਾਮ ਨਾ ਆਇਆ। ਕਿਸੇ ਆਦਮੀ ਨੇ ਸਲਾਹ ਦਿੱਤੀ ਕਿ ਭੁੱਚੋ ਵਾਲੇ ਮਹਾਂਪੁਰਖਾਂ ਕੋਲ ਬੇਨਤੀ ਕਰਕੇ ਦੇਖ ਲਓ ਕਿਧਰੇ ਮੇਹਰ ਦੀ ਨਿਗਾਹ ਪੈ ਜਾਵੇ। ਸਰੋਤ ਸੁਣਦਿਆਂ ਹੀ ਭੁੱਚੋ ਪਹੁੰਚ ਗਿਆ।

ਨਮਸਕਾਰ ਕਰਨ ਉਪਰੰਤ ਦੁੱਖ ਤਕਲੀਫ ਹਜੂਰ ਅੱਗੇ ਦੱਸੀ। ਦੀਨ ਦਿਆਲ ਪਾਤਸ਼ਾਹ ਨੇ ਇਸ ਨੂੰ ਮੱਟੀ ਦਾ ਜਲ ਛਕਾਇਆ ਅਤੇ ਸ਼ਰ੍ਹਾ ਕਰੀ ਤਾਂ ਤਕਲੀਫ ਉਸੇ ਸਮੇਂ ਦੂਰ ਹੋ ਗਈ। ਦੋ ਦਿਨ ਇਥੇ ਰਹਿਣ ਤੋਂ ਬਾਅਦ ਭਾਗ ਸਿੰਘ ਨੇ ਆਗਿਆ ਮੰਗੀ। ਬਾਬਾ ਜੀ ਨੇ ਬਚਨ ਕੀਤਾ “ਇਹ ਤੇਰਾ ਕਿਸੇ ਜਨਮ ਦਾ ਪਾਪ ਫਲ ਸੀ। ਜੋ ਰੋਗ ਦੇ ਰੂਪ ਵਿੱਚ ਲੱਗਿਆ ਸੀ। ਹੁਣ ਸੇਵਾ ਕਰਕੇ ਪੁੰਨ ਵਧਾ ਲਓ।”

ਭਾਗ ਸਿੰਘ “ਸਤਿ ਬਚਨ” ਕਹਿ ਕੇ ਸੇਵਾ ਵਿੱਚ ਲੱਗ ਗਿਆ। ਕਈ ਸਾਲ ਸੇਵਾ ਕਰਦਾ ਰਿਹਾ।

ਇਕ ਦਿਨ ਭਾਗ ਸਿੰਘ ਸੇਵਾ ਵਿੱਚ ਬਾਬਾ ਜੀ ਦੇ ਆਸਣ ਕੋਲ ਬੈਠਾ ਸੀ। ਅਚਾਨਕ ਬਾਬਾ ਜੀ ਉਠ ਕੇ ਖੜੇ ਹੋ ਗਏ ਤੇ ਬਚਨ ਕਰਨ ਲੱਗੇ "ਹਰੇ ਹਰੇ।" ਇਸ ਤਰ੍ਹਾਂ ਕਈ ਵਾਰ ਕੀਤਾ ਤਾਂ ਭਾਗ ਸਿੰਘ ਨੇ ਬੇਨਤੀ ਕਰ ਦਿੱਤੀ "ਮਹਾਰਾਜ! ਇਹ ਕੀ ਕੌਤਕ ਹੈ ਤੁਸੀਂ ਵਾਰ ਵਾਰ" "ਹਰੇ ਹਰੇ" ਖੜੇ ਹੋ ਕੇ ਜਪਦੇ ਹੋ।

ਬਾਬਾ ਜੀ ਨੇ ਬਚਨ ਕੀਤਾ "ਇਹ ਸਾਡੀ ਆਪਣੀ ਗੱਲ ਹੈ।"

ਭਾਗ ਸਿੰਘ ਚੁਪ ਕਰ ਗਿਆ। ਕੁਝ ਸਮੇਂ ਬਾਅਦ ਉਸ ਨੇ ਫੇਰ ਪੁਛਿਆ ਆਪਨੇ ਫਿਰ ਚੁਪ ਕਰਾ ਦਿੱਤਾ। ਵਾਰ ਵਾਰ ਪੁੱਛਣ ਤੇ ਇੱਕ ਦਿਨ ਕਹਿਣ ਲੱਗੇ "ਤੂੰ ਬਹੁਤ ਜਿੱਦੀ ਹੈ ਪੁੱਛਣੋ ਨਹੀਂ ਹੱਟਦਾ ਅੱਜ ਤੈਨੂੰ ਅੱਖੀ ਦਿਖਾ ਦਿੰਦੇ ਹਾਂ।" ਉਸ ਸਮੇਂ ਦੋ ਬੀਬੀਆਂ, ਬੀਬੀ ਸਾਹਿਬ ਕੋਰ ਦਾਦੂ ਮਠ ਵਾਲੀ ਇੱਕ ਹੋਰ ਸੀ। ਬਾਬਾ ਜੀ ਨੇ ਹੁਕਮ ਕੀਤਾ।

"ਦੇਵੀ ਤੁਸੀਂ ਚਲੀਆ ਜਾਉ ਅਸੀਂ ਆਪਣੀ ਲ੍ਹੀਲਾ ਕਰਨੀ ਹੈ।"

ਬੀਬੀਆਂ ਦੇ ਜਾਣ ਉਪਰੰਤ ਬਾਬਾ ਜੀ ਨੇ ਭਾਗ ਸਿੰਘ ਨੂੰ ਕੋਲ ਬੁਲਾ ਲਿਆ ਤੇ ਬਚਨ ਕੀਤਾ "ਲੈ ਦੇਖ ਲਵੀ ਜੋ ਦੇਖਣਾ ਚਾਹੁੰਦਾ ਹੈਂ ਅਸੀਂ ਖੜੇ ਹੁੰਦੇ ਹਾਂ।"

ਬਾਬਾ ਜੀ ਦੇ ਖੜੇ ਹੋਣ ਤੋਂ ਪਹਿਲਾ ਭਾਗ ਸਿੰਘ ਕੀ ਦੇਖਦਾ ਹੈ ਕਿ ਹਾਥੀ, ਘੋੜਿਆ ਉਤੇ ਸਵਾਰ, ਰਥਾਂ ਵਿੱਚ ਬੇਅੰਤ ਲੋਕ ਆ ਰਹੇ ਹਨ। ਉਹ ਲੰਘ ਗਏ ਪਰ ਆਪ ਬੈਠੇ ਰਹੇ। ਪਿਛੋਂ ਬੜੇ ਹੀ ਅਸਚਰਜ ਸਰੂਪ ਅਸਚਰਜ ਸਵਾਰੀ ਤੇ ਸਵਾਰ ਹੋ ਕੇ ਆ ਰਹੇ ਹਨ। ਬਾਬਾ ਜੀ ਖੜੇ ਹੋ ਕੇ ਮੁੱਖ ਤੋਂ ਬੋਲੇ "ਹਰੇ"। ਇਸ ਤਰ੍ਹਾਂ ਦੁਪਹਿਰ ਤੋਂ ਸ਼ਾਮ ਤਕ ਚਲਦਾ ਰਿਹਾ। ਦਿਬ ਸਰਪ ਆਉਂਦਾ ਤਾਂ ਹਜੂਰ ਨੇ ਬਚਨ ਕੀਤਾ "ਦੇਖ ਲਿਆ ਕਿ ਅਜੇ ਹੋਰ ਦੇਖਣਾ ਹੈ ?"

ਭਾਗ ਸਿੰਘ ਨੇ ਮਾਫੀ ਮੰਗੀ ਤੇ ਕਿਹਾ "ਮਹਾਰਾਜ! ਤੁਹਾਡੀਆਂ ਤੁਸੀਂ ਹੀ ਜਾਣਦੇ ਹੋ। ਗਰੀਬ ਨਿਵਾਜ ਸਾਨੂੰ ਕਲਯੁਗੀ ਜੀਵਾਂ ਨੂੰ ਕੀ ਪਤਾ ਹੈ।

**ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ॥**

*(ਅੰਗ ੯੨੨)*

## ਸਲਾਮੁ ਜਬਾਬੁ ਦੋਵੈਂ ਕਰੇ ਮੁੰਢਹੁ ਘੁਥਾ ਜਾਇ

ਫਰਿਆਦੀ ਲਈ ਹਾਕਮ ਪ੍ਰਮੇਸ਼ਰ ਦਾ ਸਰੂਪ ਹੁੰਦਾ ਹੈ। ਉਸਦੀ ਬੇਨਤੀ ਦਾ ਇਲਾਜ ਮਹਾਂਪੁਰਖਾਂ ਦਾ ਬਚਨ ਦਵਾਈ ਹੈ। ਸਾਧ ਸੰਗਤ ਵਿੱਚ ਕੀਤਾ ਮਹਾਂਪੁਰਖਾਂ ਦਾ ਬਚਨ ਅਮੋਲਕ ਮਹੱਤਤਾ ਰਖਦਾ ਹੈ। ਸਰੋਤਾ ਜਨ ਇਸ ਬ੍ਰਹਮ ਗਿਆਨ ਤੋਂ ਅਣਜਾਨ ਹੋਣ ਕਰਕੇ ਵਾਦ ਵਿਵਾਦ ਅੰਦਰ ਪੈ ਕੇ ਪ੍ਰਤੱਖ ਦੇਖਣਾ ਚਾਹੁੰਦਾ ਹੈ। ਪਰ ਇਹ ਅਭੇਦ ਸ਼ਕਤੀਆਂ ਪ੍ਰਤੱਖ ਤੋਂ ਕੰਨੀ ਕਤਰਾਉਂਦੀਆਂ ਹਨ। ਇਸੇ ਤਰ੍ਹਾਂ ਹੀ ਸਿਰੀਏ ਵਾਲੇ ਦਾ ਇੱਕ ਸਿੰਘ ਬਾਬਾ ਜੀ ਨਾਲ ਵਾਦ ਵਿਵਾਦਾ ਵਿੱਚ ਪੈ ਕੇ ਸਜਾ ਦਾ ਭਾਗੀ ਬਣਦਾ ਹੈ।

ਸਿਰੀਏ ਵਾਲੇ ਪਿੰਡ ਦੀ ਸਾਖੀ ਆਪ ਪਹਿਲੇ ਹਿੱਸੇ ਵਿੱਚ ਪੜ੍ਹ ਚੁੱਕੇ ਹੋ। ਜਦੋਂ ਦੋ ਨੌਜਵਾਨਾਂ ਨੇ ਬਾਬਾ ਜੀ ਦੇ ਮੁੱਖ ਤੋਂ ਪੱਲਾ ਲਾਹਿਆ ਸੀ, ਉਸ ਗਲਤੀ ਦਾ ਅਹਿਸਾਸ ਕਰਕੇ ਉਥੋਂ ਦੀ ਪੰਚਾਇਤ ਬਾਬਾ ਜੀ ਦੀ ਭਾਲ ਕਰਦੀ ਰਹੀ। ਬਾਬਾ ਜੀ ਦੇ ਭੁੱਚੋ ਹੋਣ ਦੀ ਖਬਰ ਉਨ੍ਹਾਂ ਨੂੰ ਮਿਲ ਗਈ ਭਾਈ ਨੱਥਾ ਸਿੰਘ, ਭਾਈ ਹਜ਼ਾਰਾ ਸਿੰਘ, ਭਾਈ ਮੇਘਾ ਸਿੰਘ ਅਤੇ ਮਾਈ ਪ੍ਰਤਾਪ ਕੌਰ ਬਾਬਾ ਜੀ ਦੇ ਚਰਨਾਂ ਵਿੱਚ ਭੁੱਚੋ ਪਹੁੰਚ ਹੁਕਮ ਅਨੁਸਾਰ ਟਿੱਲੇ ਉਪਰ ਪਹੁੰਚ ਗਏ। ਉਹਨਾਂ ਨੇ ਸਿਰੀਏ ਵਾਲੇ ਦਾ ਪੁਰਾਣਾ ਕਿੱਸਾ ਦੱਸ ਕੇ ਬੇਨਤੀ ਕੀਤੀ "ਮਹਾਰਾਜ ਅਸੀਂ ਭੁੱਲ ਬਖਸ਼ਾਉਣ ਆਏ ਹਾਂ।"

ਹਜੂਰ ਨੇ ਉੱਤਰ ਵਿੱਚ ਫੁਰਮਾਇਆ "ਕੋਈ ਗੱਲ ਨਹੀਂ "ਸ਼ੁੱਧ ਹੈ।" ਫਿਰ ਹੋਰ ਬਚਨ ਕਰਦੇ ਰਹੇ। ਇਨ੍ਹਾਂ ਵਿਚੋਂ ਇੱਕ ਸਿੰਘ ਨੇ ਪੁਰਾਣੀ ਗੱਲ ਤੇ ਵਾਦ ਵਿਵਾਦ ਸ਼ੁਰੂ ਕਰ ਦਿੱਤਾ। ਉਹ ਬੋਲੇ ਤੇ ਬਾਬਾ ਜੀ ਚੁੱਪ ਕਰ ਜਾਣ। ਬਾਬਾ ਜੀ ਫਿਰ ਬੋਲਣ ਤਾਂ ਉਹ ਬਚਨ ਵਿਚੋਂ ਹੀ ਕੱਟ ਦੇਵੇ। ਸਾਥੀਆਂ ਨੇ ਬੜਾ ਸਮਝਾਇਆ ਪਰ ਉਹ ਆਪਣੀ ਜਿੱਦ ਤੇ ਅੜਿਆ ਰਿਹਾ। ਜਦ ਚੁੱਪ ਨਾ ਕਰਿਆ ਤਾਂ ਬਾਬਾ ਜੀ ਨੇ ਬਚਨ ਕੀਤਾ "ਤੂੰ ਪਿਛਲੇ ਜਨਮ ਵਿੱਚ ਵੀ ਸਾਡੇ ਨਾਲ ਝਗੜਦਾ ਰਿਹਾ ਹੈ।"

ਉਹ ਫਿਰ ਬੋਲ ਉਠਿਆ "ਇਤਨਾ ਮੈਨੂੰ ਕੀ ਪਤਾ।" ਹਜ਼ੂਰ ਨੇ ਪੱਟ ਨੰਗਾ ਕਰਕੇ ਦਿਖਾਇਆ ਤੇ ਬਚਨ ਕੀਤਾ "ਤੂੰ ਸਾਡੇ ਕੁਹਾੜੀ ਮਾਰੀ ਸੀ। ਇਹ ਉਸ ਜਖਮ ਦਾ ਨਿਸ਼ਾਨ ਹੈ।"

ਸਾਰੀ ਸੰਗਤ ਨੇ ਗਲਤੀ ਦੀ ਮਾਫੀ ਮੰਗੀ। ਉਸ ਨੂੰ ਵੀ ਕਿਹਾ "ਭੁੱਲ ਬਖਸ਼ਾ ਲੈ। ਪਹਿਲੀ ਗਲਤੀ ਦੀ ਮਾਫੀ ਲੈਣ ਆਏ ਹੋਰ ਨਾ ਕਰ ਬੈਠੀਏ।"

ਉਸ ਨੇ ਭੁੱਲ ਬਖਸ਼ਾਉਣ ਲਈ ਬੇਨਤੀ ਕੀਤੀ ਤਾਂ ਬਾਬਾ ਜੀ ਮਹਾਰਾਜ ਨੇ ਬਚਨ ਕੀਤਾ "ਸਾਡੀ ਕੈਦ ਕੱਟਣੀ ਹੈ ਜਾਂ ਸਰਕਾਰੀ।"

ਉਸ ਨੇ ਕਿਹਾ "ਜੋ ਤੁਹਾਡਾ ਹੁਕਮ ਹੋਵੇਗਾ ਮੰਨਾਗਾਂ।"

ਹੁਕਮ ਇਹ ਹੈ "ਇਕੀ ਰਾਤਾਂ ਮਾਨੋਵਾਲੀ ਢਾਬ ਤੇ ਇੱਕੀ ਰਾਤਾਂ ਮਹਾਜਨਾਂ ਵਾਲੀ ਮੱਟੀ ਤੇ ਇੱਕੀ ਰਾਤਾਂ ਬੇਰੀ ਹੇਠ (ਜਿੱਥੇ ਅਸੀਂ ਰਹੇ ਸਾਂ) ਪੈਣਾ ਹੈ। ਜੇ ਪਵੇਂਗਾ ਨਹੀਂ ਜਾਂ ਵਿਚਾਲੇ ਛੱਡ ਦੇਵੇਂਗਾ ਤਾਂ ਸਰਕਾਰੀ ਕੈਦ ਹੋ ਜਾਵੇਗੀ।" ਸੰਗਤ ਵਿੱਚ ਸਾਰੀਆਂ ਸ਼ਰਤਾਂ ਮੰਨ ਲਈਆਂ, ਸਭ ਨੂੰ ਆਗਿਆ ਮਿਲ ਗਈ। ਉਸ ਨੇ ਪਿੰਡ ਪਹੁੰਚ ਕੇ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ। ਦਸ ਕੁ ਦਿਨਾ ਬਾਅਦ ਪਹਿਰਾ ਬੰਦ ਕਰ ਦਿੱਤਾ। ਕੁਝ ਸਮੇਂ ਬਾਅਦ ਇੱਕ ਮਾਮੂਲੀ ਜਿਹੇ ਬਹਾਨੇ ਸਦਕਾ ਕੇਸ ਬਣ ਗਿਆ। ਇਸ ਦੇ ਫੈਸਲੇ ਵਿੱਚ ਤਿੰਨ ਮਹੀਨੇ ਦੀ ਕੈਦ ਹੋ ਗਈ। ਇਸ ਤੋਂ ਉਪਰੰਤ ਇਸ ਪਿੰਡ ਦਾ ਕਿਸ਼ਨ ਸਿੰਘ ਘਰ ਤੋਂ ਗੁੱਸੇ ਹੋ ਕੇ ਚਲਾ ਗਿਆ। ਘਰ ਵਾਲਿਆਂ ਨੇ ਬਾਬਾ ਜੀ ਕੋਲ ਫਰਿਆਦ ਕੀਤੀ ਤਾਂ ਹਜ਼ੂਰ ਨੇ ਬਚਨ ਕੀਤਾ "ਉਹ ਨਹੀਂ ਮਿਲਦਾ ਜਿੱਥੇ ਜਾਣਾ ਸੀ ਪਹੁੰਚ ਗਿਆ ਹੈ।" ਸੋ ਇਸ ਤਰ੍ਹਾਂ ਮਹਾਂਪੁਰਖਾਂ ਦੀ ਬਰਾਬਰੀ ਮਨ ਨੂੰ ਕਲਪਨਾ ਦੀ ਚਿਖਾ ਤੇ ਬਿਠਾਣਾ ਹੈ। ਸਤਿਬਚਨ ਦਾ ਅਧਿਕਾਰੀ ਹੀ ਨਿਰੰਕਾਰੀ ਜੋਤ ਦੀਆਂ ਖੁਸ਼ੀਆਂ ਦਾ ਅਨੰਦ ਮਾਣ ਸਕਦਾ ਹੈ।

(ਇਹ ਪ੍ਰਸੰਗ ਨੱਥਾ ਸਿੰਘ ਸਿਰੀਏਵਾਲਾ ਨੇ ਲਿਖਾਇਆ)

# ਆਗਿਆਕਾਰੀ ਸਦਾ ਸੁਖੁ ਭੁੰਚੈ
# ਜਤ ਕਤ ਪੇਖਉ ਹਰਿ ਗੁਨੀ

ਸ੍ਰਿਸ਼ਟੀ ਸਾਜਣਹਾਰ, ਛਿਨ ਮਾਤ੍ਰ ਵਿੱਚ ਇਨਸਾਨੀ ਆਤਮਾ ਦਾ ਪਹਿਰਾਵਾ ਬਦਲ ਦੇਣ ਵਾਲਾ, ਪਰਤੱਖ ਰੂਪ ਵਿੱਚ ਧਰਤੀਆਂ ਅਕਾਸ਼ ਹਵਾ, ਪਾਣੀ ਅਤੇ ਲੋਕ ਪਰਲੋਕ ਦੀ ਸ਼ਕਲ ਅੰਦਰ ਮਨੁੱਖ ਦੇ ਸਾਹਮਣੇ ਹੈ। ਆਸਾਂ ਤ੍ਰਿਸ਼ਨਾਂ ਦੀਆਂ ਲਹਿਰਾਂ ਵਿੱਚ ਗੋਤੇ ਖਾਂਦੇ ਇਨਸਾਨ ਦਾ ਤਮਾਸ਼ਾ ਖੁਦ ਮਹਾਂਪੁਰਖਾਂ ਦੇ ਪਹਿਰਾਵੇ ਵਿੱਚ ਆ ਕੇ ਦੇਖਦਾ ਹੈ। ਪੂਰਬਲੇ ਕਰਮਾਂ ਦਾ ਬਲੀ ਇਹੋ ਜਿਹੇ ਮਹਾਂਪੁਰਖਾਂ ਦੀ ਸੇਵਾ ਵਿੱਚ ਆਉਂਦਾ ਹੈ। ਆਗਿਆ ਵਿੱਚ ਰਹਿ ਕੇ ਲੋਕ ਪ੍ਰਲੋਕ ਦੇ ਸੁੱਖ ਪ੍ਰਾਪਤ ਕਰਦਾ ਹੈ। ਜਤ ਕਤ ਉਸ ਨੂੰ ਮਹਾਂਪੁਰਖਾਂ ਵਿਚੋਂ ਪ੍ਰਭੂ ਦੀ ਝਾਤ ਪੈਂਦੀ ਹੈ। ਇਹੋ ਪ੍ਰਾਪਤ ਕੀਤਾ ਮੁਨਸ਼ੀ ਹਰਦਿੱਤ ਸਿੰਘ ਜੀ ਨੇ ਬਾਬਾ ਜੀ ਦੇ ਚਰਨ ਸ਼ਰਨ ਆ ਕੇ।

ਮੁਨਸ਼ੀ ਹਰਦਿੱਤ ਸਿੰਘ ਜੀ ਪਟਿਆਲੇ ਦੇ ਰਹਿਣ ਵਾਲੇ ਸਨ।ਆਪ ਨੇ ਆਲਮ,ਫਾਜਲ,ਉਰਦੂ ਫਾਰਸੀ ਦੀ ਪੜ੍ਹਾਈ ਕੀਤੀ ਹੋਈ ਸੀ। ਉਸ ਸਮੇਂ ਬੁਧੀਮਾਨੀ, ਵਿਦਵਾਨੀ ਅਤੇ ਗਿਆਨੀ ਪੰਜਾਬੀ ਦੀਆਂ ਡਿਗਰੀਆਂ ਸਨ। ਇਸੇ ਤਰਾਂ ਆਪ ਨੇ ਉਰਦੂ ਤੇ ਫਾਰਸੀ ਦੀ ਡਿਗਰੀ ਕੀਤੀ ਹੋਈ ਸੀ। ਮੁਨਸ਼ੀ ਜੀ ਪਟਿਆਲੇ ਨੌਕਰੀ ਕਰਦੇ ਸਨ। ਕਿਸੇ ਕਾਰਨ ਆਪ ਨੂੰ ਨੌਕਰੀ ਤੋਂ ਜੁਆਬ ਮਿਲ ਗਿਆ। ਬਾਬਾ ਜੀ ਪਾਸ ਨੌਕਰੀ ਲਈ ਬੇਨਤੀ ਕਰਨ ਆਇਆ ਤਾਂ ਬਾਬਾ ਜੀ ਨੇ ਆਪਣੇ ਕੋਲ ਹੀ ਰੱਖ ਲਿਆ ਅਤੇ ਸਰਕਾਰੀ ਨੌਕਰੀ ਦੇ ਬਰਾਬਰ ਦੀ ਤਨਖਾਹ ਦੇਣ ਲੱਗ ਪਏ। ਉਨ੍ਹਾਂ ਦਾ ਕੰਮ ਆਈ ਸੰਗਤ ਦੇ ਨਾਮ ਲਿਖਣਾ। ਜਿਸ ਬਾਰੇ ਹੁਕਮ ਹੋਣਾ ਕਿ ਇਸ ਦੇ ਨਾਨਕੇ, ਦਾਦਕੇ ਸਹੁਰੇ, ਭੂਆ, ਮਾਮੀਆਂ, ਆਦਿ ਦੇ ਨਾਮ ਲਿਖੋ ਉਹ ਮੁਨਸ਼ੀ ਜੀ ਨੇ ਲਿਖਣੇ। ਹਜੂਰ ਨੇ ਜੋ ਅੱਖਰ ਮੁੱਖ ਤੋਂ ਉਚਾਰਨ ਕਰਨਾ ਉਹ ਹੀ ਲਿਖਦਾ ਵੱਧ ਘੱਟ ਨਹੀਂ। ਮੁਨਸ਼ੀ ਜੀ ਨੇ ਬਾਕੀ ਰਹਿੰਦੀ ਆਯੂ ਇਥੇ ਹੀ ਗੁਜਾਰੀ ਘਰ ਨਹੀਂ ਗਏ। ਉਸ ਸਮੇਂ ਦੇ ਰਜਿਸ਼ਟਰ

ਚੁਬਾਰੇ ਵਿੱਚ ਬੋਰੇ ਭਰੇ ਪਏ ਹਨ। ਜਿਨ੍ਹਾਂ ਬਾਰੇ ਮਹਾਂਪੁਰਖ ਬਾਬਾ ਜੀ ਬਚਨ ਕਰਦੇ ਸਨ। "ਕਿ ਸਮਾਂ ਆਵੇਗਾ ਇਨ੍ਹਾਂ ਦੀ ਲੋੜ ਪਵੇਗੀ।" ਬਾਬਾ ਜੀ ਮਹਾਂਹਰਿਨਾਮ ਸਿੰਘ ਜੀ ਤੋਂ ਬਾਅਦ ਬਾਬਾ ਨਰੈਣ ਸਿੰਘ ਜੀ ਤੋਂ ਬਾਅਦ ਬਾਬਾ ਈਸ਼ਰ ਸਿੰਘ ਜੀ, ਇਹ ਪੁਰਾਤਨ ਲਿਖਤਾਂ ਦੇ ਬੋਰੇ ਸੰਭਾਲਣ ਲਈ ਬਾਬਾ ਖੇਮ ਸਿੰਘ ਜੀ ਨੇ ਇਕ ਸਮੇਂ ਆਗਿਆ ਮੰਗੀ ਪਰ ਆਗਿਆ ਨਹੀਂ ਮਿਲੀ। ਹੁਣ ਮੌਜੂਦਾ ਮਹਾਂਪੁਰਖ ਬਾਬਾ ਸੁਖਦੇਵ ਸਿੰਘ ਜੀ ਵਲੋਂ ਇਹ ਲਿਖਤਾਂ ਸੰਭਾਲਣ ਲਈ ਅਰਦਾਸ ਬੇਨਤੀ ਕੀਤੀ ਗਈ, ਆਗਿਆ ਮਿਲਣ ਉਪਰੰਤ ਬਾਬਾ ਜੀ ਵਲੋਂ ਇਹ ਚੁਬਾਰਾ ਖੋਲ੍ਹਿਆ ਗਿਆ ਇਹ ਪੁਰਾਤਨ ਲਿਖਤਾਂ ਦੇਖੀਆਂ ਗਈਆਂ। ਬਾਬਾ ਜੀ ਵਲੋਂ ਇਹ ਲਿਖਤਾਂ ਵਾਲੇ ਪੇਪਰ ਕੰਪਿਊਟਰ ਵਿਚ ਰੱਖੇ ਗਏ ਤਾਂ ਜੋ ਇਹਨਾਂ ਦੀ ਸੇਵਾ ਸੰਭਾਲ ਹੋ ਸਕੇ। ਇਹਨਾਂ ਲਿਖਤਾਂ ਵਿਚੋਂ ਕੁਝ ਸਾਖੀਆਂ ਤੇਰ੍ਹਵੇਂ ਭਾਗ ਵਿਚ ਛਾਪਣ ਲਈ ਤਿਆਰੀ ਕੀਤੀ ਜਾ ਰਹੀ ਹੈ।

## ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥

ਉਪਜ ਅਤੇ ਬਿਨਸ ਦੋਵੇਂ ਕਾਰਜ ਪ੍ਰਮੇਸ਼ਰ ਦੇ ਹੁਕਮ ਵਿੱਚ ਹਨ, ਵਰਤਮਾਨ ਯੁੱਗ ਵਿਚ ਵੀ ਇਨ੍ਹਾਂ ਦੋਵੇਂ ਕਾਰਜਾਂ ਅੱਗੇ ਸਾਇੰਸ ਹਥਿਆਰ ਸੁੱਟ ਦਿੰਦਾ ਹੈ। ਕਿਸੇ ਪ੍ਰਾਣੀ ਜੀਵ ਦੀ ਉਤਪਤੀ ਸ੍ਰਿਸ਼ਟੀ ਸਾਜਨਾ ਦੇ ਹੁਕਮ ਦੀ ਪਛਾਣ ਹੈ। ਪਰ ਜੇ ਕਲਜੁਗੀ ਮਨੁੱਖ ਇਸ ਨੂੰ ਸਮਝ ਲਵੇ ਤਾਂ ਹੰਕਾਰ ਦੀਆਂ ਸੀੜੀਆਂ ਤੋਂ ਲਾਂਭੇ ਹੋ ਜਾਵੇ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥**

ਸਿਆਣੇ ਆਖਦੇ ਹਨ ਕਿ ਧਰਤੀ ਨੂੰ ਆਦਮੀ ਦਾ ਭਾਰ ਅਰਥੀ ਪਿੱਛੇ ਜਾਂਦੇ ਦਾ ਲੱਗਦਾ ਹੈ ਨਹੀਂ ਤਾਂ ਆਦਮੀ ਹਉਮੈਂ ਦਾ ਮਰੀਜ ਹੋਇਆ ਧਰਤੀ ਦੀ ਕੰਡ ਤੋਂ ਉਪਰ ਹੀ ਤੜਪਦਾ ਫਿਰਦਾ ਹੈ। ਜਿਸ ਨੇ ਹੁਕਮ ਦੇ ਪੈਰ ਪੂਜੇ ਉਸ ਲਈ ਖੁਸ਼ੀ ਗਮੀ ਇੱਕ ਸਮਾਨ ਹੈ। ਭਾਈ ਵਰਿਆਮ ਸਿੰਘ ਜੀ ਸੇਵਾਦਾਰ ਨੂੰ ਵੀ ਹੁਕਮ ਦੀ ਚਰਨ ਛੋਹ ਪ੍ਰਾਪਤ ਸੀ।

ਭਾਈ ਵਰਿਆਮ ਸਿੰਘ ਜੀ ਦੇ ਤਾਇਆ ਜੀ ਦੀ ਇੱਕ ਲੜਕੀ ਆਸ ਕੌਰ ਤੇ ਇੱਕ ਲੜਕਾ ਜੀਤ ਸਿੰਘ ਸੀ। ਆਸ ਕੌਰ ਪੂਹਲੇ ਵਿਆਹੀ ਹੋਈ ਸੀ। ਬੀਬੀ ਨੇ ਪਹਿਲੇ ਬੱਚੇ ਨੂੰ ਜਨਮ ਦਿੱਤਾ ਤਾਂ ਆਪ ਬਹੁਤ ਬੀਮਾਰ ਹੋ ਗਈ। ਹਾਲਤ ਗੰਭੀਰ ਹੁੰਦੀ ਗਈ। ਅੱਧੀ ਰਾਤ ਦਾ ਸਮਾਂ ਸੀ ਜੀਤ ਸਿੰਘ ਤੇ ਭਾਈ ਵਰਿਆਮ ਸਿੰਘ ਬਾਬਾ ਜੀ ਪਾਸ ਆਏ। ਨਮਸਕਾਰ ਕਰਕੇ ਬੇਨਤੀ ਕੀਤੀ "ਮਹਾਰਾਜ ਸਾਡੀ ਭੈਣ ਬਹੁਤ ਬੀਮਾਰ ਹੈ। ਉਮੀਦ ਤੋਂ ਬਾਹਰ ਹੈ, ਕ੍ਰਿਪਾ ਕਰੋ।"

ਬਾਬਾ ਜੀ ਨੇ ਬਚਨ ਕੀਤਾ "ਕੰਨਿਆਂ ਤਾ ਜਾਏਗੀ।"

ਭਾਈ ਜੀ ਨੇ ਫਿਰ ਫਰਿਆਦ ਕਰੀ, "ਗਰੀਬ ਨਿਵਾਜ ਜਰੂਰ ਕ੍ਰਿਪਾ ਕਰੋ, ਰਹਿਮਤ ਦੇ ਘਰ ਆਉ, ਜਾਨ ਬਖਸ਼ਿਸ਼ ਕਰੋ।"

ਹਜੂਰ ਨੇ ਕੁਛ ਰੁੱਕ ਕੇ ਫੁਰਮਾਇਆ "ਇਕ ਤਰਕੀਬ ਹੈ ਕਿ ਉਸਦੀ ਦੀ ਜਗ੍ਹਾ ਕੋਈ ਹੋਰ ਜਾਏਗਾ।"

ਜੀਤ ਸਿੰਘ ਨੇ ਝੱਟ ਉਤਰ ਦਿੱਤਾ "ਦੀਨ ਦਿਆਲ! ਮੈਂ ਤਿਆਰ ਹਾਂ।"

"ਫੇਰ ਸੋਚ ਲੈ! ਇਹ ਬਹੁਤ ਮੁਸ਼ਕਲ ਕੰਮ ਹੈ। ਹਜੂਰ ਨੇ ਫਿਰ ਪਰਖਿਆ।

"ਮੈਂ ਤਿਆਰ ਹਾਂ।"

"ਚੰਗਾ ਸ਼ੁੱਧ ਹੈ।" ਘਰ ਚਲੇ ਜਾਓ ਲੜਕੀ ਠੀਕ ਹੈ। ਘਰ ਆਏ ਤਾਂ ਲੜਕੀ ਤੰਦਰੁਸਤ ਸੀ। ਸਮਾਂ ਲੰਘਦਿਆਂ ਡੇਢ ਸਾਲ ਬੀਤ ਗਿਆ। ਲੜਕੀ ਦੀ ਜਾਨ ਬਖਸ਼ਨ ਸਮੇਂ ਜੋ ਬਚਨ ਹੋਇਆ ਸੀ ਉਸ ਨੂੰ ਸਾਰੇ ਪ੍ਰਵਾਰ ਨੇ ਵਿਸਾਰ ਦਿੱਤਾ। ਜੀਤ ਸਿੰਘ ਪੋਹ ਦੇ ਮਹੀਨੇ ਖੇਤ ਵਿੱਚ ਰਾਖੀ ਪਿਆ ਕਰਦਾ ਸੀ। ਖੇਤ ਪਿੰਡ ਦੇ ਨਾਲ ਹੀ ਭਾਈ ਦਿਆਲ ਦਾਸ ਦੀ ਸਮਾਧ ਕੋਲ ਸੀ। ਭਾਈ ਵਰਿਆਮ ਸਿੰਘ ਦਾ ਪਰਿਵਾਰ ਬੀਬੀ ਕਰਮ ਕੌਰ (ਭਾਈ ਦਿਆਲ ਦਾਸ ਦੀ ਪੋਤਰੀ) ਨੇ ਪਾਠੀ ਦੇ ਤੌਰ ਤੇ ਲਿਆਂਦਾ ਸੀ। ਸਮਾਧ ਦੇ ਨਾਲ ਹੀ ਇਨ੍ਹਾਂ ਨੂੰ ਖੇਤ ਦਿੱਤਾ ਸੀ।ਅਚਾਨਕ ਹੀ ਜੀਤ ਸਿੰਘ ਦੇ ਪੈਰ ਉਪਰ ਕਿਸੇ ਚੀਜ਼ ਨੇ ਚੱਕ ਮਾਰਿਆ। ਤੀਲੀ ਬਾਲ ਕੇ ਉਸਨੇ ਦੇਖਿਆ ਤਾਂ ਸੱਪ ਸੀ। ਉਹ ਸਮਝ ਗਿਆ ਕਿ ਇਸ ਨੇ ਡੰਗ ਮਾਰਿਆ ਹੈ। ਘਰ ਆ ਕੇ ਭਾਈ ਜੀ ਨੂੰ ਸਾਥ ਲੈ ਕੇ ਬਾਬਾ ਜੀ ਪਾਸ ਆ ਗਿਆ।

ਬਾਬਾ ਜੀ ਨੇ ਪੁਛਿਆ "ਇਸ ਵੇਲੇ ਭਾਈ ਜੀ।"

ਹਜੂਰ! ਜੀਤ ਸਿੰਘ ਦੇ ਸੱਪ ਲੜ ਗਿਆ ਹੈ। ਭਾਈ ਜੀ ਨੇ ਤਕਲੀਫ ਦੱਸੀ।

ਬਾਬਾ ਜੀ ਨੇ ਹੁਕਮ ਕੀਤਾ "ਜੀਤ ਸਿੰਘ ਜਪੁਜੀ ਸਾਹਿਬ ਦਾ ਪਾਠ ਕਰੋ। ਜੀਤ ਸਿੰਘ ਨੇ ਪਾਠ ਸ਼ੁਰੂ ਕੀਤਾ। ਪੜ੍ਹਦੇ ਪੜ੍ਹਦੇ ਜਬਾਨ ਰੁਕਨ ਲੱਗ ਪਈ। ਉਸ ਨੇ ਕਿਹਾ "ਮਹਾਰਾਜ ਮੇਰੇ ਕੋਲ ਬੋਲਿਆ ਨਹੀਂ ਜਾਂਦਾ ਮੈਨੂੰ ਆਪ ਜੀ ਦੇ ਚਰਨ ਛੂਹ ਲੈਣ ਦਿਓ।"

ਬਾਬਾ ਜੀ ਨੇ ਕੋਈ ਉੱਤਰ ਨਾ ਦਿੱਤਾ। ਜੀਤ ਸਿੰਘ ਸਰੀਰ (ਪੰਜ ਭੂਤਕ ਚੋਲਾ) ਛੱਡ ਗਿਆ। ਬਾਬਾ ਜੀ ਨੇ ਹੁਕਮ ਕੀਤਾ "ਇਸ ਨੂੰ ਘਰ ਲੈ ਜਾਓ।"

ਇਸ ਗੱਲ ਤੋਂ ਭਾਈ ਵਰਿਆਮ ਸਿੰਘ ਦਾ ਪਰਿਵਾਰ ਗੁੱਸੇ ਹੋ ਗਿਆ ਅਤੇ ਬਾਬਾ ਜੀ ਕੋਲ ਆਉਣਾ ਛੱਡ ਦਿੱਤਾ। ਨਰਾਜਗੀ ਦਾ ਦੌਰ ਇੱਕ ਸਾਲ ਚਲਦਾ ਰਿਹਾ। ਇਕਰਾਰ ਨਾਮੇ ਉਪਰ ਅਮਲ ਦੀ ਤਾਮੀਲ ਕਰਨੀ ਅੱਖੋਂ ਪਰੋਖੇ ਕਰ ਰਖੀ ਸੀ। ਇੱਕ ਦਿਨ ਹਜੂਰ ਨੇ ਇੱਕ ਸੇਵਕ ਭੇਜ ਕੇ ਵਰਿਆਮ ਸਿੰਘ ਨੂੰ ਬੁਲਾਇਆ। ਭਾਈ ਜੀ ਆ ਗਏ।

ਬਾਬਾ ਜੀ ਨੇ ਬਚਨ ਕੀਤਾ "ਭਾਈ ਜੀ ਕੀ ਗੱਲ ਹੋ ਗਈ ਆਉਣਾ ਹੀ ਛੱਡ ਦਿੱਤਾ ਕੀ ਨਰਾਜਗੀ ਹੈ ?"

ਭਾਈ ਜੀ ਨੇ ਉੱਤਰ ਦਿੱਤਾ" ਮਹਾਰਾਜ! ਅਸੀਂ ਸਾਰਾ ਪਰਿਵਾਰ ਆਪ ਜੀ ਦੇ ਸੇਵਕ ਹਾਂ। ਜੋ ਹੁਕਮ ਹੁੰਦਾ ਹੈ ਮੰਨਦੇ ਹਾਂ। ਮੈਂ ਹੁਕਮ ਅਨੁਸਾਰ ਹਲ ਚਲਾਉਂਦੇ ਸਮੇਂ ਵੀ ਜਪੁਜੀ ਸਾਹਿਬ ਦਾ ਪਾਠ ਕਰਦਾ ਹਾਂ। ਆਪ ਜੀ ਦੇ ਹੁਕਮ ਦੀ ਅਦੂਲੀ ਨਹੀਂ ਕੀਤੀ। ਪਰ ਫੇਰ ਵੀ ਸਾਡੇ ਜੀਤ ਸਿੰਘ ਦੀ ਮੌਤ ਦਾ ਭਾਣਾ ਕਿਉਂ ਵਰਤਿਆ ? ਆਪ ਜੀ ਨੇ ਫਰਿਆਦ ਨਹੀਂ ਸੁਣੀ।

ਸੁਨਣ ਉਪਰੰਤ ਹਜੂਰ ਨੇ ਬਚਨ ਕੀਤਾ ਬੀਬੀ ਦੀ ਥਾਂ ਜੀਤ ਸਿੰਘ ਨੇ ਜਾਣ ਦਾ ਇਕਰਾਰ ਕੀਤਾ ਸੀ। ਇਸ ਦੇ ਜਾਣ ਦਾ ਸਮਾਂ ਅਸੀਂ ਆਪਣੀ ਉਮਰ ਵਿਚੋਂ ਡੇਢ ਸਾਲ ਦੇਕੇ ਵਧਾਇਆ ਸੀ। ਇਸ ਨੇ ਉਸ ਥਾਂ ਤੇ ਜਾਣਾ ਸੀ ਸੋ ਚਲਾ ਗਿਆ। ਅਖੀਰ ਸਮੇਂ ਉਸ ਨੂੰ ਬਾਣੀ ਪੜਨ ਲਾ ਦਿੱਤਾ ਸੀ। ਅੰਤ ਸਮੇਂ ਬਾਣੀ ਪੜਨ ਸੁਨਣ ਦਾ ਕੀ ਲਾਭ ਹੈ ਇਸ ਤੋਂ ਤੂੰ ਭਲੀ ਭਾਂਤ ਜਾਣੂ ਹੈ।"

ਭਾਈ ਵਰਿਆਮ ਸਿੰਘ ਚਰਨਾ ਤੇ ਢਹਿ ਪਿਆ ਤੇ ਅਰਜ ਗੁਜਾਰੀ "ਮਹਾਰਾਜ! ਬਖਸ਼ ਲਵੋ। ਅਸੀਂ ਕਲਜੁਗੀ ਜੀਵ ਭੁੱਲਣਹਾਰ ਹਾਂ।"

"ਚੰਗਾ ਹੁਣ ਸੇਵਾ ਵਿੱਚ ਆਇਆ ਕਰ। ਹੁਣ ਤੇਰੇ ਇੱਕ ਪੁੱਤਰ ਚੰਦਾ ਸਿੰਘ ਹੈ। ਇਸ ਦੇ ਕਈ ਚੰਦੇ ਹੋ ਜਾਣਗੇ। ਉਦਾਸ ਨਹੀਂ ਹੋਣਾ।" ਫਿਰ ਭਾਈ ਵਰਿਆਮ ਸਿੰਘ ਹਜੂਰੀ ਸੇਵਾਦਾਰ ਬਣ ਗਿਆ।

(ਇਹ ਬਚਨ ਜੋਗਿੰਦਰ ਸਿੰਘ ਢਿੱਲੋ ਤੋਂ ਪ੍ਰਾਪਤ ਹੋਇਆ)

## ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ ॥
## ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ ॥

ਬਚਪਨ, ਜਵਾਨੀ ਤੇ ਬੁਢਾਪਾ ਤਿੰਨ ਅਵਸਥਾਂ ਵਿਚੋਂ ਕਰਮਯੋਗ ਦੀ ਭੱਠੀ ਦਾ ਸੇਕ ਝੱਲਦਾ ਇਨਸਾਨ ਦਰਗਾਹੀ ਦਰਵਾਜੇ ਅੱਗੇ ਜਾ ਖੜਦਾ ਹੈ। ਸਰੀਰਕ ਕਿਰਿਆ ਇੰਦਰੇ ਡੁਬਦੇ ਸੂਰਜ ਦੀ ਰੋਸ਼ਨੀ ਦੀ ਤਰਾਂ ਮੱਧਮ ਪੈ ਜਾਂਦੀ ਹੈ। ਆਤਮਾ ਜੋ ਇਕੋ ਹੀ ਅਵਸਥਾ ਵਿੱਚ ਚਿਰੰਜੀਵ ਰਹਿੰਦੀ ਹੈ, ਸਰੀਰਕ ਕਿਲੇ ਬੰਦੀ ਤੋੜਨ ਲਈ ਤੱਤਪਰ ਖੜੀ ਹੈ। ਜੀਊਣ ਦੀ ਲਾਲਸਾ ਦੁਨਿਆਵੀ ਕਾਰ ਵਿਹਾਰ ਲਈ ਵੀ ਨਹੀਂ ਗਵਾਈ। ਪਦਾਰਥਾਂ ਦੀ ਮੰਗ ਇੱਕ ਕੰਗਾਲ ਮੰਗਤੇ ਦੀ ਨਿਆਈਂ ਬੇਸ਼ੁਮਾਰ ਹੈ। ਮੈਲੀ ਹੋਈ ਆਤਮਾ ਲਈ ਸਾਬਣ ਦਾ ਵਣਜ ਨਹੀਂ ਕੀਤਾ। ਸਵੈ ਇੱਛਾਂ ਸਵੈਮਾਨ ਪ੍ਰਾਪਤ ਕੀਤਾ ਲੋਕ ਜੱਸ ਲਈ, ਪ੍ਰਲੋਕ ਦੀ ਨਾਵ (ਕਿਸ਼ਤੀ) ਕਿਨਾਰੇ ਤੋਂ ਹਿਲਾਉਣ ਲਈ ਚੱਪੂ ਵੀ ਨਹੀਂ ਮਾਰਿਆ। ਪ੍ਰਭੂ ਦੇ ਹਰਿਨਾਮਾ ਮਹਾਂਪੁਰਖਾਂ ਦੀ ਸੇਵਾ ਕੀਤੀ ਤਾਂ ਵੀ ਮਨ ਵਿੱਚ ਕੁਝ ਆਸਾ ਤ੍ਰਿਸ਼ਨਾ ਰੱਖ ਕੇ ਮੁਕਤੀ ਨਹੀਂ ਮੰਗੀ ਪਦਾਰਥਾਂ ਦੇ ਅੰਬਾਰ ਅੰਦਰ ਖੱਡਾ ਖੋਦਿਆ ਹੈ। ਅੰਧੇਰੇ ਵਿੱਚ ਅਲੋਪ ਹੋਣ ਵਾਲੀ ਛਾਇਆ ਦਾ ਪੱਲਾ ਫੜ੍ਹਿਆ, ਪ੍ਰਕਾਸ਼ ਵੱਲ ਹੱਥ ਨਹੀਂ ਵਧਾਇਆ।

ਬਾਬਾ ਜੀ ਦੀ ਹਜੂਰੀ ਅੰਦਰ ਇੱਕ ਮਾਈ ਇਸੇ ਹੀ ਪਿੰਡ ਦੀ ਨਿਤਨੇਮ ਸੇਵਾ ਕਰਦੀ ਸੀ। ਵੱਡੇ ਵੱਡੇ ਮੱਟ ਰੋਜ ਪਾਣੀ ਦੇ ਭਰਨੇ ਅਤੇ ਜੇ ਕਿਸੇ ਚੀਜ ਦੀ ਲੋੜ ਹੋਣੀ ਹੁਕਮ ਅਨੁਸਾਰ ਘਰੋਂ ਬਣਾ ਕੇ ਲਿਆਉਣੀ। ਕਦੇ ਕਦੇ ਮਾਈ

ਦੇ ਪੁੱਤਰ ਸਰਵਨ ਸਿੰਘ ਅਤੇ ਲਾਲ ਸਿੰਘ ਨੰਬਰਦਾਰ ਵੀ ਦੁੱਧ ਲੈ ਕੇ ਆ ਜਾਂਦੇ ਸਨ। ਮਾਈ ਦਾ ਪਤੀ ਹੀਰਾ ਸਿੰਘ ਵਿਛੋੜਾ ਦੇ ਗਿਆ ਸੀ। ਇੱਕ ਦਿਨ ਮਾਈ ਨੇ ਬਾਬਾ ਜੀ ਅੱਗੇ ਬੇਨਤੀ ਕੀਤ "ਮਹਾਰਾਜ! ਮੇਰੇ ਪਤੀ ਨਾਲ ਮੇਰੀਆਂ ਗੱਲਾ ਕਰਾਓ।

ਨਿੱਕੇ ਬੱਚੇ ਛੱਡ ਗਿਆ ਹੈ। "ਮੈਂ ਉਸ ਨਾਲ ਲੜਨਾ ਹੈ।"

"ਮਾਈ ਤੇਰਾ ਸਬੰਧ ਉਸ ਨਾਲ ਉਤਨਾ ਹੀ ਸੀ ਜਿੰਨੀ ਦੇਰ ਉਹ ਸਰੀਰ ਕਰਕੇ ਸੀ। ਹੁਣ ਉਸ ਨਾਲ ਕੋਈ ਸਬੰਧ ਨਹੀਂ ਉਸਨੂੰ ਯਾਦ ਕਰਨਾ ਛੱਡਦੇ।" ਹਜ਼ੂਰ ਬਾਬਾ ਜੀ ਦੀ ਤਾਕੀਦ ਸੀ।

ਕਈ ਵਾਰ ਬੇਨਤੀ ਕੀਤੀ॥ ਪਰ ਹਜ਼ੂਰ ਚੁੱਪ ਕਰ ਜਾਣ। ਇੱਕ ਦਿਨ ਖੁਸ਼ੀ ਵਿੱਚ ਆ ਕੇ ਪੁਛਣ ਲੱਗੇ "ਕਿਉਂ ਮਾਈ ਫੇਰ ਕਰਾਈਏ ਗੱਲਾਂ।"

ਮਾਈ ਕਹਿਣ ਲੱਗੀ "ਗਰੀਬ ਨਿਵਾਜ ਕਰਾਓ।" ਕਰੀਰ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ "ਜਾ ਉਥੇ ਜਾ ਕੇ ਲੇਟ ਜਾ।"

ਮਾਈ ਉਥੇ ਪੈ ਗਈ। ਥੋੜੀ ਦੇਰ ਬਾਅਦ ਨੀਂਦ ਆ ਗਈ। ਉਸ ਨੇ ਦੇਖਿਆ ਕਿ ਮੈਂ ਭੁੱਚੋ ਵੱਲ ਜਾ ਰਹੀ ਹਾਂ। ਰਸਤੇ ਵਿੱਚ ਫਤੀਆਂ ਨਾਮੀ ਜੁਲਾਇਆ ਦਾ ਮੁੰਡਾ (ਜੋ ਮਰਿਆ ਹੋਇਆ ਸੀ।) ਪਲੰਘ ਲੈ ਕੇ ਖੜਾ ਹੋਇਆ। ਮਾਈ ਨੇ ਉਸਨੂੰ ਪੁਛਿਆ "ਕਿ ਤੂੰ ਕਿੱਥੇ ਰਹਿੰਦਾ ਹੈ।"

ਉਸ ਨੇ ਉੱਤਰ ਦਿੱਤਾ "ਮੈਂ ਇਥੇ ਜਵਾਂ ਦੀ ਰਾਖੀ ਵਾਸਤੇ ਖੇਤ ਰਹਿੰਦਾ ਹਾਂ।" ਫਤੀਆਂ ਨੇ ਮਾਈ ਨੂੰ ਕਿਹਾ ਕਿ ਸਾਡੇ ਘਰ ਸੁਨੇਹਾ ਦੇਈਂ। ਸੰਧੂਆਂ ਨਾਲ ਲਗਦੀ ਸਾਡੀ ਸਵਾਤ ਵਿੱਚ ਇੱਕ ਕੋਠੀ ਹੈ। ਉਸ ਵਿੱਚ ਮੇਰੀ ਕਾਲੀ ਸੂਫ ਦੀ ਜਾਕਟ ਦੀ ਫਟੀ ਜੇਬ ਦੇ ਲੜ ਦੋ ਰੁਪਏ ਬੰਨੇ ਹੋਏ ਹਨ। ਉਹ ਰੁਪਏ ਮੇਰੀ ਮਾਂ ਤੇ ਭੈਣ ਨੂੰ ਕਹਿਣਾ ਕਾਜੀ ਨੂੰ ਰੋਟੀ ਖੁਆ ਕੇ ਦਾਨ ਦੇ ਦੇਣ।

ਸਾਡੇ ਘਰ ਦੇ ਪਿਛਲੇ ਪਾਸੇ ਪਾਣੀ ਦਾ ਘੜਾ ਭਰ ਕੇ ਵਣ ਦੇ ਹੇਠ ਰੱਖ ਦੇਣ। ਮਿੱਟੀ ਦੇ ਭਾਂਡੇ ਨਾਲ ਢੱਕ ਦੇਣਾ। ਮੈਂ ਪਾਣੀ ਪੀਂਦਾ ਰਹਾਂਗਾ। ਘੜਾ ਖਾਲੀ ਨਹੀਂ ਹੋਣ ਦੇਣਾ। ਜਦ ਮਾਈ ਅੱਗੇ ਆਈ ਤਾਂ ਗਿੱਲ ਪੱਤੀ ਦੀ ਸ਼ਮਸ਼ਾਨ ਘਾਟ ਆ ਗਈ। ਵੇਖਦੀ ਹੈ ਕਿ ਹੀਰਾ ਸਿੰਘ ਦੇ ਵੱਡੇ ਭਰਾ ਦਰਬਾਰਾ ਸਿੰਘ ਦੀ ਘੋੜੀ ਕਰੀਰ ਨਾਲ ਬੰਨ੍ਹੀ ਖੜ੍ਹੀ ਹੈ। ਉਹ ਦੇਖਦੇ ਹੀ ਮਾਈ

ਦੇ ਪਿਛੇ ਸੋਟੀ ਲੈ ਕੇ ਪੈ ਗਿਆ ਤੇ ਬੋਲਿਆ "ਤੈਨੂੰ ਬੱਚਿਆਂ ਕੋਲ ਛੱਡਿਆ ਸੀ। ਇਥੇ ਕੀ ਲੈਣ ਆਈ ਹੈਂ। ਜਾ ਕੇ ਬੱਚੇ ਸੰਭਾਲ। ਮਾਈ ਡਰ ਗਈ ਤਾਂ ਅੱਖ ਖੁੱਲ ਗਈ। ਮਾਈ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੀ ਉਠ ਬੈਠੀ। ਬਾਬਾ ਜੀ ਪਾਸ ਆ ਕੇ ਖਿਮਾ ਮੰਗੀ ਅਤੇ ਗਲਤੀ ਬਖਸ਼ਾ ਕੇ ਆਗਿਆ ਲੈ ਕੇ ਚਲੀ ਗਈ। ਰਸਤੇ ਵਿੱਚ ਜਾਂਦੀ ਨੇ ਫਤੀਏ ਦੇ ਘਰ ਸੁਨੇਹਾ ਦੇ ਦਿੱਤਾ। ਉਸ ਦੇ ਘਰ ਵਾਲਿਆਂ ਨੇ ਸਭ ਕੁਝ ਦੇਖਿਆ ਤਾਂ ਉਹੀ ਹੋਇਆ ਜੋ ਮਾਈ ਨੇ ਦੱਸਿਆ ਸੀ। ਇਹ ਕੌਤਕ ਚੰਦਾ ਸਿੰਘ ਆਪਣੀ ਦਾਦੀ ਜੀ ਤੋਂ ਸੁਣਿਆ ਕਰਦੇ ਸਨ।

(ਇਹ ਪ੍ਰਸੰਗ ਚੰਦਾ ਸਿੰਘ ਗਿੱਲ ਪੱਤੀ ਭੁੱਚੋ ਕਲਾ ਤੋਂ ਪ੍ਰਾਪਤ ਹੋਇਆ।)

## ਕਰਉ ਬਰਾਬਰਿ ਜੋ ਪ੍ਰਿਆ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ ॥

ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ ਤਾਂ ਮਨੁੱਖ ਤੋਂ ਮਹਾਂਪੁਰਖ ਦੀ ਪਦਵੀ ਪਾਈ। ਉਸ ਉਪਰੰਤ ਉਸ ਪ੍ਰਭੂ ਦੇ ਹੁਕਮ ਵਿੱਚ ਰਹਿ ਕੇ ਦੁਨੀਆਦਾਰਾਂ ਦਾ ਭਲਾ ਕੀਤਾ ਤਾਂ ਪਰਵਾਨ ਹੈ। ਪਰ ਜੇ ਬਖਸ਼ਿਸ਼ ਦੀ ਖੈਰ ਨਾਲ ਝੋਲੀ ਭਰ ਕੇ ਬਖਸਿੰਦ ਨਾਲ ਦਗਾ ਕਮਾਇਆ, ਉਸਦੀ ਬਰਾਬਰੀ ਕੀਤੀ ਤਾਂ ਹਸ਼ਰ ਹੋਇਆ ਰਾਵਣ, ਹਰਨਾਕਸ਼, ਮਨਸੂਰ ਵਰਗਾ ਹਉਮੈ ਦੀ ਜਹਿਰ ਖਾਣ ਤੋਂ ਬਚ, ਚਰਨ ਧੂੜ ਹੀ ਫਕਦਾ ਰਿਹਾ ਤਾਂ ਮੁਰਸ਼ਦ ਦਿਆਲੂ ਹੈ ਭਾਂਡਾ ਵੱਡਾ ਕਰਦੇ ਜਾਓ ਵਸਤੂ ਲੈਣ ਲਈ। ਬਰਾਬਰੀ ਕੀਤੀ ਤਾਂ ਅੱਡੇ ਹੱਥਾਂ ਨੂੰ ਅੰਮ੍ਰਿਤ ਦੀ ਥਾਂ ਵਿਸ਼ ਮਿਲੇਗੀ। ਦੁਨਿਆਵੀ ਮਨੁੱਖ ਸੂਝਵਾਨ ਕਿੰਨਾਂ ਵੀ ਅਖਵਾਏ ਪਰ ਮਹਾਂਪੁਰਖਾਂ ਦੀ ਬਰਾਬਰੀ ਨਹੀਂ ਕਰ ਸਕਦਾ। ਪੂਰਨ ਮਹਾਂਪੁਰਖ ਨੂੰ ਪਲਕਾਂ ਚੁਕ ਕੇ ਵੀ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਫਕੀਰ ਦਾ ਦਰਜਾ ਰਾਜੇ ਤੋਂ ਉੱਚਾ ਦਰਸਾਇਆ ਹੈ।

ਮਹਾਰਾਜਾ ਨਾਭੇ ਵਾਲਾ ਹੀਰਾ ਸਿੰਘ ਕੁਝ ਸਮੇਂ ਲਈ ਸੰਤ ਧੰਨਾ ਸਿੰਘ

ਜੀ ਨੂੰ ਮਿਲਿਆ।ਸੰਤ ਜੀ ਸੰਸਕ੍ਰਿਤ ਆਦਿ ਗ੍ਰੰਥ ਦੇ ਕਾਫੀ ਵਿਦਵਾਨ ਸਨ। ਬਾਬਾ ਜੀ ਤੋਂ ਆਤਮਿਕ ਸ਼ਕਤੀ ਸਦਕਾ ਵੀ ਵਰੋਸਾਏ ਹੋਏ ਸਨ। ਉਨ੍ਹਾਂ ਨੂੰ ਮਿਲਣ ਬਾਅਦ ਰਾਜੇ ਨੇ ਨਿਸ਼ਚਾ ਕੀਤਾ ਕਿ ਇਨ੍ਹਾਂ ਦੇ ਗੁਰੂਆਂ ਨੂੰ ਮਿਲਿਆ ਜਾਵੇ। ਬਾਬਾ ਜੀ ਦੇ ਦਰਸ਼ਨ ਕਰਨ ਲਈ ਭੁੱਚੋ ਪਹੁੰਚਿਆ। ਹਾਥੀ ਦੀ ਸਵਾਰੀ ਨਾਲ ਲਸ਼ਕਰ,ਅਹਿਲਕਾਰ ਆਦਿ ਸ਼ਾਹੀ ਢੰਗ ਤਰੀਕੇ ਨਾਲ ਰਾਜਾ ਪਹੁੰਚਿਆ। ਹਾਥੀ ਉਤੇ ਸਵਾਰ ਹੀ ਆਗਿਆ ਮੰਗਣ ਲੱਗਾ। ਮਹਾਰਾਜ ਸੰਤ ਸੇਵੀ ਸੁਭਾ ਦਾ ਆਦਮੀ ਸੀ। ਮਹਾਂਪੁਰਖਾਂ ਦੀ ਸੇਵਾ ਕਰਦਾ ਸੀ। ਇੱਕ ਵਾਰ ਹਰਦੁਆਰ ਗੰਗਾ ਤੇ ਸੰਤ ਈਸ਼ਰ ਸਿੰਘ ਜੀ ਵਿਰਕਤ ਦੋਧਰ ਵਾਲਿਆਂ ਨੂੰ ਲੱਖ ਰੁਪੇ ਮੱਥਾ ਟੇਕਿਆ। ਉਨ੍ਹਾਂ ਲੈਣ ਤੋਂ ਇਨਕਾਰ ਕਰ ਦਿੱਤਾ। ਜਦੋਂ ਨਾ ਮੰਨੇ ਤਾਂ ਰਾਜੇ ਨੇ ਕਿਹਾ "ਮੇਰੇ ਵਰਗਾ ਦਾਨੀ ਨਹੀਂ ਮਿਲਣਾ।" ਸੰਤ ਬਚਨ ਕੀਤਾ "ਸਾਡੇ ਵਰਗਾ ਤਿਆਗੀ ਨਹੀਂ ਮਿਲਣਾ। ਬਹੁਤ ਸਾਧ ਮੰਗਦੇ ਫਿਰਦੇ ਹਨ।" ਇਸ ਤਰ੍ਹਾਂ ਦੇ ਕਈ ਬਚਨ ਹਨ। ਇਨ੍ਹਾਂ ਦੁਆਰਾ ਦਿੱਤਾ ਦਾਨ ਮਹਾਂਪੁਰਖਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਰਾਜ ਭਾਗ ਲੈ ਕੇ ਦਾਨ ਕਰਨਾ, ਸੰਤ ਸੇਵੀ ਹੋਣਾ ਬੜੀ ਵੱਡੀ ਸ਼ਰਧਾ ਹੈ। ਪਰ ਮਨ ਵਿੱਚ ਮਾਨ, ਹੰਕਾਰ, ਮੈਂ ਦੀ ਮੈਲ ਨ ਹੋਵੇ।

ਔਰੰਗਜੇਬ ਦੀ ਹਿਦਾਇਤ ਤੇ ਰਾਜਾ ਜੈ ਸਿੰਘ ਅੱਠਵੇਂ ਪਾਤਸ਼ਾਹ ਨੂੰ ਦਿੱਲੀ ਲੈ ਗਿਆ। ਪਰ ਅੱਠਵੇਂ ਪਾਤਸ਼ਾਹ ਨੇ ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦਿੱਤੇ ਕਿਉਂਕਿ ਉਹ ਕਰਾਮਾਤ ਦੇਖਣਾ ਚਾਹੁੰਦਾ ਸੀ। ਜਦ ਪਾਤਸ਼ਾਹ ਨਾਂ ਮੰਨੇ ਤਾਂ ਉਸ ਨੇ ਰਾਜਾ ਜੈ ਸਿੰਘ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ। ਰਾਜੇ ਨੇ ਆਪਣੀ ਰਾਣੀ ਨੂੰ ਗੋਲੀਆਂ ਦੇ ਕੱਪੜੇ ਅਤੇ ਗੋਲੀਆਂ ਨੂੰ ਰਾਣੀਆਂ ਦੇ ਕੱਪੜੇ ਪੁਆ ਦਿੱਤੇ ਦੇਖਣ ਲਈ ਕਿ ਗੁਰੂ ਕਿਵੇਂ ਪਛਾਣ ਕਰੇਗਾ। ਗੁਰੂ ਜੀ ਘਰ ਆ ਕੇ ਸਿੱਧੇ ਰਾਣੀ ਦੀ ਗੋਦੀ ਵਿੱਚ ਬੈਠ ਗਏ। ਸਾਰੇ ਪਰਿਵਾਰ ਨੇ ਨਮੋਸ਼ੀ ਮੰਨੀ ਅਤੇ ਗੁਰੂ ਜੀ ਤੋਂ ਮੁਆਫੀ ਮੰਗੀ। ਸਤਿਗੁਰੂ ਜੀ ਦੇ ਸਰੀਰ ਛੱਡਣ ਉਪਰੰਤ ਰਾਜਾ ਜੈ ਸਿੰਘ ਨੂੰ ਬਹੁਤ ਪਛਚਾਤਾਪ ਹੋਇਆ ਕਿ ਮੈਂ ਹੀ ਇਹਨਾਂ ਦੀ ਮੌਤ ਦਾ ਕਾਰਨ ਹਾਂ। ਕਿਉਂਕਿ ਮੈਂ ਔਰੰਗਜ਼ੇਬ ਦੀ ਹਿਦਾਇਤ ਉਪਰ ਇਹਨਾਂ ਨੂੰ ਦਿੱਲੀ ਲਿਆਂਦਾ। ਮਨ ਨੂੰ ਸ਼ਾਂਤੀ ਨ ਆਵੇ ਅਖੀਰ ਦਸਵੇਂ ਪਾਤਸ਼ਾਹ ਕੋਲ ਦਮਦਮਾ ਸਾਹਿਬ ਪਹੁੰਚ ਕੇ ਪਛਚਾਤਾਪ ਕਰਨ ਲੱਗਾ। ਉਹਨਾਂ

ਬਚਨ ਕੀਤਾ "ਵਾਹਿਗੁਰੂ ਦੀ ਰਜ਼ਾ ਹੈ ਇਹ ਇਸੀ ਤਰ੍ਹਾਂ ਹੋਣਾ ਸੀ।" ਫਿਰ ਉਸਦੇ ਮਨ ਨੂੰ ਸ਼ਾਂਤੀ ਆਈ। ਗੁਰੂ ਸਾਹਿਬ ਨੇ ਬਾਣੀ ਦਾ ਪਾਠ ਸ੍ਰਵਣ ਕਰਨ ਦੀ ਤਾਕੀਦ ਕੀਤੀ। ਲੰਗਰ ਤਿਆਰ ਹੋਇਆ ਭੰਡਾਰੇ ਵਰਤੇ। ਗੁਰੂਆਂ ਦੀ ਖੁਸ਼ੀ ਪ੍ਰਾਪਤ ਕਰਕੇ ਰਾਜੇ ਦੇ ਮਨ ਨੂੰ ਕੁਝ ਸ਼ਾਂਤੀ ਮਿਲੀ। ਤਿੰਨ ਪ੍ਰਕਾਰ ਦੇ ਜਗਿਆਸੂ ਹੁੰਦੇ ਹਨ। ਉੱਤਮ, ਮੱਧਮ ਤੇ ਸਧਾਰਨ। ਉੱਤਮ ਜਗਿਆਸੂ ਉਹ ਹਨ ਜਿਨਾਂ ਦੇ ਉਪਦੇਸ਼ ਕੁਝ ਸਮਾ ਸੁਨਣ ਨਾਲ ਮਨ ਨੂੰ ਇਕਾਗਰਤਾ ਹੁੰਦੀ ਹੈ। ਦੂਸਰਾ ਜਿਸ ਨੂੰ ਕਮਾਈ ਕਰਕੇ ਕੁਝ ਸਮਾਂ ਲਗਦਾ ਹੈ। ਸਧਾਰਨ ਨੂੰ ਘਾਲਣਾ ਲੰਮਾ ਸਮਾਂ ਘਾਲਣੀ ਪੈਂਦੀ ਹੈ। ਇੱਕ ਕੱਪੜਾ ਪਰੈੱਸ ਕਰਕੇ ਪਾਉਣ ਵਾਲਾ ਹੀ ਹੈ ਇੱਕ ਨੂੰ ਮੈਲ ਲੱਗੀ ਹੈ। ਸਾਫ ਕਰਨ ਵਾਲਾ ਹੈ। ਇੱਕ ਨੂੰ ਦਾਗ ਵੀ ਬਹੁਤ ਮੈਲੇ ਪਏ ਹੋਏ ਹਨ।

**"ਜਨਮ ਜਨਮ ਕੀ ਇਸੁ ਮਨ ਕਉ ਮਲ ਲਾਗੀ ਕਾਲਾ ਹੋਆ ਸਿਆਹੁ"**

ਗੁਰਸਿੱਖਾਂ ਨੇ ਸਤਿਗੁਰਾਂ ਦੀ ਵੀ ਪਰਖ ਕੀਤੀ ਹੈ। ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਮਾਈ ਦਾਸ ਨਾਮ ਵਾਲਾ ਕਮਾਈ ਵਾਲਾ ਵਿਦਵਾਨ ਆਇਆ। ਪਹਿਲਾਂ ਇਸ ਕਰਕੇ ਮੁੜ ਗਿਆ ਕਿ ਲੰਗਰ ਚੋਂ ਪ੍ਰਸ਼ਾਦਾ ਛੱਕੇ ਬਿਨਾਂ ਗੁਰੂ ਦਰਸ਼ਨ ਨਹੀਂ ਹੋ ਸਕਦਾ ਸੀ। ਇਸ ਨੇ ਨਹੀਂ ਖਾਧਾ ਕਿਉਂਕਿ ਇਹ ਵੈਸ਼ਨੋ ਸੀ ਆਪਣੇ ਹੱਥ ਦਾ ਭੋਜਣ ਬਣਾ ਕੇ ਸੁਚਮ ਕਰਕੇ ਖਾਂਦਾ ਸੀ। ਲੰਗਰ ਵਿੱਚ ਇਹ ਗੱਲ ਨਹੀਂ ਹੋ ਸਕਦੀ ਸੀ। ਜਿਸ ਕਰਕੇ ਨਫਰਤ ਨਾਲ ਮੁੜ ਗਿਆ ਸੀ।

ਫਿਰ ਕੁਝ ਦਿਨਾਂ ਬਾਅਦ ਭਗਵਾਨ ਕ੍ਰਿਸ਼ਨ ਦੀ ਅਵਾਜ ਆਈ ਤੇ ਹੁਕਮ ਹੋਇਆ। "ਮਾਈ ਦਾਸ ਤੂੰ ਗੋਇੰਦਵਾਲ ਪਹੁੰਚ ਮੇਰਾ ਦਰਸ਼ਨ ਉਥੇ ਹੋਵੇਗਾ। "ਮਾਈ ਦਾਸ ਗੋਇੰਦਵਾਲ ਪਹੁੰਚਿਆ। ਮਨ ਵਿੱਚ ਫੁਰਨਾ ਬਣਿਆ ਮੈਨੂੰ ਮੇਰੇ ਇਸ਼ਟ ਦੇ ਰੂਪ ਵਿੱਚ ਦਰਸ਼ਨ ਹੋਣ ਤਾਂ ਮੇਰੀ ਇੱਛਾ ਪੂਰੀ ਹੋਵੇਗੀ। ਲੰਗਰ ਛੱਕਣ ਉਪਰੰਤ ਜਦ ਦਰਸ਼ਨਾਂ ਲਈ ਗਿਆ ਤਾਂ ਗੁਰੂ ਅਮਰ ਦਾਸ ਜੀ ਨੇ ਕ੍ਰਿਸ਼ਨ ਦੇ ਰੂਪ ਵਿੱਚ ਦਰਸ਼ਨ ਦਿੱਤੇ। ਦਸਵੇਂ ਪਾਤਸ਼ਾਹ ਨੇ ਪਟਨੇ ਸਾਹਿਬ ਵਿੱਚ ਸ਼ਿਵ ਦੱਤ ਨੂੰ ਰਾਮ ਦੇ ਰੂਪ ਵਿੱਚ ਦਰਸ਼ਨ ਦਿੱਤੇ। ਐਸੀ ਪ੍ਰੀਖਿਆ ਸਮੇਂ ਸਮੇਂ ਅਨੁਸਾਰ ਭਗਤਾਂ ਨੇ ਵੀ ਲਈ। ਜਿਸ ਨੇ ਪ੍ਰੀਖਿਆ ਲਈ ਉਸ ਨੇ ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ" ਵਾਲੀ ਪੰਗਤੀ

ਤੇ ਫੁੱਲ ਚੜ੍ਹਾਏ। ਫਿਰ ਥਾਂ ਥਾਂ ਭਟਕਦੇ ਨਹੀਂ ਸਾਰੀ ਉਮਰ ਉੱਥੇ ਹੀ ਹੁਕਮ ਅੰਦਰ ਗੁਜਾਰ ਦਿੱਤੀ। ਜਿਨਾਂ ਨੇ ਥਾਂ ਥਾਂ ਪ੍ਰੀਖਿਆਂ ਲਈ ਉਹ ਤਾਂ ਠੱਗੀਆਂ ਮਾਰਨ ਵਾਲੀ ਗੱਲ ਕਹੀ ਹੈ।

**ਨਾ ਓਹਿ ਮਰਹਿ ਨ ਠਾਗੇ ਜਾਹਿ। ਜਿਨ ਕੈ ਰਾਮੁ ਵਸੈ ਮਨ ਮਾਹਿ।**
**ਸੰਗਲਾਂ ਦੀਪ ਦੀਆਂ ਹੂਰਾਂ ਤੇ ਲਾਲ ਮੋਤੀ, ਦਸੋ ਕਿਵੇਂ ਗੁਰੂ ਨਾਨਕ ਨੂੰ ਛਲ ਜਾਏ।**
**ਚੁੰਬਕ ਕਦੇ ਵੀ ਕੁਤਬ ਤੋਂ ਹਿਲਦਾ ਨਾ, ਭਾਵੇਂ ਸਾਰਾ ਹਿਮਾਲਿਆ ਹਲ ਜਾਏ।**
**ਜਿਸ ਦੇ ਆਸਰੇ ਤਿੰਨ ਲੋਕ ਕਾਇਮ, ਕਿਵੇਂ ਆਪ ਉਹ ਥਾਂ ਤੋਂ ਹਲ ਜਾਏ।**
**ਨਾਨਕ ਗੁਰੂ ਦੇ ਵਿਚ ਅਭੇਦ ਜਿਹੜੇ, ਦਸੋਂ ਉਨ੍ਹਾਂ ਨੂੰ ਕਿਵੇਂ ਕੋਈ ਛਲ ਜਾਏ।**

ਮਸਤੂਆਣੇ ਵਾਲੇ ਸੰਤਾਂ ਦੇ ਕੀਰਤਨ ਦਰਬਾਰ ਵਿੱਚ ਮਹਾਰਾਜਾ ਹੀਰਾ ਸਿੰਘ ਗਿਆ।ਸੰਗਤ ਵਿੱਚ ਖੜ ਗਿਆ ਮੱਥਾ ਨਹੀਂ ਟੇਕਿਆ। ਬਾਬਾ ਜੀ ਨੇ ਇਸ਼ਾਰੇ ਨਾਲ ਬੈਠਣ ਲਈ ਕਿਹਾ। ਬੈਠਾ ਨਹੀਂ ਸਗੋਂ ਜਾਣ ਸਮੇਂ ਕਹਿ ਗਿਆ "ਤੁਹਾਡੇ ਮਗਰ ਲੋਕ ਬਹੁਤ ਹਨ ਕਿਤੇ ਕੂਕਿਆਂ ਵਾਲੀ ਨ ਕਰਾ ਦਿਓ" (ਇਹ ਪ੍ਰਸੰਗ ਸੰਤ ਤੇਜਾ ਸਿੰਘ ਜੀ ਦੀ ਜੀਵਨੀ ਵਿੱਚ ਲਿਖਿਆ ਹੈ) ਜੇ ਮਹਾਂਪੁਰਖ ਕੋਲ ਸਿਖਿਆ ਲੈਣ ਜਾਵੇ ਤਾਂ ਮਨ ਕੁਝ ਹੋਰ ਹੁੰਦਾ ਹੈ ਜੇ ਪ੍ਰੀਖਿਆ ਲੈਣ ਜਾਵੇ ਤਾਂ ਕੁਝ ਹੋਰ ਹੁੰਦਾ ਹੈ।

ਹਾਥੀ ਉਪਰ ਸਵਾਰ ਹੀ ਟਿਲੇ ਸਾਹਿਬ ਦੇ ਨੇੜੇ ਪਹੁੰਚ ਗਿਆ। ਹਜ਼ੂਰ ਬਾਬਾ ਮਹਾਂਹਰਿਨਾਮ ਸਿੰਘ ਜੀ ਆਪਦੀ ਕੁਟੀਆਂ ਵਿਚੋਂ ਬਾਹਰ ਆ ਕੇ ਅੱਗੋਂ ਮਿਲੇ। ਰਾਜਾ ਹੀਰਾ ਸਿੰਘ ਨੂੰ ਸ਼ੰਕਾ ਹੋ ਗਈ ਕਿ ਇਹ ਮੇਰਾ ਸਤਿਕਾਰ ਕਰਨ ਲਈ ਉੱਠੇ ਹਨ। ਇਨ੍ਹਾਂ ਨੂੰ ਕੀ ਲੋੜ ਸੀ ਮੇਰਾ ਆਦਰ ਕਰਨ ਦੀ, ਇਹ ਮਹਾਂਪੁਰਖ ਹਨ। ਇਨ੍ਹਾਂ ਵਿੱਚ ਕੁਝ ਘਾਟ (ਕਮੀ) ਹੋਵੇਗੀ। ਮਨ ਵਿੱਚ ਨਫਰਤ ਪੈਦਾ ਹੋਈ ਜੋ ਪ੍ਰਸਾਦਿ ਮਿਸਰੀ ਤੇ ਭੇਟਾ ਲੈ ਕੇ ਆਇਆ ਸੀ (ਪੰਜ ਸੇਰ ਮਿਸਰੀ ਤੇ ਪੱਚੀ ਮੋਹਰਾਂ) (ਕਿਸੇ ਦਾ ਕਥਨ ਹੈ 500 ਰੁਪਏ ਸਨ) ਹਾਥੀ ਤੇ ਬੈਠੇ ਨੇ ਹੀ ਬਾਬਾ ਜੀ ਵੱਲ ਚਲਾ ਕੇ ਮਾਰੀ ਤੇ ਵਾਪਿਸ ਮੁੜ ਚੱਲਿਆ। ਸੇਵਕ ਮਿਸਰੀ ਦੀ ਪੋਟਲੀ ਚੁੱਕ ਕੇ ਬਾਬਾ ਜੀ ਕੋਲ ਲੈ ਗਿਆ। ਦੂਸਰੀ ਪੋਟਲੀ (ਪੈਸਿਆਂ ਵਾਲੀ) ਬਾਅਦ ਵਿੱਚ ਲੈ ਗਿਆ। ਮਿਸਰੀ ਵਾਲੀ ਤਾਂ ਬਾਬਾ ਜੀ ਨੇ ਉਸੇ ਸਮੇਂ ਵਾਪਸ ਕਰ ਦਿੱਤੀ। ਮੋਹਰਾਂ ਵਾਲੀ ਪੋਟਲੀ ਦਾ ਵਿਆਜ ਪੈਸਿਆਂ ਵਿੱਚ ਜੋੜ ਕੇ ਉੱਨੇ ਘੰਟਿਆਂ ਦਾ ਦਿੱਤਾ ਜਿਨਾਂ ਚਿਰ ਕੋਲ ਰੱਖੀ ਕਿਉਂਕਿ ਰਾਜਾ

ਧਨੌਲਾ ਪਹੁੰਚ ਗਿਆ ਸੀ। ਰੁਪਿਆਂ ਵਾਲੀ ਪੋਟਲੀ ਤੇ ਵਿਆਜ ਦੇ ਕੇ ਗੁਰਦਿੱਤ ਸਿੰਘ ਸੇਮੇ ਵਾਲਾ ਤੇ ਬਖਤਾਉਰ ਸਿੰਘ ਭੁੱਲਰ ਨੂੰ ਹੁਕਮ ਕੀਤਾ। ਪੈਸੇ ਗਿਣ ਕੇ ਪਾ ਲਵੋ ਅਤੇ ਵਿਆਜ ਸਮੇਤ ਮੋੜ ਆਉ ਧਨੌਲੇ ਜਾ ਕੇ। ਦੋਨੋਂ ਪੈਸੇ ਲੈ ਕੇ ਧਨੌਲੇ ਪਹੁੰਚ ਗਏ। ਸਰਕਾਰੀ ਨੌਕਰ ਨੂੰ ਕਹਿ ਕੇ ਰਾਜੇ ਨੂੰ ਮਿਲੇ। ਉਸ ਨੇ ਪੁਛਿਆ "ਕਿਥੋਂ ਆਏ ਹੋ।" ਬਾਬਾ ਜੀ ਦਾ ਵੇਰਵਾ ਪਾ ਕੇ ਉਨ੍ਹਾਂ ਕਿਹਾ "ਇਹ ਪੈਸੇ ਮੋੜਨ ਆਏ ਹਾਂ ਵਿਆਜ ਸਮੇਤ।"

ਰਾਜੇ ਨੇ ਦੋ ਆਦਮੀਆਂ ਨੂੰ ਹੁਕਮ ਦਿੱਤਾ "ਗਿਣ ਕੇ ਪੈਸੇ ਵਾਪਿਸ ਲੈ ਲਵੋ।"

ਪੈਸਿਆਂ ਦੀ ਗਿਣਤੀ ਸ਼ੁਰੂ ਹੋ ਗਈ। ਗਿਣਤੀ ਵਿੱਚ ਇੱਕ ਰੁਪਇਆ ਘੱਟ ਗਿਆ। ਫਿਰ ਦੁਬਾਰਾ ਗਿਣਤੀ ਕੀਤੀ ਤਾਂ ਵੀ ਘੱਟ ਗਿਆ। ਉਥੋਂ ਤਾਂ ਅਸੀਂ ਪੂਰੇ ਲੈ ਕੇ ਆਏ ਹਾਂ ਇਹ ਕਿਵੇਂ ਘੱਟ ਗਏ। ਇਹ ਦੋਨੋਂ ਸੋਚਾਂ ਵਿੱਚ ਪੈ ਗਏ। ਇਹ ਦੇਖ ਰਾਜੇ ਨੇ ਕਿਹਾ "ਤੁਸੀਂ ਵੀ ਝੂਠੇ ਤੁਹਾਡਾ ਸੰਤ ਵੀ ਝੂਠਾ।"

ਦੋਵਾਂ ਨੇ ਬੇਨਤੀ ਕੀਤੀ "ਮਹਾਰਾਜ ਸਾਨੂੰ ਕੁਝ ਵੀ ਕਹਿ ਲਵੋ, ਅਸੀਂ ਤੁਹਾਡੀ ਪਰਜਾ ਸਮਾਨ ਹਾਂ। ਪਰ ਸਾਡੇ ਮਹਾਂਪੁਰਖਾਂ ਬਾਰੇ ਕੋਈ ਮਾੜਾ ਲਫਜ਼ ਨਾ ਵਰਤੋ।"

ਬਖਤੌਰ ਸਿੰਘ ਨੇ ਕਿਹਾ "ਰਾਜਾ ਜੀ ਟਿੱਕਾ ਸਾਹਿਬ ਦਾ ਦਰਦ ਵੀ ਇਨ੍ਹਾਂ ਦੀ ਕਿਰਪਾ ਨਾਲ ਠੀਕ ਹੋਇਆ ਸੀ।"

ਰਾਜੇ ਨੇ ਫਿਰ ਤਾੜਨਾ ਕੀਤੀ "ਚੁਪ ਕਰ ਜਾਓ, ਜੇ ਬੋਲੇ ਤਾਂ ਹੱਥਕੜੀਆਂ ਲਾ ਕੇ ਅੰਦਰ ਕਰ ਦਿਆਂਗਾ।" ਅਖੀਰ ਉਹ ਵਾਂਸਲੀ ਰੁਪਿਆਂ ਵਾਲੀ ਝਟਕਾਈ ਤਾਂ ਰੁਪਿਆ ਨਿਕਲ ਆਇਆ। ਪੈਸੇ ਗਿਣਾ ਕੇ ਵਾਪਿਸ ਚਲੇ ਆਏ ਕਿਉਂਕਿ ਉਥੋਂ ਕੁਝ ਵੀ ਖਾਣ ਦਾ ਹੁਕਮ ਨਹੀਂ ਸੀ।

ਬਾਬਾ ਜੀ ਦੀ ਹਜੂਰੀ ਵਿੱਚ ਪਹੁੰਚੇ ਤਾਂ ਹਜੂਰ ਨੇ ਬਚਨ ਕੀਤਾ "ਦੱਸੋ ਕੀ ਬੋਲਿਆ ਹੀਰਾ।" ਇਨ੍ਹਾਂ ਨੇ ਸੰਕੋਚ ਕੀਤਾ। ਬਾਬਾ ਜੀ ਨੇ ਫਿਰ ਕਿਹਾ, "ਦੱਸੋ ਜੋ ਬੀਤਿਆ ਉਹ ਹੀ ਦੱਸਣਾ।"

ਉਨ੍ਹਾਂ ਦੱਸਿਆ "ਮਹਾਰਾਜ ਉਹ ਕਹਿੰਦਾ ਤੁਸੀਂ ਝੂਠੇ ਤੁਹਾਡਾ ਸਾਧ ਵੀ ਝੂਠਾ। ਪੈਸੇ ਘੱਟ ਗਏ ਸਨ। ਇੱਕ ਰੁਪਿਆਂ ਬੰਸਲੀ ਵਿੱਚ ਰਹਿ ਗਿਆ ਸੀ। ਹੱਥ ਕੜੀਆਂ ਲਵਾ ਦਿਆਂਗਾ ਪਰ ਪੈਸੇ ਪੂਰੇ ਹੋਣ ਤੇ ਸਾਨੂੰ ਛੱਡ ਦਿੱਤਾ।"

ਬਾਬਾ ਜੀ ਸੁਣ ਕੇ ਗੁੱਸੇ ਵਿੱਚ ਬਚਨ ਕਰਨ ਲੱਗੇ "ਹੱਥ ਕੜੀਆਂ ਵਾਲਾ ਉਸ ਦਾ ਚਾਅ ਪੂਰਾ ਨਹੀਂ ਹੋਇਆ। ਅਸੀਂ ਉਸ ਦੇ ਪੁਤ ਨੂੰ ਹੱਥਕੜੀਆਂ ਲਾਵਾਂਗੇ, ਉਹ ਸਾਡੇ ਸੇਵਕਾਂ ਨੂੰ ਲਾਉਂਦਾ ਹੈ।"

ਅੰਤ ਵਿੱਚ ਤਿੰਨ ਵਾਰ ਬਚਨ ਕੀਤਾ "ਪੱਟ ਪਊ ਪਟਿਆਲਾ ਨਾਭਾ ਧਾਹਾਂ ਮਾਰੂਗਾ।"

ਹੱਥ ਕੜੀਆਂ ਫਿਰ ਟਿੱਕਾ ਰਿਪੁਦੰਮਨ ਨੂੰ ਲੱਗੀਆਂ। ਜਲਾਵਤਨ ਕੀਤਾ ਫਿਰ ਪੰਜਾਬ ਵਿੱਚ ਨਹੀਂ ਆਇਆ ਬਾਹਰ ਹੀ ਅੰਤ ਹੋਇਆ। ਇਸੇ ਪਿੰਡ ਦਾ ਰੂੜ ਸਿੰਘ ਦੱਸਦਾ ਹੈ ਕਿ ਇੱਕ ਵਾਰ ਮਹਾਰਾਜ ਰਿਪੁਦੰਮਨ ਸਿੰਘ ਮਸਤੂਆਣਾ ਸਾਹਿਬ ਗਿਆ। ਮਾਇਆ ਦੇ ਢੇਰ ਦੇਖ ਕੇ ਕਹਿਣ ਲੱਗਾ "ਇਹ ਮਾਇਆ ਸਾਨੂੰ ਦੇ ਦਿਓ ਸੰਤ ਜੀ। ਤੁਸੀਂ ਕੀ ਕਰਨੀ ਹੈ ਸਾਨੂੰ ਚਾਹੀਦੀ ਹੈ।

ਸੰਤਾਂ ਨੇ ਬਚਨ ਕੀਤਾ "ਰਾਜਾ ਇਹ ਤਾਂ ਗੁਰੂ ਘਰ ਦੀ ਸੇਵਾ ਵਾਸਤੇ ਸੰਗਤ ਨੇ ਦਿੱਤੀ ਹੈ। ਤੇਰੇ ਲਈ ਨਹੀਂ ਹੈ।"

ਉਸਨੇ ਕਈ ਵਾਰ ਮੰਗ ਦੁਹਰਾਈ। ਜਦ ਉਹੀ ਜਵਾਬ ਮਿਲਦਾ ਰਿਹਾ ਤਾਂ ਰਿਪੁਦੰਮਨ ਬੋਲਿਆ "ਸਾਡੇ ਰਾਜ ਵਿੱਚ ਰਹਿ ਕੇ ਸਾਨੂੰ ਹੀ ਜਵਾਬ ਦਿੰਦੇ ਹੋ। ਜੇ ਅਸੀਂ ਖੋਹ ਲਈਏ।"

ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਗੜਵਈ ਨੂੰ ਹੁਕਮ ਕੀਤਾ ਗੜਵਾ ਤੇ ਕਛਿਹਰਾ ਪਰਨਾ ਲਿਆਓ।"

ਇਹ ਚੀਜ਼ਾਂ ਚੁਕ ਕੇ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਤੋਂ ਚੱਲ ਕੇ ਦਮਦਮਾ ਸਾਹਿਬ ਬੁੰਗੇ ਵਾਲੀ ਜਗ੍ਹਾ ਚਲੇ ਗਏ ਜੋ ਇਨ੍ਹਾਂ ਨੇ ਹੀ ਅਬਾਦ ਕੀਤੀ ਹੈ। ਤੁਰਨ ਸਮੇਂ ਬਚਨ ਕਰੇ "ਤੂੰ ਸਾਨੂੰ ਮਸਤੂਆਣੇ ਤੋਂ ਤੋਰਿਆ ਹੈ। ਅਸੀਂ ਸੇਵਾ ਕਰਨੀ ਹੈ ਹੋਰ ਥਾਂ ਕਰ ਲਵਾਂਗੇ। ਪਰ ਤੂੰ ਪੰਜਾਬ ਵਿੱਚ ਵੀ ਨਹੀਂ ਰਹੇਗਾ।"

**ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।**

(ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਸਭ ਨੇ ਇਤਿਹਾਸ ਪੜ੍ਹਿਆ ਸੁਣਿਆ ਅਤੇ ਕਿਸੇ ਨੇ ਦੇਖਿਆ ਵੀ ਹੋਵੇਗਾ।)

(ਇਹ ਪ੍ਰਸੰਗ ਵੱਡਾ ਝੰਡਾ ਸਿੰਘ ਸੇਮਾਂ ਨੇ ਲਿਖਿਆ ਸੀ।)

## ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾਂ ਨਿਰੋਆ

ਸਰੀਰਕ ਰੋਗ, ਮਾਨਸਿਕ ਰੋਗ ਦੋਨੋਂ ਹੀ ਸਰੀਰ ਨੂੰ ਲੱਕੜ ਨੂੰ ਲੱਗੇ ਘੁਣ ਦੇ ਸਮਾਨ ਹਨ। ਸਰੀਰਕ ਰੋਗ ਦੇ ਮਾਹਿਰਾਂ ਦੀਆਂ ਦਵਾਈਆਂ ਹੋਣੀ ਅੱਗੇ ਗੋਡੇ ਟੇਕ ਦਿੰਦੀਆਂ ਹਨ। ਪਰ ਇਸ ਹੋਣੀ ਨੂੰ ਅਣਹੋਣੀ ਵਿੱਚ ਬਦਲਣ ਵਾਲੇ ਵੈਦ ਦਰਗਾਹੀ ਹੁਕਮਾਂ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਨ। ਅਧਿਆਤਮਕ ਸ਼ਕਤੀ ਦੇ ਪੈਗੰਬਰ ਰਹਿਮਤਾਂ ਦੀ ਖੈਰ ਦਾ ਦਾਮਨ ਕ੍ਰਿਪਾ ਦ੍ਰਿਸ਼ਟੀ ਦੀ ਇੱਕ ਝਲਕ ਨਾਲ ਭਰ ਦਿੰਦੇ ਹਨ। ਨਿਮਰਤਾ ਸਹਿਤ ਕੀਤੀ ਬੇਨਤੀ ਉੱਪਰ ਮਹਾਂਪੁਰਖਾਂ ਦੀਆਂ ਮੇਹਰਬਾਨੀਆਂ ਭਖਦੇ ਸੂਰਜ ਦੀਆਂ ਕਿਰਨਾਂ ਨੂੰ ਆਪਣੇ ਅੰਦਰ ਸਮਾਅ ਕੇ ਮਿੱਠੀ ਚਾਨਣੀ ਦੇ ਮਾਲਕ ਚੰਦ੍ਰਮਾ ਦੀ ਤਰ੍ਹਾਂ ਧਰਤੀ ਤੇ ਖਿਲਾਰਦੀਆਂ ਹਨ। ਮਹਾਂਪੁਰਖ ਸਰੀਰਕ ਕਸ਼ਟ ਝੱਲਦੇ ਹਨ ਦੁਨੀਆਦਾਰਾਂ ਲਈ, ਉਸਦੀ ਜਿੰਦਗੀ ਦੇ ਕਸ਼ਟ ਨਿਵਾਰਨ ਲਈ।

ਬਾਬਾ ਜੀ ਮਹਾਰਾਜ ਕਲੇਰਾਂ ਵਾਲੇ ਮਾਝੇ ਵਿੱਚ ਦੁਖੀਆਂ ਦੀਆਂ ਬੇਨਤੀਆਂ ਪਰਵਾਨ ਕਰ ਰਹੇ ਹਨ ਤਾਂ ਇੱਕ ਸਿੱਖ ਨੇ ਬੇਨਤੀ ਕੀਤੀ "ਗਰੀਬ ਨਿਵਾਜ! ਸਾਡੇ ਪਰਿਵਾਰ ਦਾ ਇੱਕ ਬੱਚਾ ਨੌਜਵਾਨ ਹੈ, ਰਾਤ ਨੂੰ ਠੀਕ ਠਾਕ ਸੁੱਤਾ ਸੀ। ਸਵੇਰੇ ਉੱਠਣ ਵੇਲੇ ਰੌਲਾ ਪਾਉਣ ਲੱਗ ਪਿਆ। ਘਰ ਤੋਂ ਬਾਹਰ ਭੱਜ ਗਿਆ। ਬਹੁਤ ਮੁਸ਼ਕਲ ਨਾਲ ਫੜਿਆ। ਪਾਗਲਾ ਦੀ ਤਰ੍ਹਾਂ ਹਰਕਤਾਂ ਕਰਦਾ ਹੈ। ਕ੍ਰਿਪਾ ਕਰੋ ਬੱਚਾ ਤੰਦਰੁਸਤ ਹੋ ਜਾਏ।"

ਬਾਬਾ ਜੀ ਨੇ ਬੇਨਤੀ ਸੁਨਣ ਉਪਰੰਤ ਬਚਨ ਕੀਤਾ "ਇਸ ਨੂੰ ਭੁੱਚੋ ਲੈ ਜਾਓ। ਉਥੇ ਸਾਡੇ ਗੁਰੂ ਹਨ। ਇਸ ਦਾ ਇਲਾਜ ਉਥੇ ਹੋਵੇਗਾ। ਬੱਚਾ ਠੀਕ ਹੋ ਜਾਵੇਗਾ।"

ਪ੍ਰਵਾਰ ਨੇ ਬਚਨ ਮੰਨ ਕੇ ਭੁੱਚੋ ਆਉਣ ਲਈ ਤਿਆਰੀ ਕਰ ਲਈ। ਮੰਜੇ ਨਾਲ ਲੜਕੇ ਨੂੰ ਬੰਨ ਲਿਆ। ਮੰਜਾ ਗੱਡੇ ਵਿੱਚ ਰੱਖ ਲਿਆ ਜਰੂਰਤ ਅਨੁਸਾਰ ਰਸਤੇ ਵਿੱਚ ਭੋਜਨ ਤਿਆਰ ਕਰਨ ਲਈ ਰਾਸ਼ਨ ਵੀ ਲੈ ਲਿਆ।

ਕੁਝ ਦਿਨਾਂ ਵਿੱਚ ਲੜਕੇ ਨੂੰ ਲੈ ਕੇ ਭੁੱਚੋ ਪਹੁੰਚ ਗਏ। ਸੇਵਕ ਨੂੰ ਦੱਸ ਕੇ ਬਾਬਾ ਜੀ ਅੱਗੇ ਬੇਨਤੀ ਕਰਨ ਲਈ ਅਰਜੋਈ ਕੀਤੀ ਅੱਗੋ ਸ਼ਹਿਨਸ਼ਾਹ ਪਾਤਸ਼ਾਹ ਦਾ ਹੁਕਮ ਹੋਇਆ "ਲੜਕੇ ਨੂੰ ਜੰਡ ਨਾਲ ਬੰਨ ਦਿਓ ਤੇ ਆਪ ਉਪਰ ਟਿੱਲਾ ਸਾਹਿਬ ਤੇ ਆ ਪਹੁੰਚੋ। ਕਲੇਰਾਂ ਵਾਲੇ ਬਾਬਾ ਜੀ ਦਾ ਬਚਨ ਦੱਸ ਕੇ ਰਹਿਮਤ ਦੀ ਭੀਖ ਮੰਗਣ ਲੱਗੇ।

ਪਾਤਸ਼ਾਹ ਨੇ ਹੁਕਮ ਕੀਤਾ "ਹੇਠਾਂ ਚੱਲ ਕੇ ਦੇਖਦੇ ਹਾਂ।"

ਟਿੱਲੇ ਤੋਂ ਹੇਠਾਂ ਆਏ, ਨਾਲ ਹੀ ਭਾਈ ਕੇਸਰ ਸਿੰਘ, ਕੁਤਬਾ ਸਾਂਈ, ਧੰਨਾ ਭਗਤ ਅਤੇ ਲੜਕੇ ਦੇ ਪਰਿਵਾਰ ਦੇ ਬੰਦੇ ਸਨ। ਬਾਬਾ ਜੀ ਨੇ ਲੜਕੇ ਨੂੰ ਮੇਹਰ ਦੀ ਨਿਗਾਹ ਨਾਲ ਤੱਕਿਆ। ਲੜਕੇ ਨੇ ਵੀ ਬਾਬਾ ਜੀ ਦੇ ਦਰਸ਼ਨ ਕੀਤੇ। ਬਾਬਾ ਜੀ ਨੇ ਕੇਸਰ ਸਿੰਘ ਨੂੰ ਮੁਖਾਤਿਬ ਕਰਕੇ ਰਮਜ ਦੇ ਰੂਪ ਢਾਈ ਪੂਣੀਆਂ ਕੱਤੀਆਂ ਪੁੱਠਾ ਚਰਖਾ ਫੇਰ ਕੇ। ਕਿਉਂ ਕੇਸਰਾ ਠੀਕ ਹੈ ਨੀ ਬਈ।"

ਕੇਸਰ ਸਿੰਘ ਨੇ ਹੱਥ ਜੋੜ ਕੇ ਕਿਹਾ "ਠੀਕ ਹੈ ਜੀ।"

ਨੇੜੇ ਹੀ ਕੁਤਬਾ ਮੁਸਲਮਾਨ ਖੜਾ ਸੀ (ਇਹ ਭੁੱਚੋ ਦਾ ਰਹਿਣ ਵਾਲਾ ਸੀ। ਬਾਬਾ ਜੀ ਕੋਲ ਅਕਸਰ ਆਉਂਦਾ ਰਹਿੰਦਾ ਸੀ) ਉਹ ਬੋਲਿਆ "ਹਿੰਦੂ ਹੀ ਸਿੱਧਾ ਫੇਰਦੇ ਹਨ, ਮੁਸਲਮਾਨ ਪੁੱਠਾ ਫੇਰਦੇ ਹਨ।"

ਬਾਬਾ ਜੀ ਨੇ ਉਸ ਨੂੰ ਰੋਕ ਕੇ ਬਚਨ ਕੀਤਾ "ਸਾਂਈ ਲੋਕ ਤੂੰ ਸਾਡੀ ਗੱਲ ਵਿੱਚ ਨਾ ਬੋਲ, ਤੂੰ ਕੀ ਲੈਣਾ ਇਸ ਤੋਂ।"

ਬਾਬਾ ਜੀ ਨੇ ਫਿਰ ਕੇਸਰ ਸਿੰਘ ਨੂੰ ਮੁਖਾਤਿਬ ਕਰਕੇ ਬਚਨ ਕੀਤਾ "ਕਿਉਂ ਕੇਸਰਾ ਠੀਕ ਹੈ ਭਾਈ।"

ਕੇਸਰ ਸਿੰਘ ਨੇ ਕਿਹਾ "ਜਿਵੇਂ ਹਜੂਰ ਦੀ ਰਜਾ ਹੈ ਠੀਕ ਹੈ।" ਬਾਬਾ ਜੀ ਤੇ ਸੇਵਕ ਵਾਪਿਸ ਟਿੱਲਾ ਸਾਹਿਬ ਉਪਰ ਚਲੇ ਗਏ ਤਾਂ ਹਜੂਰ ਨੇ ਹੁਕਮ ਕੀਤਾ "ਲੜਕੇ ਨੂੰ ਖੋਲ ਲਿਆਓ।"

ਉਸਦੇ ਨਾਲ ਆਏ ਰਿਸ਼ਤੇਦਾਰਾਂ ਨੇ ਕਿਹਾ "ਮਹਾਰਾਜ ਉਹ ਭੱਜ ਜਾਏਗਾ।"

ਬਾਬਾ ਜੀ ਨੇ ਬਚਨ ਕੀਤਾ "ਭੱਜੇਗਾ ਨਹੀਂ, ਖੋਲ ਦਿਓ।"

ਉਹਨਾਂ ਜਾ ਕੇ ਲੜਕੇ ਨੂੰ ਖੋਲ ਦਿੱਤਾ। ਲੜਕਾ ਪਰਿਵਾਰ ਦੇ ਨਾਲ ਹੀ ਟਿੱਲਾ ਸਾਹਿਬ ਉੱਪਰ ਚੜ੍ਹ ਗਿਆ। ਮੱਥਾ ਟੇਕ ਕੇ ਬੈਠ ਗਿਆ। ਹਜ਼ੂਰ ਨੇ ਹੁਕਮ ਕੀਤਾ "ਇਸਨੂੰ ਜਲ ਛਕਾਓ।"

ਉਸਨੇ ਜਲ ਛੱਕ ਲਿਆ। ਇਸ ਉਪਰੰਤ ਬਾਬਾ ਜੀ ਨੇ ਪੁੱਛਿਆ "ਤੈਨੂੰ ਕੀ ਹੋਇਆ ਸੀ ?"

ਉਸਦਾ ਉੱਤਰ ਸੀ "ਮੈਂ ਸਵੇਰੇ ਵੇਲੇ ਖੇਤ ਵਿੱਚ ਕੰਮ ਕਰਨ ਗਿਆ ਸੀ। ਰਾਤ ਘਰ ਆ ਕੇ ਸੁੱਤੇ ਪਏ ਨੂੰ ਹੀ ਪਤਾ ਨਹੀਂ ਕੀ ਹੋਇਆ ਇਸ ਬਾਰੇ ਮੈਨੂੰ ਕੋਈ ਪਤਾ ਨਹੀਂ। ਉਸ ਤੋਂ ਬਾਅਦ ਤਾਂ ਹੁਣ ਹੀ ਸੋਝੀ ਆਈ ਹੈ।" ਬੇਨਤੀ ਸੁਨਣ ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਤੁਸੀਂ ਦੂਰ ਤੋਂ ਆਏ ਹੋ ਆਰਾਮ ਕਰੋ। ਪੰਜ ਸੱਤ ਦਿਨ ਤੁਹਾਨੂੰ ਇਥੇ ਰਹਿਣਾ ਪਵੇਗਾ। "ਪੰਜ ਕੁ ਦਿਨ ਪਰਿਵਾਰ ਇਥੇ ਰਿਹਾ। ਜਿਹੋ ਜਿਹੀ ਸੇਵਾ ਹੋਈ ਕਰ ਲਈ। ਆਗਿਆ ਮੰਗਣ ਲੱਗੇ।

ਹਜ਼ੂਰ ਨੇ ਹੁਕਮ ਕੀਤਾ "ਕੱਲ ਨੂੰ ਮਿਲੇਗੀ।"

ਅਗਲੇ ਦਿਨ ਮੁਨਸ਼ੀ ਨੂੰ ਬੁਲਾ ਕੇ ਬਾਬਾ ਜੀ ਨੇ ਹੁਕਮ ਕੀਤਾ "ਮੁਨਸ਼ੀ ਇਨ੍ਹਾਂ ਦੇ ਪਰਿਵਾਰ ਦਾ ਆਉਣ ਜਾਣ ਦਾ ਖਰਚਾ ਜੋੜ ਕੇ ਦੱਸ ਕਿੰਨਾਂ ਹੈ"

ਮੁਨਸ਼ੀ ਜੀ ਨੇ ਸਾਰਾ ਹਿਸਾਬ ਦੱਸ ਦਿੱਤਾ। ਤੋਰਨ ਸਮੇਂ ਪਰਿਵਾਰ ਨੂੰ ਇਹ ਹਿਸਾਬ ਵਿੱਚ ਤੀਹ ਰੁਪਏ ਹੋਰ ਪਾ ਕੇ ਦੇਣ ਲੱਗੇ। ਉਨ੍ਹਾਂ ਬੇਨਤੀ ਕੀਤੀ" ਮਹਾਰਾਜ ਸਾਡਾ ਲੜਕਾ ਠੀਕ ਹੋਇਆ, ਸੇਵਾ ਅਸੀਂ ਕਰਨੀ ਸੀ। ਤੁਸੀਂ ਸਾਨੂੰ ਪੈਸੇ ਦੇ ਰਹੇ ਹੋ।"

ਬਾਬਾ ਜੀ ਨੇ ਇੱਕ ਦੋ ਵਾਰ ਕਿਹਾ, ਉਹ ਮੰਨੇ ਨਹੀਂ। ਤਾਂ ਬਾਬਾ ਜੀ ਨੇ ਬਚਨ ਕੀਤਾ "ਚੰਗਾ ਫੇਰ ਆਪਣਾ ਪੀਰ ਨਾਲ ਹੀ ਲੈ ਜਾਓ।" ਨੇੜੇ ਬੈਠੇ ਸੇਵਕਾਂ ਨੇ ਕਿਹਾ "ਬਚਨ ਨਹੀਂ ਮੋੜੀਦਾ। ਪੈਸੇ ਲੈ ਲਵੋ।" ਉਨ੍ਹਾਂ ਡਰਦਿਆਂ ਪੈਸੇ ਲੈ ਲਏ ਕਿ ਕਿਤੇ ਮੁੰਡਾ ਫਿਰ ਨਾ ਬੀਮਾਰ ਹੋ ਜਾਏ। ਪਰ ਮਨ ਵਿੱਚ ਹੈਰਾਨ ਸਨ।

**ਖੰਡ ਬ੍ਰਹਿਮੰਡ ਬੇਅੰਤ ਉਧਾਰਣ ਹਾਰਿਆ॥**
**ਤੇਰੀ ਸੋਭਾ ਤੁਧ ਸਚੇ ਮੇਰੇ ਪਿਆਰਿਆ॥**

(ਇਹ ਪ੍ਰਸੰਗ ਜੋਗਿੰਦਰ ਸਿੰਘ ਢਿੱਲੋਂ ਦੀ ਜ਼ਬਾਨੀ ਹੈ।)

**ਬਹੁਤ ਉਰਧ ਤਪ ਸਾਧਨ ਸਾਧੇ ॥**
**ਅਨਿਕ ਲਾਭ ਮਨੋਰਥ ਲਾਧੇ ॥**
**ਹਰਿ ਹਰਿ ਨਾਮ ਰਸਨ ਆਰਾਧੇ ॥**

ਵਾਹਿਗੁਰੂ ਦੇ ਅਨੰਦ ਦੀਦਾਰ ਦੀ ਪ੍ਰਾਪਤੀ ਲਈ ਮਹਾਂਪੁਰਖ ਅਨੇਕ ਪ੍ਰਕਾਰ ਦੀਆਂ ਘਾਲਣਾ ਘਾਲਦੇ ਹਨ। ਸੱਚੀ ਲਿਵ ਵਾਲੇ ਜਗਿਆਸੂ ਦੇ ਮਨ ਵਿੱਚ ਮਿਲਾਪ ਦੀ ਤੜਪ ਪਪੀਹੇ ਦੀ ਸੁਆਤੀ ਬੂੰਦ ਦੀ ਤਰ੍ਹਾਂ ਹੈ। ਭੱਠੀ ਦਾ ਸੇਕ ਸੋਨੇ ਨੂੰ ਕੰਚਨ ਦਾ ਨਾਮ ਦਿੰਦਾ ਹੈ। ਬਾਂਸ ਦੀ ਨਿਮਰਤਾ ਅਨੇਕਾਂ ਹਨੇਰੀਆਂ ਤੂਫਾਨਾਂ ਦੇ ਝਟਕੇ ਸਹਿਣ ਕਰਕੇ ਵੀ ਜੜ੍ਹਾਂ ਪਤਾਲ ਵਿੱਚ ਲਾਉਂਦੀ ਹੈ। ਮਹਾਂਪੁਰਖ ਦੁਨੀਆਂ ਦਾਰਾਂ ਦੀਆਂ ਕਲਜੁਗੀ ਹਰਕਤਾਂ ਨੂੰ ਸਹਿਨਸ਼ੀਲਤਾ ਅਤੇ ਨਿਮਰਤਾ ਦਾ ਤਾਜ ਪਹਿਨ ਕੇ ਨਜ਼ਰਅੰਦਾਜ ਕਰ ਦਿੰਦੇ ਹਨ। ਤਪ ਸਾਧਨਾਂ ਕਰਕੇ ਅੰਤਰਆਤਮਾ ਪਾਉਦੇ ਹਨ। ਅਭੇਦ ਹੋਈ ਰਸਨਾ ਸੁਆਸ, ਸੁਆਸ ਹਰੀ ਦੀ ਅਰਾਧਨਾ ਕਰਦੀ ਹੈ। ਇਹੋ ਜਿਹੀ ਅਵਸਥਾ ਬਣਾਈ ਬਾਬਾ ਜੀ ਅਨੰਦ ਸਿੰਘ ਕਲੇਰਾਂ ਵਾਲਿਆਂ।

ਭੁੱਚੋ ਤੋਂ ਬਾਬਾ ਜੀ ਤੋਂ ਲੋਕ ਪਰਲੋਕ ਦੀਆਂ ਬਖਸ਼ਿਸ਼ਾਂ ਲੈ ਕੇ ਬਾਬਾ ਅਨੰਦ ਸਿੰਘ ਜੀ ਪਿੰਡ ਵੀਰ ਸਿੰਘ ਵਾਲਾ ਤਹਿਸੀਲ ਚੂਨੀਆਂ ਜਿਲ੍ਹਾ ਲਾਹੌਰ ਵਿਚ ਜਾ ਪਹੁੰਚੇ। ਇਹ ਪਿੰਡ ਸ. ਵੀਰ ਸਿੰਘ ਨੇ ਵਸਾਇਆ ਸੀ। ਇਸ ਦੇ ਨੇੜੇ ਹੀ ਛਾਂਗੇਮਾਂਗੇ ਦਾ ਜੰਗਲਾਤੀ ਜਖੀਰਾ ਸੀ। ਆਪ ਸ. ਵੀਰ ਸਿੰਘ ਦੇ ਖੂਹ “ਹਿਥਾੜ ਨਾਮੀ” ਤੇ ਠਹਿਰੇ। ਖੂਹ ਪੁਰਾਣਾ ਹੋਣ ਕਰਕੇ ਬੇਅਬਾਦ ਸੀ। ਵੀਰ ਸਿੰਘ ਦੇ ਦੋ ਲੜਕੇ ਖੁਸ਼ਹਾਲ ਸਿੰਘ ਅਤੇ ਸੁਰੈਣ ਸਿੰਘ ਆਪ ਜੀ ਦੀ ਸੇਵਾ ਵਿੱਚ ਲੱਗ ਗਏ। ਖੂਹ ਵਿਚੋਂ ਪਾਣੀ ਕੱਢਣ ਦਾ ਇੰਤਜਾਮ ਕੀਤਾ, ਭੋਰਾ ਬਾਬਾ ਜੀ ਲਈ ਪੁੱਟਿਆ, ਗੁਰੂ ਗ੍ਰੰਥ ਸਾਹਿਬ ਲਈ ਇੱਕ ਛੱਪਰ ਤਿਆਰ ਕਰ ਲਿਆ ਸਵੇਰੇ ਭਾਈ ਸੁਲੱਖਣ ਸਿੰਘ ਪਰਸ਼ਾਦਾ ਲਿਆਉਂਦਾ ਸੀ। ਦੋਨੇ ਭਰਾਵਾਂ ਨੇ ਲੱਸੀ ਮੱਖਣ ਆਦਿ ਦੀ ਸੇਵਾ ਕਰਨੀ। ਜਖੀਰਾ ਸੰਘਣਾ ਸੀ।

ਬਾਬਾ ਜੀ ਕਦੇ ਚਲੇ ਜਾਂਦੇ ਪਰ ਜਦ ਵੀ ਆਉਂਦੇ ਠਹਿਰਦੇ ਇਸ ਖੂਹ ਵਾਲੇ ਅਸਥਾਨ ਤੇ ਇੱਕ ਦਿਨ ਬਾਬਾ ਜੀ ਨੇ ਸ. ਖੁਸ਼ਹਾਲ ਸਿੰਘ ਅਤੇ ਸ. ਸੁਰੈਣ ਸਿੰਘ ਨੂੰ ਬਚਨ ਕੀਤਾ "ਕੁਝ ਸਮਾਂ ਅਸੀਂ ਇਹੋ ਜਿਹੀ ਜਗ੍ਹਾਂ ਉਪਰ ਰਹਿਣਾ ਹੈ ਜਿਥੇ ਬਾਰਾਂ ਕੋਹ ਤੱਕ ਕੋਈ ਆਵੇ ਜਾਵੇ ਨਹੀਂ। ਇੱਕ ਸਾਲ ਦੇ ਸਮੇਂ ਅੰਦਰ ਅਸੀਂ ਇੱਕ ਸੰਪਟ ਪਾਠ ਕਰਨਾ।"

"ਇਥੇ ਇਕਾਂਤ ਹੀ ਹੈ ਪਾਤਸ਼ਾਹ। ਅਸੀਂ ਪਹਿਰਾ ਹੋਰ ਸਖਤ ਕਰ ਦਿਆਂਗੇ।" ਸ. ਖੁਸ਼ਹਾਲ ਸਿੰਘ ਨੇ ਬੇਨਤੀ ਕੀਤੀ।

"ਖੁਸ਼ਹਾਲ ਸਿੰਘ ਸਾਨੂੰ ਹੁਕਮ ਕਿਸੇ ਹੋਰ ਥਾਂ ਦਾ ਹੈ" ਬਚਨ ਹੋਇਆ।" ਮਹਾਰਾਜ! ਅਸੀਂ ਸੇਵਾ ਵਿੱਚ ਹਾਜਰ ਹਾਂ। ਅਸਾਨੂੰ ਛੱਡ ਕੇ ਨਾ ਜਾਇਓ।" ਖੁਸ਼ਹਾਲ ਸਿੰਘ ਦੇ ਬੋਲ ਵਿੱਚ ਤਰਲਾ ਸੀ।

"ਹੁਕਮ ਅਨੁਸਾਰ ਅਸਾਨੂੰ ਜਾਣਾ ਪਵੇਗਾ। ਸਾਡੇ ਉਪਰ ਵੀ ਸਾਂਈ ਹੈ। ਮਾਲਿਕ ਦੀ ਰਜਾ ਵਿੱਚ ਰਹਾਂਗੇ।" ਬਾਬਾ ਜੀ ਦਾ ਉੱਤਰ ਸੀ।

"ਜਿਵੇਂ ਹਜੂਰ ਦੀ ਇੱਛਾ ਹੈ ਪਰ ਅਸੀਂ ਭਾਲ ਆਪ ਜੀ ਦੀ ਜਰੂਰ ਕਰ ਲਵਾਂਗੇ।" ਹਜੂਰ ਨੇ ਹੱਸ ਕੇ ਕਿਹਾ "ਭਾਲ ਲਵੇਂਗਾ।"

"ਗਰੀਬ ਨਿਵਾਜ! ਧਰਤੀ ਦੀ ਕੰਡ ਤੇ ਭਾਲ ਜਰੂਰ ਕਰਾਂਗੇ ਜੇ ਕਿਤੇ ਖੰਡਾਂ ਬ੍ਰਹਿਮੰਡਾਂ ਵਿੱਚ ਚਲੇ ਗਏ ਫਿਰ ਸਾਡੀ ਬੇਬਸੀ ਹੋਵੇਗੀ।" ਖੁਸ਼ਹਾਲ ਸਿੰਘ ਨੇ ਜਵਾਬ ਦਿੱਤਾ।

ਬਾਬਾ ਜੀ ਹੱਸ ਕੇ ਕਹਿਣ ਲੱਗੇ "ਚੰਗਾ ਜਿਵੇਂ ਨਿਰੰਕਾਰ ਕਰਾਵੇਗਾ ਕਰਦੇ ਰਹਾਂਗੇ।"

ਕੁਝ ਸਮੇਂ ਬਾਅਦ ਇੱਕ ਦਿਨ ਖੁਸ਼ਹਾਲ ਸਿੰਘ ਆਗਿਆ ਲੈ ਕੇ ਰਾਤ ਨੂੰ ਘਰ ਆ ਗਿਆ। ਸਵੇਰੇ ਰੋਜ ਵਾਂਗ ਪ੍ਰਸ਼ਾਦਾ ਲੈ ਕੇ ਗਿਆ ਤਾਂ ਵੇਖਿਆ ਕਿ ਬਾਬਾ ਜੀ ਦਾ ਆਸਣ ਖਾਲੀ ਹੈ। ਬਾਬਾ ਜੀ ਅਲੋਪ ਹੋ ਗਏ ਭਾਵ ਕਿਧਰੇ ਚਲੇ ਗਏ ਹਨ। ਮਨ ਨੂੰ ਬੜੀ ਸੱਟ ਲੱਗੀ ਵਿਰਲਾਪ ਵਿੱਚ ਅੱਖਾਂ ਨੇ ਅਥਰੂ, ਕੇਰੇ।

**ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥**
**ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹੁ ॥**

**ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥**

*ਸੋਰਠਿ ਮ. ੧ ਅੰਗ ੫੯੫*

ਬਿਰਹੁ ਦੀ ਘੜੀ ਸਤਿਸੰਗੀ ਲਈ ਚਿਖਾ ਸਮਾਨ ਹੈ। ਅਣਥੱਕ ਭਾਲ ਦੇ ਬਾਅਦ ਵੀ ਜਦ ਬਾਬਾ ਜੀ ਨਾ ਮਿਲੇ ਤਾਂ ਅਖਬਾਰ ਵਿੱਚ ਹੁਲੀਆ ਦੇ ਕੇ ਇਸ਼ਤਿਹਾਰ ਲਵਾ ਦਿੱਤਾ। ਪੰਜ ਸੌ ਰੁਪਏ ਇਨਾਮ ਵੀ ਰੱਖਿਆ ਭਾਈ ਗੁਰਦਾਸ ਜੀ ਦਾ ਕਥਨ ਹੈ" ਮਜਲਸ ਕਰ ਹੈਰਾਨ ਉਠ ਸਿਧਾਇਆ।" ਬਾਬਾ ਜੀ ਇਥੇ ਚੱਲ ਕੇ ਹੜੱਪੇ ਦੇ ਜੰਗਲਾਂ ਵਿੱਚ ਜਾ ਬਿਰਾਜੇ। ਇਥੇ ਬਾਰਾਂ ਕੋਹ ਤੱਕ ਉਜਾੜ ਸੀ। ਕਿਸੇ ਦਾ ਆਉਣਾ ਵੀ ਮੁਸ਼ਕਿਲ ਸੀ।

ਬਾਬਾ ਜੀ ਦਾ ਹੀ ਬਚਨ ਹੈ "ਕਿ ਅਸੀਂ ਦਸ ਕੁ ਵਜੇ ਦਿਨੇ ਇੱਕ ਬ੍ਰਿਛ ਹੇਠ ਬੈਠੇ ਸਾਂ ਕਿ ਅਚਾਨਕ ਕੋਈ ਗੱਡੇ ਵਾਲੇ ਆ ਗਏ। ਉਹ ਰਸਤਾ ਭੁੱਲ ਗਏ ਸਨ। ਉਹ ਰਸਤਾ ਪੁੱਛਣ ਲਈ ਬਾਬਾ ਜੀ ਕੋਲ ਰੁਕ ਗਏ। ਅਸਾਨੂੰ ਪ੍ਰਸ਼ਾਦਾ ਛੱਕਣ ਲਈ ਕਹਿਣ ਲੱਗੇ। ਪਰ ਅਸੀਂ ਜਵਾਬ ਦੇ ਦਿੱਤਾ। ਉਨ੍ਹਾਂ ਪੁੱਛਿਆ "ਤੁਹਾਡੇ ਲਈ ਕੋਈ ਰੋਟੀ ਦਾ ਸਾਧਨ ਹੈ।"

"ਨਿਰੰਕਾਰ ਆਪ ਹੀ ਬੰਦੋਬਸਤ ਕਰੇਗਾ" ਹਜੂਰ ਨੇ ਜਵਾਬ ਦਿੱਤਾ। ਰਾਹੀਆਂ ਨੇ ਬੇਨਤੀ ਕੀਤੀ "ਇਹ ਵੀ ਨਿਰੰਕਾਰ ਦਾ ਹੀ ਦਿੱਤਾ ਹੈ, ਛੱਕ ਲਵੋ।"

"ਤੁਸੀਂ ਛੱਕ ਲਵੋ। ਅਸੀਂ ਅਰਦਾਸ ਕਰਕੇ ਭੋਗ ਲਵਾ ਕੇ ਛੱਕਾਂਗੇ।"

ਕੁਝ ਸਮਾਂ ਠਹਿਰਣ ਬਾਅਦ ਗੱਡੇ ਵਾਲੇ ਚਲੇ ਗਏ। ਇੱਕ ਦਿਨ ਜੰਗਲਾਤ ਮਹਿਕਮੇ ਦਾ ਅਧਿਕਾਰੀ ਜੰਗਲ ਵਿੱਚ ਫਿਰਦਾ ਫਿਰਦਾ ਇਧਰ ਆ ਗਿਆ। ਉਸ ਨੇ ਅਖਬਾਰ ਵਿੱਚ ਇਸ਼ਤਿਹਾਰ ਦੇਖਿਆ ਸੀ। ਬਾਬਾ ਜੀ ਦੀ ਪਛਾਣ ਕਰਨ ਲੱਗਾ। ਉਸ ਨੇ ਚੰਗੀ ਤਰ੍ਹਾਂ ਦਰਸ਼ਨ ਕੀਤੇ। ਘਰ ਆ ਅਖਬਾਰ ਦੇਖ ਕੇ ਸ. ਖੁਸ਼ਹਾਲ ਸਿੰਘ ਸਿਰਨਾਵੇ ਤੇ ਚਿੱਠੀ ਪਾ ਦਿੱਤੀ। ਚਿੱਠੀ ਪੜਦੇ ਹੀ ਦੱਸਣ ਮੁਤਾਬਕ ਭਾਈ ਸੁਲੱਖਣ ਸਿੰਘ, ਸ. ਸੁਰੈਣ ਸਿੰਘ, ਬਾਬਾ ਪਿਆਰਾ ਸਿੰਘ ਤੇ ਜਵਾਹਰ ਸਿੰਘ ਬਾਬਾ ਜੀ ਦੇ ਅਸਥਾਨ ਤੇ ਪਹੁੰਚ ਗਏ। ਬਾਬਾ ਜੀ ਨੇ ਰਾਜੀ ਖੁਸ਼ੀ ਪੁੱਛਣ ਉਪਰੰਤ ਲੱਕੜਾਂ ਤੋੜ ਕੇ ਸ਼ਹਿਰ ਵਿੱਚ ਵੇਚ ਕੇ ਭੋਜਨ ਤਿਆਰ ਕਰਨ ਦੀ ਤਾਕੀਦ ਕੀਤੀ। ਕੁਝ ਦਿਨਾਂ ਬਾਅਦ ਇੱਕ ਪ੍ਰੇਮੀ ਨੇ ਆਗਿਆ ਮੰਗਣੀ ਚਾਹੀਂ ਕਿਉਂਕਿ ਇਹ ਲੱਕੜਾ ਚੁੱਕ ਕੇ ਵੇਚ ਕੇ

ਸੇਵਾ ਕਰਨੀ ਉਸ ਨੂੰ ਠੀਕ ਨਾ ਲੱਗੀ ਪਰ ਫੇਰ ਚੁਪ ਕਰ ਗਿਆ ਜਿਵੇਂ ਕਰਾਉਂਦੇ ਹਨ ਠੀਕ ਹੈ। ਜੇ ਲੋਕਾਂ ਨੂੰ ਦੱਸ ਦਿੱਤਾ ਇਥੋਂ ਨਾ ਰਮਤੇ ਹੋ ਜਾਣ। ਇਨ੍ਹਾਂ ਨੇ ਇੱਕ ਮੁਰੱਬਾ ਜਮੀਨ ਵਿਚੋਂ ਝਾੜ ਆਦਿ ਸਾਫ ਕਰ ਦਿੱਤੇ। ਬਾਬਾ ਜੀ ਦੇ ਆਸਣ ਲਈ ਇੱਕ ਭੋਰਾ ਪੱਟ ਕੇ ਚਿੱਟੇ ਕਪੜੇ ਚਾਰੇ ਪਾਸੇ ਲਾ ਕੇ ਸਜਾ ਦਿੱਤੇ। ਲੰਗਰ ਦੀ ਸੇਵਾ ਸ਼ੁਰੂ ਕੀਤੀ। ਚੂਨੀਆਂ ਤੋਂ ਝਾਂਗੇ ਮਾਂਗੇ ਦੇ ਸਟੇਸ਼ਨ ਦਾ ਫਾਸਲਾ ਅੱਸੀ ਮੀਲ ਸੀ। ਸਟੇਸ਼ਨ ਤੋਂ ਬਾਬਾ ਜੀ ਦਾ ਆਸਣ ਕਾਫੀ ਦੂਰ ਸੀ। ਘੋੜੀ ਤੇ ਜਾਣਾ ਪੈਂਦਾ ਸੀ।

ਸ. ਸੁਰੈਣ ਸਿੰਘ ਅਤੇ ਸ. ਸੱਦਾ ਸਿੰਘ ਹਰ ਚੌਕੀ ਵਾਲਿਆਂ ਨੇ ਪ੍ਰਸ਼ਾਦੇ ਦੀ ਵਿਉਂਤ ਕੀਤੀ। ਬੁੱਧਵਾਰ ਨੂੰ ਸ. ਸੁਰੈਣ ਸਿੰਘ ਨੇ ਪ੍ਰਸ਼ਾਦਾ ਲੈ ਕੇ ਹੜੱਪੇ ਪਹੁੰਚ ਜਾਣਾ। ਵੀਰਵਾਰ, ਸ਼ੁਕਰਵਾਰ, ਸ਼ਨੀਵਾਰ ਸੇਵਾ ਵਿੱਚ ਰਹਿਣਾ। ਭਾਈ ਸੁਲੱਖਣ ਸਿੰਘ, ਭਾਈ ਪਿਆਰਾ ਸਿੰਘ, ਉਨ੍ਹਾਂ ਦੇ ਭਰਾ ਜਵਾਹਰ ਸਿੰਘ ਪੱਕੇ ਤੌਰ ਤੇ ਸੇਵਾ ਵਿੱਚ ਰਹਿੰਦੇ ਸਨ। ਬਾਬਾ ਜੀ ਦਾ ਅਹਾਰ ਦੋ ਤੋਲੇ ਪ੍ਰਸ਼ਾਦਾ ਦਾਲ ਸਮੇਤ, ਸੁਭਾ ਸ਼ਾਮ ਸਰਦਾਈ ਵਰਤਦੇ ਸਨ। ਸੇਵਕ ਸੇਵਾ ਕਰ ਰਹੇ ਸਨ।

**ਤਾਂਕੀ ਸੇਵ ਨ ਬਿਰਥੀ ਜਾਸੀ॥**

ਬਾਬਾ ਜੀ ਸੰਪਟ ਪਾਠ ਵਿੱਚ ਸੰਪਟ ਪਹਿਲੀ ਪਉੜੀ ਦਾ (ਭਾਵ ਮੂਲ ਮੰਤਰ) ਲਾਉਂਦੇ ਸਨ। ਹੋਰ ਵੀ ਕੋਈ ਸ਼ਬਦ ਹੋਵੇਗਾ ਪਰ ਉਹ ਗੁਪਤ ਸੀ। ਭੋਰੇ ਦੇ ਅੰਦਰ ਦੋ ਆਸਣ ਵਿਛੇ ਹੋਏ ਸਨ। ਇਕ ਗੁਰੂ ਨਾਨਕ ਸਾਹਿਬ ਲਈ, ਦੂਸਰਾ ਬਾਬਾ ਜੀ ਭੁੱਚੋ ਵਾਲਿਆਂ ਵਾਸਤੇ। ਪਿਛਲੇ ਕੀਤੇ ਬਚਨ ਅਨੁਸਾਰ ਬਾਬਾ ਜੀ ਭੁੱਚੋ ਵਾਲੇ ਸੇਵਕਾਂ ਨੂੰ ਟਿੱਲਾ ਸਾਹਿਬ ਤੋਂ ਹੇਠਾਂ ਉਤਾਰ ਦਿੰਦੇ ਅਤੇ ਆਪ ਕੁਟੀਆਂ ਅੰਦਰ ਚਲੇ ਜਾਂਦੇ। ਪਹਿਰੇਦਾਰ ਲਈ ਹੁਕਮ ਸੀ ਕਿ ਜਦੋਂ ਅਸੀਂ ਬੁਲਾਈਏ ਅੱਗੇ ਆਉਣਾ। ਉਤਨੀ ਦੇਰ ਕੋਈ ਉਪਰ ਨਾ ਆਵੇ। ਆਪ ਪਾਠ ਸੁਨਣ ਲਈ ਕਲੇਰਾਂ ਵਾਲੇ ਬਾਬਾ ਜੀ ਕੋਲ ਆਸਣ ਤੇ ਪਹੁੰਚਦੇ। ਭੁੱਚੋ ਤੋਂ ਸਫਰ ਘੱਟੋ ਘੱਟ ਇੱਕ ਸੌ ਚਾਲੀ ਮੀਲ ਦਾ ਸੀ। ਦੋ ਘੰਟੇ ਸੁਭਾ ਅਤੇ ਦੋ ਘੰਟੇ ਸ਼ਾਮ ਨੂੰ ਪਾਠ ਸੁਨਣ ਲਈ ਅਧਿਆਤਮਕ ਸ਼ਕਤੀ ਦੁਆਰਾ ਪਹੁੰਚਦੇ। ਦੂਸਰੇ ਆਸਣ ਉਪਰ ਗੁਰੂ ਨਾਨਕ ਸਾਹਿਬ ਪ੍ਰਤੱਖ ਰੂਪ ਵਿੱਚ ਬੈਠ ਕੇ ਪਾਠ ਸੁਣਦੇ। ਬਾਬਾ ਜੀ ਕੋਲ ਟਿੱਲਾ ਸਾਹਿਬ ਤੇ ਪਹੁੰਚਣ ਵਾਸਤੇ ਸੰਗਤ ਨੂੰ ਚਾਰ ਘੰਟੇ ਰੁਕਾਵਟ ਪੈਂਦੀ। ਦਰਸ਼ਨ ਕਰਨ ਲਈ ਉਤਾਵਲੇ ਲੋਕ ਸੇਵਕਾਂ ਤੋਂ ਕਾਰਨ

ਪੁੱਛਣ ਲੱਗੇ। ਉਨ੍ਹਾਂ ਨੂੰ ਵੀ ਪਤਾ ਨਹੀਂ ਸੀ। ਇੱਕ ਦਿਨ ਸੇਵਕਾਂ ਬੇਨਤੀ ਕਰ ਦਿੱਤੀ। "ਮਹਾਰਾਜ ਆਪ ਦੋ ਘੰਟੇ ਸੁਭਾ ਦੋ ਘੰਟੇ ਸ਼ਾਮ ਨੂੰ ਦਰਵਾਜਾ ਬੰਦ ਕਰਕੇ ਪਹਿਰਾ ਲਾ ਦਿੰਦੇ ਹੋ। ਦਰਸ਼ਨ ਕਰਨ ਵਾਲੀ ਸੰਗਤ ਮੁੜ ਜਾਂਦੀ ਹੈ। ਕ੍ਰਿਪਾ ਕਰੋ ਕੁਝ ਸੋਝੀ ਪਾਓ।"

"ਰਿਖੀ ਅਨੰਦ ਸਿੰਘ ਜੀ ਹੜੱਪੇ ਸੰਪਟ ਪਾਠ ਕਰਦੇ ਹਨ। ਉਨ੍ਹਾਂ ਨਾਲ ਕੀਤੇ ਬਚਨ ਅਨੁਸਾਰ ਉਨ੍ਹਾਂ ਦਾ ਪਾਠ ਸੁਨਣ ਜਾਂਦੇ ਹਾਂ। "ਬਾਬਾ ਜੀ ਨੇ ਫੁਰਮਾਇਆ।"

"ਬਾਬਾ ਜੀ ਮਹਾਰਾਜ! ਇਥੇ ਸੰਗਤ ਨਿਰਾਸ਼ ਹੋ ਕੇ ਮੁੜ ਜਾਂਦੀ ਹੈ।" ਸੰਗਤ ਨੇ ਬੇਨਤੀ ਕੀਤੀ।

"ਚੰਗਾ ਫੇਰ ਹੁਣ ਸੰਗਤ ਨਿਰਾਸ਼ ਨਹੀਂ ਮੁੜੇਗੀ" ਬੇਨਤੀ ਪਰਵਾਨ ਹੋਈ। ਫਿਰ ਬਾਬਾ ਜੀ ਪਾਠ ਵੀ ਸੁਣਦੇ ਰਹੇ ਅਤੇ ਇਥੇ ਵੀ ਆਸਣ ਉਪਰ ਬਿਰਾਜਦੇ ਰਹੇ।

**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥**
**ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥**

ਇਸ ਤਰ੍ਹਾਂ ਨਿਰੰਤਰ ਪਾਠ ਚਲਦਾ ਰਿਹਾ। ਸਮਾਪਤੀ ਤੱਕ ਦੋਨੇ ਸਰੂਪ ਆਸਣਾ ਤੇ ਬਿਰਾਜਮਾਨ ਰਹੇ। ਸੰਪਟ ਪਾਠ ਦੇ ਭੋਗ ਸਮੇਂ ਜਿਸ ਤਰ੍ਹਾਂ ਰੋਜ ਪਾਠ ਸੁਨਣ ਵੇਲੇ ਅਤੇ ਭੋਗ ਵੇਲੇ ਦਰਸ਼ਨ ਦਿੰਦੇ ਦਰਸ਼ਨ ਨਹੀਂ ਦਿੱਤੇ। ਪਾਠ ਦੇ ਭੋਗ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਥਾਂ ਗੁਰੂ ਨਾਨਕ ਸਾਹਿਬ ਪ੍ਰਤੱਖ ਬੈਠੇ ਨਜਰ ਆਏ। ਰੋਮ ਰੋਮ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਪ੍ਰਤੱਖ ਸਰੂਪ ਦੀ ਸੁੰਦਰਤਾ ਅੱਖਰਾਂ ਨਾਲ ਬਿਆਨ ਨਹੀਂ ਕੀਤੀ ਜਾ ਸਕਦੀ।

**ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥**

ਫਿਰ ਸੱਚੇ ਪਾਤਸ਼ਾਹ ਨੇ ਬਚਨ ਕੀਤਾ "ਕੀ ਮੰਗਦੇ ਹੋ।"

(ਬਚਨ ਬਾਬਾ ਜੀ ਅਨੰਦ ਸਿੰਘ ਜੀ ਮੁਖਾਰਬਿੰਦ ਤੋਂ ਹੈ)

ਬਾਬਾ ਜੀ ਨੇ ਬੇਨਤੀ ਕੀਤੀ "ਤੋਹੀ ਮੋਹੀ ਮੋਹੀ ਤੋਹੀ।"

ਗੁਰੂ ਨਾਨਕ ਸਾਹਿਬ ਨੇ ਬਚਨ ਕੀਤਾ "ਕਿਸੇ ਗੁਰੂ ਤੋਂ ਲਿਖਾਇਆ ਵਿਖਾਓ।" (ਬਾਬਾ ਜੀ ਇਸ ਸਮੇਂ ਸਰਟੀਫਿਕੇਟ ਕਹਿ ਕੇ ਬਚਨ ਕਰਦੇ ਸਨ)।

ਬਾਬਾ ਜੀ ਨੇ ਬਚਨ ਕੀਤਾ "ਇਸ ਵੇਲੇ ਆਪ ਸਮਰੱਥ ਬੈਠੇ ਹੋ।"

"ਕੋਈ ਸਾਡਾ ਭਗਤ ਹੋਵੇ ਉਸ ਦੇ ਰਾਹੀ ਹੋ ਸਕਦਾ ਹੈ। ਕਿਉਂਕਿ ਅਸੀਂ ਭਗਤਾਂ ਨੂੰ ਵਡਿਆਈ ਦੇਣੀ ਹੈ" ਪਾਤਸ਼ਾਹੀ ਪਹਿਲੀ ਦਾ ਫੁਰਮਾਨ ਸੀ।

**ਭਗਤਾਂ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ।**

ਫਿਰ ਬਾਬਾ ਜੀ ਨੇ ਬੇਨਤੀ ਕੀਤੀ "ਹੁਕਮ ਕਰੋ।"

ਗੁਰੂ ਨਾਨਕ ਸਾਹਿਬ ਨੇ ਭੁੱਚੋ ਵਾਲੇ ਬਾਬਾ ਜੀ ਦਾ ਰੂਪ ਧਾਰ ਕੇ ਦਰਸ਼ਨ ਦਿਤੇ ਬਚਨ ਕੀਤਾ "ਇਹ ਸਭ ਕੁਝ ਕਰਨਗੇ।" ਆਪ ਅਲੋਪ ਹੋ ਗਏ।

ਫਿਰ ਕੁਝ ਸਮੇਂ ਬਾਅਦ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦਿਉ ਸਿਆਲ ਭੇਜ ਦਿੱਤਾ। ਆਪ ਸੇਵਕਾਂ ਸਮੇਤ ਭੁੱਚੋ ਨੂੰ ਚੱਲ ਪਏ।

## ਭਿੰਨੀ ਰੈਨੜੀਐ ਚਾਮਕਨਿ ਤਾਰੇ
## ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥

**ਪਰਦੇਸੁ ਝਾਗਿ ਸਉਦੇ ਕਉ ਆਇਆ ॥ ਵਸਤੁ ਅਨੂਪ ਸੁਣੀ ਲਾਭਾਇਆ ॥**
**ਗੁਣ ਰਾਸ਼ੀ ਬੰਨਿਪਲੈ ਆਨੀ ॥ ਦੇਖਿ ਰਤਨੁ ਇਹ ਮਨੁ ਲਪਟਾਨੀ ॥**
**ਸਾਹ ਵਾਪਾਰੀ ਦੁਆਰੈ ਆਏ ॥ ਵਖਰੁ ਕਾਢਹੁ ਸਉਦਾ ਕਰਾਏ ॥ ਰਹਾਉ ॥**
**ਸਾਹਿ ਪਠਾਇਆ ਸਾਹੈ ਪਾਸਿ ॥ ਅਮੋਲ ਰਤਨ ਅਮੋਲਾ ਰਾਸਿ ॥**
**ਵਿਸਟੁ ਸੁਭਾਈ ਪਾਇਆ ਮੀਤ ॥ ਸਉਦਾ ਮਿਲਿਆ ਨਿਹਚਲ ਚੀਤ ॥**
**ਭਉ ਨਹੀਂ ਤਸਕਰ ਪਾਉਣ ਨ ਪਾਨੀ ॥ ਸਹਜਿ ਵਿਹਾਝੀ ਸਹਜਿ ਲੈ ਜਾਨੀ ॥**
**ਸਤ ਕੈ ਖਟਿਐ ਦੁਖੁ ਨਹੀਂ ਪਾਇਆ ॥ ਸਹੀ ਸਲਾਮਤਿ ਘਰ ਲੈ ਆਇਆ ॥**
**ਮਿਲਿਆ ਲਾਹਾ ਭਏ ਅਨੰਦ ॥ ਧੰਨੁ ਸਾਹ ਪੂਰੇ ਬਖਸਿੰਦ ॥**
**ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ॥**
**ਸਹਲੀ ਖੇਪ ਨਾਨਕੁ ਲੈ ਆਇਆ ॥**

*ਆਸਾ ਮਹਲਾ ੫ ਸਫਾ ੩੭*

ਸੱਚੇ ਵਣਜ ਦਾ ਵਿਉਪਾਰੀ ਪ੍ਰਦੇਸ਼ਾਂ ਵਿੱਚ ਚੱਕਰ ਲਾ ਕੇ ਖਰਾ ਸੌਦਾ ਕਰਨ ਲਈ ਗੁਰੂ ਦੀ ਨਗਰੀ ਪਹੁੰਚਿਆ ਹੈ। ਅਮੋਲਕ ਵਸਤੂ ਰਤਨ ਖਰੀਦਣ

ਲਈ ਗੁਣਾਂ ਦੇ ਧਨ ਨਾਲ ਪੋਟਲੀ ਭਰ ਕੇ ਲਿਆਇਆ ਹੈ। ਬਾਬਾ ਅਨੰਦ ਸਿੰਘ ਜੀ ਸੱਚ ਦਾ ਵਪਾਰ ਕਰਨ ਲਈ ਸੱਚ ਦੇ ਸਾਹੈ ਬਾਬਾ ਜੀ ਮਹਾਰਾਜ ਮਹਾਂਹਰਿਨਾਮ ਸਿੰਘ ਜੀ ਕੋਲ ਰਤਨ ਖਰੀਦਣ ਆਏ ਹਨ।

ਬਾਬਾ ਜੀ ਦੇ ਸੇਵਕਾਂ ਸ. ਸੁਰੈਣ ਸਿੰਘ, ਭਾਈ ਟਹਿਲ ਸਿੰਘ ਗ੍ਰੰਥੀ ਪਿੰਡ ਵਾਂ ਖਾਰਾ, ਜੀਵਨ ਸਿੰਘ ਦਿਉ ਸਿਆਲ, ਭਾਈ ਪਾਲਾ ਸਿੰਘ, ਭਾਈ ਪਿਆਰਾ ਸਿੰਘ ਹੜੱਪੇ ਤੋਂ, ਟਹਿਲ ਸਿੰਘ "ਸ਼ਹੀਦਾਂ' ਅਤੇ ਸੁਲੱਖਣ ਸਿੰਘ ਨੂੰ ਨਾਲ ਲੈ ਕੇ ਭੁੱਚੋ ਵਾਲੇ ਬਾਬਾ ਜੀ ਦੀ ਹਜੂਰੀ ਵਿੱਚ ਪਹੁੰਚ ਗਏ। ਬਾਬਾ ਜੀ ਨੇ ਮਰਿਆਦਾ ਅਨੁਸਾਰ ਸਭ ਦੀ ਸ਼ਰ੍ਹਾ ਕਰਾਈ। ਬਾਬਾ ਜੀ ਕਲੇਰਾਂ ਵਾਲਿਆਂ ਨੇ ਸਾਰੀ ਵਾਰਤਾ ਗੁਰੂ ਨਾਨਕ ਸਾਹਿਬ ਦੇ ਦਸ਼ਰਨਾਂ ਤੱਕ ਸੁਣਾਈ। ਭੁੱਚੋ ਵਾਲਿਆਂ ਨੇ ਗੂੜੀ ਰਮਜ ਵਿੱਚ ਬਚਨ ਕੀਤੀ "ਜਦੋਂ ਰਾਮ ਚੰਦਰ ਜੀ ਨੂੰ ਵਸ਼ਿਸ਼ਟ ਜੀ ਨੇ ਉਪਦੇਸ਼ ਕੀਤਾ ਸੀ।"

ਬਾਬਾ ਅਨੰਦ ਸਿੰਘ ਜੀ ਨੇ ਉੱਤਰ ਵਿੱਚ ਬਚਨ ਕੀਤਾ "ਜੀ ਹਾਂ।"

ਭੁੱਚੋ ਵਾਲਿਆਂ ਨੇ ਫੁਰਮਾਇਆ "ਅੱਛਾ ਫਿਰ ਥਾਂਉ ਥਾਂਈ। "ਕਲੇਰਾਂ ਵਾਲੇ ਬਾਬਾ ਜੀ ਨੇ ਫੁਰਮਾਇਆ "ਅਸੀਂ ਹੁਕਮ ਇਕਾਂਤ ਦਾ ਸਮਝ ਕੇ ਉਠ ਕੇ ਖਲੋਏ।" ਨਾਲ ਆਈ ਸੰਗਤ ਨੂੰ ਪਿਛੇ ਕੋਈ ਖਬਰ ਮਿਲੀ ਤਾਂ ਸਾਰੇ ਸੇਵਕ ਵਾਪਿਸ ਚਲੇ ਗਏ। ਇਕੱਲਾ ਟਹਿਲ ਸਿੰਘ "ਸ਼ਹੀਦਾਂ" ਹੀ ਰਹਿ ਗਿਆ। ਰਾਤ ਹੋਣ ਉਪਰੰਤ ਉਹ ਪਾਸੇ ਜਾ ਕੇ ਸੌਂ ਗਿਆ। ਜਾਗਣੇ ਵਾਲੇ ਰਹਿ ਗਏ।

**ਭਿੰਨੀ ਰੈਨੜੀਐ ਚਾਮਕਨਿ ਤਾਰੇ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥**

ਅੱਧੀ ਰਾਤ ਹੋਈ ਤਾਂ ਕਲੇਰਾਂ ਵਾਲੇ ਬਾਬਾ ਜੀ ਭੁੱਚੋ ਵਾਲਿਆਂ ਦੀ ਹਜੂਰੀ ਵਿੱਚ ਪਹੁੰਚ ਕੇ ਨਮਸਕਾਰ ਕਰਕੇ ਬੈਠ ਗਏ।

"ਹਾਂ ਰਿਖੀ ਜੀ ਸਰਟੀਫਿਕੇਟ ਲਿਖਾਉਣਾ ਹੈ।" ਭੁੱਚੋ ਵਾਲਿਆਂ ਬਚਨ ਕੀਤਾ।

"ਜੀ ਮਹਾਰਾਜ! ਇਛਾ ਤਾਂ ਇਹੀ ਹੈ" ਉੱਤਰ ਸੀ।

"ਅੱਛਾ ਫੇਰ ਸਾਡੇ ਸਾਹਮਣੇ ਬੈਠੋ ਬੋਲਣਾ ਨਹੀਂ" ਵੱਡੇ ਬਾਬਾ ਜੀ ਦਾ ਹੁਕਮ ਸੀ।

"ਸਤਿ ਬਚਨ" ਕਹਿ ਕੇ ਬਾਬਾ ਅਨੰਦ ਸਿੰਘ ਜੀ ਚੌਕੜਾ ਮਾਰ ਕੇ ਬੈਠ ਗਏ। ਫਿਰ ਭੁੱਚੋ ਵਾਲਿਆਂ ਮੁੱਖ ਤੋਂ ਕੁਝ ਉਚਾਰਣ ਕੀਤਾ ਅਤੇ ਆਪਦੇ ਮੁੱਖ

ਤੇ ਹਥ ਫੇਰਿਆ। ਮੁੱਖ ਤੋਂ ਕਿਰਨਾਂ ਫੁੱਟੀਆਂ ਚਾਰੇ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ ਅਤੇ ਭੁੱਚੋ ਵਾਲੇ ਵੱਡੇ ਆਸਣ ਤੇ ਬੈਠੇ ਦਿਸੇ।

**"ਮੇਰੇ ਠਾਕੁਰ ਪੂਰੈ ਤਖਤਿ ਅਡੋਲੁ।"**

ਪ੍ਰਕਾਸ਼ ਦੇ ਅੰਦਰ ਸੁੰਦਰ ਸਰੂਪ ਚਿਹਰੇ ਦਿਖਾਈ ਦਿੱਤੇ। ਅੱਦਭੁਤ ਕਿਸਮ ਦੇ ਕਪੜੇ ਪਹਿਨੇ ਹੱਥਾਂ ਵਿੱਚ ਕਲਮਾ ਫੜੀ ਕਾਗਜ ਲਿਖ ਰਹੇ ਹਨ। ਭੁੱਚੋ ਵਾਲੇ ਮੁਖ ਤੋਂ ਉਚਾਰਣ ਕਰ ਰਹੇ ਹਨ ਉਹ ਲਿਖ ਰਹੇ ਹਨ।

**ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ॥**
**ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ॥**
**ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ॥**
**ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥**

*(ਆਸਾ ਕਬੀਰ ਜੀ ਸਫਾ ੪੮੨)*

ਇਹ ਸਮੇਂ ਕਹਿਕੇ ਜਾਂ ਲਿਖਕੇ ਵਰਨਣ ਨਹੀਂ ਕੀਤਾ ਜਾ ਸਕਦਾ **"ਨਾਨਕ ਕਥਨਾ ਕਰੜਾ ਸਾਰ"** ਵਾਲਾ ਬਚਨ ਹੈ। ਨਿਮਾਣੀ ਜਿਹੀ ਸੇਵਾ ਹੀ ਪਾਠਕ ਜਨ ਅਤੇ ਸਰੋਤਾਜਨ ਪ੍ਰਵਾਨ ਕਰਨ। ਇਸ ਅਸਚਰਜ ਅਵਸਥਾ ਦਾ ਵਰਨਣ ਕਰਕੇ ਹੀ ਭਾਈ ਗੁਰਦਾਸ ਜੀ ਨੇ ਸਾਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।

**ਕਬਿੱਤ**

**ਦਰਸ਼ਨ ਜੋਤ ਕੋ ਉਦਤੋ ਅਸਚਰਜ ਮੈ**
**ਤਾਂ ਮੈ ਤਿਲ ਛਬਿ ਪਰਮਦ ਭੁਤ ਛਕਿ ਹੈ।**
**ਦੇਖਬੇ ਕੋ ਦ੍ਰਿਸ਼ਟਿ ਨ ਸੁਨਬੇ ਕੋ ਸੁਰਤਿ ਹੈ**
**ਕਹਿਬੇ ਕੋ ਜਿਹਵਾ ਨ ਗਿਆਨ ਮੇ ਉਕਤਿ ਹੈ।**
**ਸੋਭਾ ਕੋਟਿ ਸੋਭ ਲੋਭ ਲੋਭਤ ਹੁਇ ਲੋਟ ਪੋਟ**
**ਜਗਮਗ ਜੋਤਿ ਕੋਟਿ ਓਟ ਲੈ ਛਿਪਤ ਹੈ।**
**ਅੰਗ ਅੰਗ ਪੇਖ ਮਨ ਮਨਸਾ ਥਕਤ ਭਈ**
**ਨੇਤਿ ਨੇਤਿ ਨਮੋ ਨਮੋ ਅਤਿ ਹੁ ਤੇ ਅਤਿ ਹੈ।**
**ਦਰਸ਼ਨ ਧਿਆਨ ਦਿਬ ਦ੍ਰਿਸ਼ਟ ਪ੍ਰਗਾਸ ਭਈ**
**ਕਰੁਨਾ ਕਟਾਛ ਦਿੱਬ ਦੇਹ ਪਰਵਾਨ ਹੈ।**

**ਸ਼ਬਦ ਸੁਰਤਿ ਲਿਵ ਬਜਰ ਕਪਾਟ ਖੁਲੇ**
**ਪ੍ਰੇਮ ਰਸ  ਰਸਨ ਕੈ ਅੰਮ੍ਰਿਤ ਨਿਧਾਨ ਹੈ।**
**ਚਰਨ ਕਮਲ ਮਕਰੰਦ ਬਾਸਨਾ ਸੁ ਬਾਸ**
**ਹਸਤ ਪੂਜਾ ਪ੍ਰਨਾਮ ਸਫਲ ਸੁ ਗਿਆਨ ਹੈ।**
**ਅੰਗ ਅੰਗ ਬਿਸਮ ਸ੍ਰਬੰਗ ਮੈ ਸਮਇ ਭਏ।**
**ਮਨ ਮਨਸਾ ਥਕਤ ਬ੍ਰਹਿਮ ਧਿਆਨ ਹੈ।**

ਇਹ ਸਮਾਂ ਕਿੰਨਾ ਲੱਗਿਆ ਸੀ ਕੋਈ ਪਤਾ ਨਹੀਂ ਲੱਗਿਅ। ਭੁੱਚੋ ਵਾਲਿਆਂ ਬਚਨ ਕੀਤਾ "ਕੋਈ ਪਤਾ ਲੱਗਾ।" "ਜੀ! ਆਪ ਜੀ ਦੇ ਚਿਹਰੇ ਤੋਂ ਪ੍ਰਕਾਸ਼ ਨਿਕਲ ਰਿਹਾ ਹੈ ਇਸ ਪ੍ਰਕਾਸ਼ ਵਿਚੋਂ ਸਫੇਦ ਬਸਤਰਾਂ ਵਾਲੇ ਨਿਕਲ ਕੇ, ਕਾਗਜ ਕਲਮ ਲੈ ਕੇ ਲਿਖੀ ਜਾ ਰਹੇ ਹਨ।" ਕਲੇਰਾਂ ਵਾਲੇ ਬਾਬਾ ਜੀ ਦਾ ਉੱਤਰ ਸੀ।

"ਇਹ ਤੁਹਾਡਾ ਸਰਟੀਫਿਕੇਟ ਬਣ ਰਿਹਾ ਹੈ। ਜੋ ਬੈਠੇ ਹਨ ਇਹ ਤੇਤੀ ਕਰੋੜ ਦੇਵਤਾ ਹੈ। ਇਨ੍ਹਾਂ ਦੇ ਸਾਹਮਣੇ ਨਿਰੰਕਾਰ ਨਾਲ ਤੁਹਾਡਾ ਮਿਲਾਪ ਕਰਾਇਆ ਹੈ। ਇਹ ਤੁਹਾਡੇ ਜਾਮਨ ਹਨ।" ਭੁੱਚੋ ਵਾਲਿਆਂ ਨੇ ਬਚਨ ਕੀਤਾ। "ਸਾਡੇ ਵੱਲ ਵੇਖ ਲਿਆ ਹੁਣ ਆਪਣੇ ਵੱਲ ਵੇਖ" ਫਿਰ ਬਚਨ ਕੀਤਾ।

**ਚਰਨ ਕਮਲ ਭਜ ਕਮਲ ਪ੍ਰਗਾਸ ਭਏ ਦਰਸ ਦਰਸ ਸਮ ਦਰਸ ਦਿਖਾਏ ਹੈ ॥**
**ਸ਼ਬਦ ਸੁਰਤਿ ਅਨਹਦ ਲਿਵਲੀਨ ਭਏ  ਉਨਮਨ ਮਗਨ ਗਗਨ ਪੁਰ ਛਾਏ ਹੈ ॥**
**ਪ੍ਰੇਮ ਰਸ ਬਸ ਹੋਇ ਬਿਸਮ ਬਿੰਦੇਹ ਭਏ ਅਤਿ ਅਸਚਰਜ ਮੈਂ ਹੇਰਤ ਰਿਹਾਏ ਹੈ ॥**
**ਗੁਰਮੁਖਿ ਸੁਖ ਫਲ ਮਹਿਮਾ ਅਗਾਧ ਬੋਧ**
**ਅਕਥ ਕਥਾ ਬਿਨੋਦ ਕਰਤਿ ਨ ਆਏ ਹੈ ॥**

ਹੜੱਪੇ ਜਿਸ ਰੂਪ ਵਿੱਚ ਧੰਨ ਗੁਰੂ ਨਾਨਕ ਸਾਹਿਬ ਦਾ ਦਰਸ਼ਨ ਕੀਤਾ ਸੀ ਉਹੀ ਰੂਪ ਵਿੱਚ ਆਪਣੇ ਆਪ ਨੂੰ ਇੱਥੇ ਦੇਖਿਆ।

**ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ।**
**ਅਥਵਾ**
**ਮਨ ਮਹਿ ਜੋਤਿ ਜੋਤਿ ਮਹਿ ਮਨੂਆ॥**
**ਬਾਰਿਜੁ ਕਰਿ ਦਾਹਿਨੈ ਸਿਧਿ ਸਨਮੁਖ ਮੁਖੁ ਜੋਵੇ॥**
**ਰਿਧਿ ਬਸੈ ਬਾਵਾਂਗਿ ਜੁ ਤੀਨ ਲੋਕਾਂਤਰ ਮੋਹੈ॥**

**ਪਿਤਾ ਹਮਾਰੇ ਪ੍ਰਗਟੇ ਮਾਝ॥ ਪਿਤਾ ਪੂਤ ਰਲਿ ਕੀਨੀ ਸਾਂਝ॥**
**ਕਹੁ ਨਾਨਕ ਜਉ ਪਿਤਾ ਪਤੀਨੇ॥ ਪਿਤਾ ਪੂਤ ਏਕੈ ਰੰਗਿ ਲੀਨੇ॥**

*ਭੈ. ਮ. ਅੰਗ ੧੧੪੧*

ਰਾਤ ਪਿਛਲੇ ਪਹਿਰ ਵਿੱਚ ਚਲੀ ਗਈ। ਕਿਸੇ ਹਾਲੀ ਦੇ ਬਲਦਾਂ ਨੂੰ ਹੱਕਣ ਦੀ ਅਵਾਜ਼ ਆਈ। ਤੁਰੰਤ ਹੀ ਬਾਬਾ ਜੀ ਭੁੱਚੋ ਵਾਲਿਆਂ ਨੇ ਹੱਥ ਛੱਡ ਦਿੱਤਾ ਜੋ ਪਹਿਲਾ ਬਾਬਾ ਅਨੰਦ ਸਿੰਘ ਜੀ ਦਾ ਫੜਿਆ ਹੋਇਆ ਸੀ। ਦਿਨ ਚੜ ਗਿਆ। ਬਾਬਾ ਅਨੰਦ ਸਿੰਘ ਜੀ ਚੌਦਾਂ ਦਿਨ (14) ਆਸੇ ਪਾਸੇ ਬਿਰਾਜਦੇ ਰਹੇ। ਫਿਰ ਆਗਿਆ ਲੈ ਕੇ ਮਾਝੇ ਵੱਲ ਨੂੰ ਚੱਲ ਪਏ। ਸਰਟੀਫੀਕੇਟ ਸ਼ਬਦ ਬਾਬਾ ਅਨੰਦ ਸਿੰਘ ਜੀ ਬਚਨ ਕਰਨ ਸਮੇਂ ਵਰਤਿਆਂ ਕਰਦੇ ਸਨ। ਇਸ ਤਰ੍ਹਾਂ ਪ੍ਰਮਾਰਥ ਦੀ ਪੜਾਈ ਪਾਸ ਕਰਨ ਵਾਲਿਆਂ ਨੂੰ ਦਰਗਾਹ ਵਿੱਚ ਸਤਿਕਾਰ ਸਹਿਤ ਪੇਸ਼ ਹੋਣ ਲਈ ਮਾਨ ਪੱਤਰ ਮਿਲ ਜਾਂਦਾ ਹੈ। ਨਿਰੰਕਾਰ ਦੇ ਦਰ ਉੱਪਰ "ਭਗਤਾ ਦਾ ਬੋਲਿਆ ਪਰਵਾਣ ਹੈ ਦਰਗਹਿ ਪਵੈ ਥਾਇ' ਵਾਲੀ ਅਵਸਥਾ ਦੇ ਮਾਲਿਕ ਹੋ ਜਾਂਦੇ ਹਨ।

**ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ॥**

*ਬਿਲਾਵਲ ਵਾ ਮ.੩*

**ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰ ਨ ਕੋਈ ਪਾਇਦਾ॥**

*ਮਾਰੂ ਸੋ ਮ.੫, ਅੰਗ ੧੦੭੬*

ਇਸ ਤਰ੍ਹਾਂ ਬਾਬਾ ਅਨੰਦ ਸਿੰਘ ਜੀ ਮਹਾਰਾਜ ਨੇ ਭੁੱਚੋ ਵਾਲੇ ਬਾਬਾ ਜੀ ਦੇ ਬਚਨ ਦੀ ਪਾਲਣਾ ਜਦ ਤੱਕ ਸਰੀਰ ਸੰਸਾਰ ਵਿੱਚ ਰਹੇ, ਕਰਦੇ ਰਹੇ।

## ਨਾਨਕ ਪ੍ਰਭ ਅਬਿਨਾਸੀ ॥
## ਤਾ ਕੀ ਸੇਵ ਨ ਬਿਰਥੀ ਜਾਸੀ॥

ਜੀਵ ਜਾਂ ਨਿਰਜੀਵ ਦੀ ਸੇਵਾ ਕਰ ਲਈ ਜਾਵੇ ਉਸ ਦਾ ਫਲ ਜਰੂਰ ਮਿਲਦਾ ਹੈ ਪੌਦੇ ਦੀ ਸੇਵਾ ਕਰੀਏ ਫਲ ਦੇਵੇਗਾ, ਪਸੂ ਦੀ ਸੇਵਾ ਵਿੱਚ ਦੁੱਧ ਮਿਲੇਗਾ, ਗੁਰੂ ਦੀ ਸੇਵਾ ਵਿੱਚ ਸਿੱਖਿਆ ਮਿਲੇਗੀ। ਪਰ ਜੇ ਮਹਾਂਪੁਰਖ ਦੀ ਸੇਵਾ ਮਿਲ ਜਾਏ ਤਾਂ ਜਨਮ ਮਰਨ ਦੇ ਕਸ਼ਟ ਤੋਂ ਨਿਵਿਰਤ ਕਰ ਦੇਂਦੇ ਹਨ।

ਜਿਸ ਵੇਲੇ ਬਾਬਾ ਜੀ ਰੂੰਮੀ ਰਹਿੰਦੇ ਸਨ ਭੁੱਚੋ ਨਗਰ ਦਾ ਇੱਕ ਆਜੜੀ ਭਾਨ ਸਿੰਘ ਬੱਕਰੀਆਂ ਲੈ ਰੂੰਮੀ ਵਾਲੀ ਜਗ੍ਹਾ ਦੇ ਨੇੜੇ ਪਹੁੰਚ ਗਿਆ। ਉਸ ਦੇ ਨਾਲ ਇੱਕ ਰਮਦਾਸੀਆਂ ਈਸ਼ਰ ਸਿੰਘ ਸੀ। ਭਾਨ ਸਿੰਘ ਨੂੰ ਬਹੁਤ ਪਿਆਸ ਲੱਗੀ। ਉਸਨੇ ਸਾਥੀ ਨੂੰ ਪੁੱਛਿਆ "ਇਥੇ ਪਾਣੀ ਹੈ ਨੇੜੇ। ਪਿਆਸ ਬਹੁਤ ਲੱਗੀ ਹੈ।"

ਈਸ਼ਰ ਸਿੰਘ ਨੇ ਕਿਹਾ "ਰੂੰਮੀ ਅੰਦਰ ਇੱਕ ਮਹਾਤਮਾ ਰਹਿੰਦੇ ਹਨ ਪਾਣੀ ਉਨ੍ਹਾਂ ਕੋਲੋਂ ਮਿਲ ਜਾਵੇਗਾ, ਜੇ ਦੇ ਦੇਣ ਪੀਣ ਵਾਸਤੇ। "ਭਾਨ ਸਿੰਘ ਦੱਸੇ ਅਨੁਸਾਰ ਬੱਕਰੀਆਂ ਸਾਥੀ ਨੂੰ ਸੰਭਾਲ ਕੇ ਬਾਬਾ ਜੀ ਪਾਸ ਚਲਿਆ ਗਿਆ। ਹਜੂਰ ਪਹਿਲਾਂ ਹੀ ਮੁਸਕਰਾ ਕੇ ਕਹਿਣ ਲੱਗੇ "ਭਾਨ ਸਿੰਘਾ ਪਾਣੀ ਪੀਣਾ ਹੈ ?"

ਭਾਨ ਸਿੰਘ ਬੜਾ ਹੈਰਾਨ ਹੋਇਆ ਕਿ ਇਹ ਮੇਰਾ ਨਾਮ ਕਿੱਦਾ ਜਾਣਦੇ ਹੋਏ। ਜਵਾਬ ਦਿੱਤਾ "ਜੀ ਹਾਂ ਮਹਾਰਾਜ।"

ਬਾਬਾ ਜੀ ਨੇ ਇੱਕ ਬਰਤਨ ਵਿੱਚ ਜੋ ਪੰਜ ਕੁ ਸੇਰ ਨਾਲ ਭਰਿਆ ਸੀ ਪਾਣੀ ਪੀਣ ਲਈ ਭਾਨ ਸਿੰਘ ਨੂੰ ਦਿੱਤਾ। ਭਾਨ ਸਿੰਘ ਸਾਰਾ ਪਾਣੀ ਪੀ ਗਿਆ। ਬਾਬਾ ਜੀ ਨੇ ਹੋਰ ਪੁਛਿਆ। ਉਸ ਨੇ ਹੱਥ ਜੋੜ ਕੇ ਸੀਸ ਨਿਵਾ ਕੇ ਨਾਂਹ ਕਰ ਦਿੱਤੀ।

ਤੁਰਦੇ ਜਾਂਦੇ ਉਸ ਦੇ ਮਨ ਵਿੱਚ ਫੁਰਨਾ ਬਣਿਆ "ਇਹ ਤਾਂ ਪੂਰਨ ਸੰਤ ਹਨ ਜੋ ਬਿਨਾ ਪੁਛੇ ਜਾਣ ਗਏ, ਕਿਉਂ ਨਾ ਇਨਾਂ ਨੂੰ ਦੁੱਧ ਪਿਆਈਏ। ਪਿਛੋਂ ਅਵਾਜ ਦੇ ਕੇ ਹਜੂਰ ਕਹਿਣ ਲੱਗੇ "ਭਾਨ ਸਿੰਘ ਬੱਕਰੀਆਂ ਇਥੇ ਹੀ ਲੈ ਕੇ ਆ ਜਾ ਦੁੱਧ ਅਸੀਂ ਆਪ ਹੀ ਕੱਢ ਲਵਾਂਗੇ।" ਹੁਣ ਤਾਂ ਯਕੀਨ ਹੋਰ ਵੀ ਪੱਕਾ ਹੋ ਗਿਆ ਜਦ ਮਨ ਦੀ ਗੱਲ ਬੁਝਾ ਦਿੱਤੀ ਉਸ ਨੇ ਬੱਕਰੀਆਂ ਨੇੜੇ ਲੈ ਆਂਦੀਆਂ। ਉਹ ਅਤੇ ਈਸ਼ਰ ਸਿੰਘ ਵਾਰੀ ਵਾਰੀ ਦੋ ਦੋ ਬਕਰੀਆਂ ਲਈ ਆਉਣ ਬਾਬਾ ਜੀ ਦੁੱਧ ਕੱਢ ਕੇ ਪੀ ਜਾਣ। ਇਸ ਤਰ੍ਹਾਂ ਕਰਦੇ ਰਕਦੇ ਸੱਠ ਬੱਕਰੀਆਂ ਦਾ ਦੁੱਧ ਪੀ ਗਏ। ਦੁੱਧ ਪੀ ਕੇ ਹੱਸ ਕੇ ਬਚਨ ਕਰੇ "ਕਿਉਂ ਬਈ ਈਸ਼ਰ ਸਿੰਘ ਹੁਣ ਤਾਂ ਸੰਤ ਗਿਆ।" ਈਸ਼ਰ ਸਿੰਘ ਚੁਪ ਰਿਹਾ। ਭਾਨ ਸਿੰਘ ਨੇ ਬੇਨਤੀ ਕਰਕੇ ਦੁੱਧ ਦੀ ਸੇਵਾ ਲੈ ਲਈ। ਹਰ ਰੋਜ ਭੁੱਚੋ ਤੋਂ ਦੁੱਧ ਲੈ ਕੇ ਰੂੰਮੀ ਸੇਵਾ ਵਿੱਚ ਜਾਇਆ ਕਰੇ।

ਹੁਣ ਬਾਬਾ ਜੀ ਭੁੱਚੋ ਆ ਗਏ। ਉਹ ਦੁੱਧ ਦੀ ਸੇਵਾ ਇਥੇ ਕਰਨ ਲੱਗ ਪਿਆ। ਇੱਕ ਦਿਨ ਬਾਬਾ ਜੀ ਨੇ ਹੁਕਮ ਕੀਤਾ "ਭਾਨ ਸਿੰਘ ਇਸ ਝਿੜੀ ਵਿੱਚ ਬਕਰੀਆਂਨਾ ਚਾਰਿਆ ਕਰ।" ਉਸ ਨੇ "ਸਤਿ ਬਚਨ" ਕਿਹਾ।

ਇਸ ਦੇ ਦੋ ਪੁੱਤਰ ਸਨ। ਚੰਦ ਸਿੰਘ ਅਤੇ ਨੰਦ ਸਿੰਘ ਸਮਾ ਪਾ ਕੇ ਦੋਨੇਂ ਹੀ ਵਾਹਿਗੁਰੂ ਨੂੰ ਪਿਆਰੇ ਹੋ ਗਹੇ। ਪੁੱਤਰਾਂ ਦੇ ਬੈਰਾਗ ਵਿੱਚ ਰੋਂਦੇ ਹੋਏ ਦੀ ਨਿਗਾਹ ਚਲੀ ਗਈ। ਇੱਕ ਦਿਨ ਉਸਦੀ ਲੜਕੀ ਰਾਜ ਕੌਰ ਆਸਰਾ ਦੇ ਕੇ ਭਾਨ ਸਿੰਘ ਨੂੰ ਬਾਬਾ ਜੀ ਦੇ ਚਰਨਾਂ ਵਿੱਚ ਲੈ ਕੇ ਆਈ। ਨਮਸਕਾਰ ਕਰਕੇ ਬੈਠ ਗਿਆ। ਬਾਬਾ ਜੀ ਨੇ ਬਚਨ ਕੀਤਾ "ਭਾਨ ਸਿੰਘ ਮੰਗ ਲੈ ਅਸੀਂ ਤੇਰੇ ਤੇ ਬਹੁਤ ਖੁਸ਼ ਹਾਂ।" ਭਾਨ ਸਿੰਘ ਨੇ ਕਿਹਾ "ਜੀ ਆਪ ਜੀ ਦਾ ਦਿੱਤਾ ਸਭ ਕੁਝ ਹੈ।"

ਦੁਬਾਰਾ ਫਿਰ ਉਹੀ ਬਚਨ ਕਰਿਆ। ਤੀਜੀ ਵਾਰ ਕਹਿਣ ਲੱਗੇ "ਤੀਸਰਾ ਬਚਨ ਹੈ ਮੰਗ ਲੈ ਜੋ ਮੰਗਣਾ ਹੈ।"

ਆਪਣੇ ਮੂੰਹ ਤੋਂ ਮੰਗਣ ਦੀ ਖੁਲ ਜਿੰਦਗੀ ਵਿੱਚ ਘੱਟ ਹੀ ਮਿਲਦੀ ਹੈ। "ਜੇ ਤੁਠੇ ਹੋ ਤਾਂ ਇੱਕ ਪੁੱਤਰ ਦੀ ਦਾਤ ਬਖਸ਼ ਦਿਓ" ਭਾਨ ਸਿੰਘ ਨੇ ਮੌਕਾ ਸੰਭਾਲਦਿਆਂ ਕਿਹਾ।

ਬੇਨਤੀ ਸੁਣ ਕੇ ਬਾਬਾ ਜੀ ਸਮਾਧੀ ਸਥਿੱਤ ਹੋ ਗਏ। ਇੱਕ ਘੰਟਾ ਸਮਾਧੀ ਨਹੀਂ ਖੁੱਲੀ। ਘੰਟੇ ਬਾਅਦ ਨੇਤਰ ਖੋਹਲੇ ਅਤੇ ਬਚਨ ਕੀਤਾ "ਪੁੱਤਰ ਤੇਰੇ ਕਰਮਾਂ ਵਿੱਚ ਨਹੀਂ ਹੈ ਕਿਥੋਂ ਦੇਈਏ।" "ਤੁਸੀਂ ਆਪ ਹੀ ਮੰਗਣ ਲਈ ਬਚਨ ਕੀਤਾ ਸੀ।"

"ਚੰਗਾ ਫੇਰ ਪੁੱਤਰ ਹੋਵੇਗਾ ਪਰ ਪਿੰਡ ਨਹੀਂ ਰਹੇਗਾ।" ਹਜੂਰ ਨੇ ਬਚਨ ਕੀਤਾ। ਸੱਠ ਸਾਲ ਦੀ ਉਮਰ ਵਿੱਚ ਭਾਨ ਸਿੰਘ ਦੇ ਪੁੱਤਰ ਹੋਇਆ ਕਪੂਰ ਸਿੰਘ। ਜਿਸ ਨੇ ਜਿਆਦਾ ਜਿੰਦਗੀ ਪਿੰਡ ਤੋਂ ਬਾਹਰ ਹੀ ਗੁਜਾਰੀ।

(ਇਹ ਬਚਨ ਬਾਬਾ ਕਪੂਰ ਸਿੰਘ ਦੀ ਜਬਾਨੀ ਹੈ)

# ਸੂਕੇ ਹਰੇ ਕੀਏ ਖਿਨ ਮਾਹਿ ॥

ਪ੍ਰਭੂ ਦੇ ਪਿਆਰਿਆਂ ਮਹਾਂਪੁਰਖਾਂ ਦੀ ਮੇਹਰ ਦ੍ਰਿਸ਼ਟੀ ਸੁੱਕਿਆਂ ਨੂੰ ਹਰੇ ਕਰ ਦਿੰਦੀ ਹੈ। ਗੰਦੇ ਪਾਣੀ ਵਿੱਚ ਰਹਿੰਦੇ ਕਮਲ ਦੇ ਫੁੱਲ ਨੂੰ ਵੀ ਸੁਗੰਧੀ ਬਖਸ਼ਦੀ ਹੈ।

ਨਰੈਣ ਸਿੰਘ ਕਲਾਰ ਭੁੱਚੋ ਕਲਾਂ ਦਾ ਰਹਿਣ ਵਾਲਾ ਸੀ। ਉਸ ਦੇ ਅਤੇ ਮਾਈ ਕੌਰ ਦੇ ਇਕਲੌਤੀ ਲੜਕੀ ਸੀ। ਉਨ੍ਹਾਂ ਨੇ ਆਪਣੀ ਜਾਇਦਾਦ ਆਪਣੀ ਲੜਕੀ ਦੇ ਨਾਮ ਕਰ ਦਿੱਤੀ। ਮਾਈ ਪਿੰਡ ਵਿੱਚ ਬਾਬਾ ਜੀ ਦੀਆਂ ਕਰਾਮਾਤਾਂ ਸੁਣਦੀ ਰਹਿੰਦੀ ਸੀ। ਇੱਕ ਦਿਨ ਉਸ ਦੇ ਮਨ ਵਿੱਚ ਫੁਰਨਾ ਬਣਿਆ ਕਿ ਮੈਂ ਵੀ ਸੇਵਾ ਕਰਾ ਸ਼ਾਇਦ ਮੇਰੇ ਵੀ ਵਿਹੜੇ ਖੁਸ਼ੀਆਂ ਆ ਜਾਣ। ਦੁਨੀਆਂ ਦੇ ਲੋਕ ਇਸ ਦਰ ਤੋਂ ਝੋਲੀਆਂ ਭਰੀ ਜਾਂਦੇ ਹਨ। ਮੇਰੇ ਉਪਰ ਵੀ ਕ੍ਰਿਪਾ ਹੋ ਜਾਏ।

**ਅਪੁਨੇ ਸੁਆਇ ਰਿਦੈ ਲੈ ਧਾਰਿਆ ॥**

ਜਿਸ ਨੇ ਵੀ ਸੇਵਾ ਸਿਮਰਨ ਕੀਤਾ ਹੈ ਆਪਣੀ ਮਨੋਕਾਮਨਾ ਪੂਰੀ ਕੀਤੀ ਹੈ। "ਇਕ ਤਿਲ ਨਹੀਂ ਭੰਨੈ ਘਾਲੇ" ਵਾਲੀ ਸਚਾਈ ਪ੍ਰਤੱਖ ਵਰਤਦੀ ਹੈ। ਸੇਵਾ ਸਿਮਰਣ ਵਾਲਾ ਸ਼ੁਧ ਮਨ ਨਾਲ ਸੇਵਾ ਅਤੇ ਨਿਤਨੇਮ ਕਰੇ ਫਿਰ ਸਭ ਭੰਡਾਰੇ ਭਰਪੂਰ ਕਰ ਲੈਂਦਾ ਹੈ। ਦੁਖ ਕਸ਼ਟ ਵੀ ਆਵੇ ਤਾਂ ਗੁਰੂ ਤੋਂ ਬੇਮੁਖ ਨਾ ਹੋਵੇ। ਮਾਈ ਸੰਤ ਕੌਰ ਨੇ ਸੇਵਾ ਸ਼ੁਰੂ ਕਰ ਦਿੱਤੀ ਨਿਤਨੇਮ ਸੇਵਾ ਲਈ ਤੱਤਪਰ ਰਹਿੰਦੀ। ਸਮਾਂ ਲੰਘਦਾ ਗਿਆ। ਇੱਕ ਦਿਨ ਇਮਤਿਹਾਨ ਦਾ ਸਮਾਂ ਆ ਗਿਆ। ਪਤੀ ਨਰੈਣ ਸਿੰਘ ਰੋਕਣ ਲੱਗਾ ਤੇ ਕਹਿਣ ਲੱਗਾ, ਤੂੰ ਇਸ ਉਮਰ ਵਿੱਚ ਕੀ ਭਾਲਦੀ ਹੈਂ? ਮਾਈ ਸਿਦਕ ਵਾਲੀ ਸੀ। ਪਤੀ ਵਲੋਂ ਝਿੜਕਣ ਅਤੇ ਕੁੱਟਮਾਰ ਕਰਨ ਦੇ ਬਾਵਜੂਦ ਵੀ ਮਾਈ ਨੇ ਸੇਵਾ ਨਹੀਂ ਛੱਡੀ। ਨਿਯਮ ਨਾਲ ਰੋਜ ਦੀ ਸੇਵਾ ਜਾਰੀ ਰੱਖੀ। ਇੱਕ ਦਿਨ ਸੇਵਾ ਕਰਕੇ ਜਾਣ ਲਈ ਆਗਿਆ ਮੰਗੀ ਤਾਂ ਹਜੂਰ ਨੇ ਬਚਨ ਕੀਤਾ "ਅੱਜ ਨਹੀਂ ਜਾਣਾ ਬੈਠੀ ਰਹੋ ਇਥੇ।"

ਮਾਈ ਨੇ ਉੱਤਰ ਦਿੱਤਾ "ਮਹਾਰਾਜ ਤੁਸੀਂ ਜਾਣਦੇ ਹੋ ਕਿ ਉਹ ਮੈਨੂੰ ਕੁੱਟਦਾ ਮਾਰਦਾ ਹੈ ਮੈਂ ਚੋਰੀ ਸੇਵਾ ਕਰਨ ਆਉਂਦੀ ਹਾਂ। ਜੇ ਉਸ ਨੂੰ ਪਤਾ ਲੱਗ ਗਿਆ ਤਾਂ ਕੁੱਟ ਮਾਰ ਕਰੇਗਾ। ਕਹਿੰਦਾ ਹੈ "ਇਸ ਉਮਰ ਵਿੱਚ ਤੂੰ ਸਾਧਾ ਤੋਂ ਕੀ ਲੈਣਾ ਹੈ।"

ਬਾਬਾ ਜੀ ਨੇ ਹੁਕਮ ਕੀਤਾ "ਤੂੰ ਬੇਫਿਕਰ ਹੋ ਕੇ ਸੰਗਤ ਵਿੱਚ ਬੈਠੀ ਰਹੁ।" ਉਹ ਹੁਕਮ ਮੰਨ ਕੇ ਬੈਠੀ ਰਹੀ।

ਸ਼ਾਮ ਨੂੰ ਜਦ ਨਰੈਣ ਸਿੰਘ ਹੱਲ ਛੱਡ ਕੇ ਘਰ ਆਇਆ। ਘਰ ਵਿੱਚ ਨਿਗਾਹ ਮਾਰੀ। ਮਾਈ ਕਿਤੇ ਨਜ਼ਰ ਨਾ ਆਈ।

ਗੁੱਸੇ ਨਾਲ ਲਾਲ ਪੀਲਾ ਹੋ ਗਿਆ। ਮਨ ਵਿੱਚ ਸੋਚਣ ਲੱਗਾ ਉਹ ਡੇਰੇ ਜਾਂਦੀ ਹੈ। ਅੱਜ ਵੀ ਉਥੇ ਹੀ ਗਈ ਹੋਵੇਗੀ। ਗੁੱਸੇ ਦਾ ਭਰਿਆ ਹੱਥ ਵਿੱਚ ਸੋਟੀ ਲੈ ਡੇਰੇ ਵੱਲ ਚਲ ਪਿਆ।

ਡੇਰੇ ਪਹੁੰਚ ਕੇ ਬੋਲਣ ਹੀ ਲੱਗਾ ਸੀ ਅੱਗੋਂ ਬਾਬਾ ਜੀ ਨੇ ਕੜਕਦੀ ਆਵਾਜ ਵਿੱਚ ਬਚਨ ਕੀਤੇ "ਖਬਰਦਾਰ ਨਰੈਣਿਆ ਚੁੱਪ ਕਰ ਜਾ। ਸੁੱਕੇ ਜੰਡ ਤੇ ਕਾ ਬੋਲ ਗਿਆ। ਮਾਈ ਦੀ ਭਾਵਨਾ ਨੂੰ ਰੰਗ ਲੱਗੇਗਾ।"

ਨਰੈਣ ਸਿੰਘ ਡਰ ਨਾਲ ਸਹਿਮ ਗਿਆ। ਜਬਾਨ ਵਿਚੋਂ ਕੁਝ ਨਾ ਬੋਲ ਸਕਿਆ। ਚੁਪ ਚਾਪ ਦੋਨੋਂ ਜੀਅ ਆਗਿਆ ਲੈ ਕੇ ਘਰ ਨੂੰ ਚਲੇ ਗਏ। "ਸਤਿ ਬਚਨ ਸਾਧੂ ਉਪਦੇਸ਼" ਅਨੁਸਾਰ ਇੱਕ ਸਾਲ ਦੇ ਅੰਦਰ ਪੁੱਤਰ ਨੇ ਜਨਮ ਲਿਆ। ਇਸ ਦਾ ਨਾਮ ਲਾਭ ਸਿੰਘ ਰੱਖਿਆ ਗਿਆ।

ਇਹ ਸਤਰਾਂ ਲਿੱਖਣ ਤੱਕ ਮੌਜੂਦ ਹੈ ਤੇ ਪਰਵਾਰ ਵਾਲਾ ਹੈ। ਨਰੈਣ ਸਿੰਘ ਦੀ ਲੜਕੀ ਬੈਗੇ ਲਹਿਰੇ ਵਿਆਹੀ ਹੋਈ ਸੀ। ਨਰੈਣ ਸਿੰਘ ਨੇ ਪਹਿਲਾਂ ਉਦਾਸ ਹੋ ਕੇ ਉਸ ਦੇ ਨਾਮ ਜਮੀਨ ਲੁਆ ਦਿੱਤੀ ਸੀ। ਬਾਦ ਵਿੱਚ ਲਾਭ ਸਿੰਘ ਦਾ ਜਨਮ ਹੋਇਆ। ਗੁਰਦਿਆਲ ਕੌਰ ਨੇ ਜਮੀਨ ਆਪਣੇ ਭਰਾ ਦੇ ਨਾਮ ਕਰਵਾਉਣੀ ਚਾਹੀ ਤਾਂ ਪਤੀ ਨਰਾਜ ਹੋ ਗਿਆ। ਉਸ ਨੇ ਜਮੀਨ ਆਪਣੇ ਭਰਾ ਦੇ ਨਾਮ ਕਰਾ ਦਿੱਤੀ ਪਰ ਸਾਰੀ ਬਾਕੀ ਰਹਿੰਦੀ ਉਮਰ ਭਰਾ ਦੇ ਘਰ ਹੀ ਗੁਜਾਰੀ।

## ਗੁਰਿ ਪੂਰੇ ਸੰਜਮੁ ਕਰਿ ਦੀਆ ॥
## ਨਾਨਕ ਤਉ ਫਿਰਿ ਦੂਖ ਨ ਥੀਆ ॥

ਸੰਤੋਖ, ਸੰਜਮ, ਦਿਆਲਤਾ, ਸਹਿਨਸ਼ੀਲਤਾ ਸਭ ਵਾਹਿਗੁਰੂ ਦੀ ਅਪਾਰ ਕ੍ਰਿਪਾ ਨਾਲ ਮਿਲਦੀ ਹੈ, ਪੂਰੇ ਮੁਰਸ਼ਿਦ ਦੀ ਮੇਹਰ ਨਦਰਿ ਮਨ ਸੰਕਲਪ ਨੂੰ ਦ੍ਰਿੜਤਾ ਲਈ ਬਲ ਬਖਸ਼ਦੀ ਹੈ। ਉੱਦਮ ਅਤੇ ਉਤਸ਼ਾਹ ਗੁਰੂ ਦੇ ਪੂਰਨਿਆਂ ਤੇ ਫੁੱਲ ਚੜਾਉਣ ਲਈ ਸ਼ਕਤੀ ਪਰਦਾਨ ਕਰਦੇ ਹਨ। ਦ੍ਰਿੜ ਇਰਾਦੇ ਪਰਬਤਾਂ ਦੀਆਂ ਚੋਟੀਆਂ ਸਰ ਕਰ ਲੈਂਦੇ ਹਨ। ਸਫਲਤਾ ਉਨ੍ਹਾਂ ਦੇ ਪੈਰਾਂ ਦੀਆਂ ਤਲੀਆਂ ਚੁੰਮਦੀ ਹੈ। ਨੇਕ ਇਰਾਦੇ ਵਾਲੇ ਪ੍ਰਾਣੀ ਅੱਗੇ ਹਰ ਅਕਾਸ਼ ਨੂੰ ਛੋਹਣ ਵਾਲੀ ਮੰਜਿਲ ਝੁਕ ਕੇ ਸਫਲਤਾ ਬਣ ਮਨ ਦੇ ਦਰਵਾਜੇ ਆ ਦਸਤਕ ਦਿੰਦੀ ਹੈ। ਇਹ ਸਫਲਤਾ ਦੀ ਘੜੀ ਪਾਈ ਬੀਬੀ ਸਾਹਿਬ ਕੌਰ ਦਾਦੂ ਵਾਲੀ ਨੇ।

ਬੀਬੀ ਸਾਹਿਬ ਕੌਰ ਬਾਬਾ ਜੀ ਦੇ ਦਰਸ਼ਨਾਂ ਲਈ ਭੁੱਚੋ ਦੇ ਅਸਥਾਨ ਤੇ ਆਈ। ਨਮਸਕਾਰ ਕਰਕੇ ਸੰਗਤਾਂ ਵਿੱਚ ਬੈਠ ਗਈ। ਬਾਬਾ ਜੀ ਨੇ ਬੀਬੀ ਦੇ ਗਹਿਣੇ ਪਾਏ ਦੇਖ ਬਚਨ ਕੀਤਾ "ਬੀਬੀ ਤੂੰ ਗਹਿਣੇ ਨਹੀਂ ਉਤਾਰੇ।"

"ਪਾਤਸ਼ਾਹ! ਮੇਰੀ ਦਾਦੀ ਨਹੀਂ ਉਤਾਰਨ ਦੇਂਦੀ। ਉੱਤਰ ਦਿੱਤਾ। ਬਾਬਾ ਜੀ ਨੇ ਬਚਨ ਕੀਤਾ "ਕੋਈ ਵਿਉਂਤ ਬਣਾ ਦਿਆਂਗੇ। ਫਿਰ ਤੈਨੂੰ ਕੋਈ ਗਹਿਣੇ ਪਾਉਣ ਲਈ ਨਹੀਂ ਕਹੇਗਾ।"

ਬਾਬਾ ਜੀ ਦੇ ਕਿਸੇ ਸੇਵਕਾਂ ਨੇ ਗੰਗਾ ਇਸ਼ਨਾਨ ਕਰਨ ਜਾਣਾ ਸੀ। ਉਨਾ ਬਾਬਾ ਜੀ ਪਾਸੋਂ ਆਗਿਆ ਮੰਗੀ। ਬੀਬੀ ਨੇੜੇ ਹੀ ਬੈਠੀ ਸੀ। ਬਾਬਾ ਜੀ ਨੇ ਬਚਨ ਕੀਤਾ "ਸਾਡੀ ਕੰਨਿਆ ਵੀ ਨਾਲ ਲੈ ਜਾਓ।"

ਉਨ੍ਹਾਂ "ਸਤਿ ਬਚਨ" ਕਿਹਾ।

ਬੀਬੀ ਨੂੰ ਤਾਕੀਦ ਕੀਤੀ ਕਿ ਘਰ ਖਬਰ ਕਰ ਆਓ ਅਤੇ ਗਹਿਣੇ ਵੀ ਲਾਹ ਆਓ। ਬੀਬੀ ਘਰ ਗਈ ਅਤੇ ਗਹਿਣੇ ਲਾਹ ਕੇ ਵਾਪਿਸ ਆ ਗਈ। ਸੰਗੀਆਂ ਨਾਲ ਇਸ਼ਨਾਨ ਕਰਨ ਗੰਗਾ ਚਲੀ ਗਈ। ਸੰਗਤ ਨਾਲ ਵਾਪਿਸ

ਆ ਕੇ ਬਾਬਾ ਜੀ ਦੇ ਦਰਸ਼ਨ ਕਰਕੇ ਘਰ ਚਲੀ ਗਈ। ਦਾਦੀ ਜੀ ਨੇ ਫਿਰ ਗਹਿਣੇ ਪਾਉਣ ਲਈ ਕਿਹਾ।

ਬੀਬੀ ਨੇ ਕਿਹਾ "ਮਾਂ ਜੀ ਇਸ਼ਨਾਨ ਕਰਨ ਸਮੇਂ ਸਭ ਨੇ ਕੋਈ ਨਾ ਕੋਈ ਸੰਕਲਪ ਕੀਤਾ ਹੈ, ਮੈਂ ਇਹ ਸੰਕਲਪ ਕੀਤਾ ਕਿ ਗਹਿਣੇ ਨਹੀਂ ਪਾਉਣੇ। ਇਸ ਲਈ ਮੈਂ ਇਹ ਨਹੀਂ ਪਹਿਨਣੇ।"

ਦਾਦੀ ਜੀ ਸੁਣ ਕੇ ਚੁੱਪ ਕਰ ਗਈ। ਸੋ ਇਸ ਤਰ੍ਹਾਂ ਜੁਗਤੀ ਨਾਲ ਬੀਬੀ ਜੀ ਨੇ ਗਹਿਣੇ ਤਿਆਗ ਦਿੱਤੇ।

"ਜੋਰ ਨ ਜੁਗਤੀ ਛੁਟੈ ਸੰਸਾਰ," ਵਾਲੀ ਪੰਗਤੀ ਸੱਚ ਕਰ ਦਿਖਾਈ।

## ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ ॥

ਭਗਤੀ ਦੀ ਹਰ ਅਰਜੋਈ ਖੁਦਾ ਦੇ ਦਰ ਪਰਵਾਨ ਹੁੰਦੀ ਹੈ। ਅੰਤਰ ਜਾਮਤਾਂ ਤੋਂ ਉੱਪਰ ਪਰਮ ਪਦਵੀ ਭਗਤੀ ਦੀ ਹੈ। "ਮੇਰੀ ਬਾਂਧੀ ਭਗਤਿ ਛੁਡਾਵੇ, ਬਾਂਧੀ ਭਗਤ ਨਾ ਛੁਟੈ ਮੁਹੈ।" ਪ੍ਰਮੇਸ਼ਰ ਭਗਤਾਂ ਦੀ ਸਰਬ ਇੱਛਾ ਪੂਰਕ ਹੈ। ਫਿਰ ਭਗਤ ਆਪਣੇ ਸੇਵਕ ਦੀਆਂ ਇਕੀ ਕੁਲਾਂ ਤਕ ਉਧਾਰਣ ਦੀ ਸਮਰੱਥਾ ਵੀ ਰੱਖਦਾ ਹੈ। ਇਹ ਪ੍ਰਾਪਤੀ ਸੱਚੀ ਸ਼ਰਧਾਵਾਨ ਹੀ ਕਰ ਸਕਦਾ ਹੈ।

ਬਾਬਾ ਜੀ ਦੇ ਇਸ ਪਿੰਡ ਭੁੱਚੋ ਕਲਾਂ ਨੇੜੇ, ਰਮਤੇ ਸਾਧੂ ਜੋ ਕਥਾ ਵਾਚਕ ਵੀ ਸਨ ਕਥਾ ਕਰਦੇ ਸਨ। ਉਨ੍ਹਾਂ ਦੇ ਕੰਨੀ ਬਾਬਾ ਜੀ ਦੀ ਸਰੋਤ ਪਈ। ਸੰਗਤ ਨੂੰ ਨਾਲ ਲੈ ਕੇ ਬਾਬਾ ਜੀ ਦੀ ਦਰਸ਼ਨਾਂ ਲਈ ਭੁੱਚੋ ਆ ਗਏ। ਦਰਸ਼ਨ ਕਰਨ ਉਪਰੰਤ ਉੱਤਰ ਪ੍ਰਸ਼ਨ ਵੀ ਹੋਏ। ਇਨ੍ਹਾਂ ਬਚਨਾਂ ਵਿਚੋਂ ਉਸਨੇ ਭਾਂਪ ਲਿਆ ਕਿ ਬਾਬਾ ਜੀ ਪੂਰਨ ਮਹਾਂਪੁਰਖ ਹਨ। ਮਹਾਤਮਾ ਨੇ ਕੁਝ ਪਰਮਾਰਥ ਵਸਤੂ ਦੀ ਮੰਗ ਕੀਤੀ। ਦੁਨੀਆਦਾਰ ਦੀ ਦੁਨਿਆਵੀ ਮੰਗ ਪੂਰੀ ਨ ਹੋਵੇ ਪਰ ਮਹਾਂਪੁਰਖ ਤੋਂ ਪ੍ਰਮਾਰਥ ਦੀ ਮੰਗ ਜਰੂਰ ਪੂਰੀ ਹੁੰਦੀ ਹੈ। ਆਤਮਿਕ ਵਸਤੂ

ਦੀ ਸਾਧਨਾ ਕਰਨ ਵਾਲੇ ਨੂੰ ਕਦੇ ਖਾਲੀ ਨਹੀਂ ਮੋੜਦੇ ਸਨ। ਆਪ ਬਚਨ ਕਰਦੇ ਹੁੰਦੇ ਸਨ "ਅਧਿਆਤਮਕ ਮੰਗ ਮੰਗਣ ਵਾਲੇ ਨੂੰ ਅਸੀਂ ਖਾਲੀ ਨਹੀਂ ਮੋੜ ਸਕਦੇ। ਕਿਉਂਕਿ ਦਰਗਾਹ ਵਿੱਚ ਪੁੱਛ ਹੋ ਜਾਂਦੀ ਹੈ ਇਹ ਪ੍ਰਾਣੀ ਕਿਸੇ ਸਮੇਂ ਆਪ ਪਾਸ ਗਿਆ ਸੀ ਤੁਸੀਂ ਇਸ ਨੂੰ ਨਿਰਾਸ਼ ਕਰਕੇ ਮੋੜ ਦਿੱਤਾ।"

ਮਹਾਂਪੁਰਖ ਸੰਸਾਰ ਵਿੱਚ ਆਉਂਦੇ ਹੀ

**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥**

ਵਾਸਤੇ ਹਨ।

ਇਸ ਤੋਂ ਉਪਰੰਤ ਮਹਾਤਮਾ ਕਈ ਨਗਰਾਂ ਵਿਚੋਂ ਹੁੰਦੇ ਹੋਏ ਬਾਬਾ ਜੀ ਦੇ ਜਨਮ ਅਸਥਾਨ ਮਨਸੂਰ ਵਾਲ (ਢਿਲਵਾਂ ਦੇ ਇਲਾਕੇ) ਚਲੇ ਗਏ। ਨੇੜੇ ਹੀ ਇੱਕ ਪਿੰਡ ਬੁੱਢਾ ਥੇਹ ਹੈ ਉਥੇ ਕਥਾ ਕਰਨ ਲੱਗ ਗਏ। ਕਥਾ ਕਰਨ ਸਮੇਂ ਉਨ੍ਹਾਂ ਨੇ ਬਾਬਾ ਜੀ ਦੀ ਸ਼ਰਧਾ ਨਾਲ ਸਿਫਤ ਕੀਤੀ। ਰੋਜ ਸਿਫਤ ਸੁਣ ਕੇ ਸੰਗਤਾਂ ਨੇ ਪੁੱਛਿਆ "ਉਹ ਕਿਹੜੇ ਮਹਾਂਪੁਰਖ ਹਨ, ਕਿਥੇ ਰਹਿੰਦੇ ਹਨ। ਉਨ੍ਹਾਂ ਦਾ ਜਨਮ ਅਸਥਾਨ ਕਿਹੜਾ ਹੈ।"

ਮਹਾਤਮਾ ਨੇ ਜਿਨ੍ਹਾਂ ਕੁ ਸੁਣਿਆ ਸੀ ਦੱਸ ਦਿੱਤਾ। ਹੌਲੀ ਹੌਲੀ ਗੱਲ ਬਾਬਾ ਜੀ ਦੇ ਨਗਰ ਮਨਸੂਰਵਾਲ ਪਹੁੰਚ ਗਈ। ਬਾਬਾ ਜੀ ਦੇ ਵੱਡੇ ਭਰਾ ਸ. ਫੂਲਾ ਸਿੰਘ ਅਤੇ ਭਰਜਾਈ ਮਹਾਂ ਕੌਰ ਦੇ ਕੰਨੀ ਸਰੋਤ ਪਈ। ਮਾਈ ਮਹਾਂ ਕੌਰ ਕੁਝ ਦਿਨਾਂ ਬਾਅਦ ਪੁੱਛ ਪੜਤਾਲ ਕਰਕੇ ਭੁੱਚੋ ਪਹੁੰਚ ਗਈ। ਬਾਬਾ ਜੀ ਨੇ ਸੁੱਖ ਸਾਂਦ ਪੁਛਣ ਤੋਂ ਬਾਅਦ ਪਿੰਡ ਦੇ ਆਪਣੇ ਬਚਪਨ ਦੇ ਸਾਥੀਆਂ ਦੇ ਬਾਰੇ ਪੁੱਛਿਆ। ਉਨ੍ਹਾਂ ਵਿਚੋਂ ਕਈ ਮਰ ਚੁੱਕੇ ਸਨ। ਜਿਹੜੇ ਅਜੇ ਦੁਨੀਆਂ ਵਿੱਚ ਸਨ ਉਨ੍ਹਾਂ ਦੇ ਨਾਮ ਮਾਈ ਨੇ ਦੱਸ ਦਿੱਤੇ।

ਰਾਤ ਨੂੰ ਮਾਈ ਨੂੰ ਰਵਾਇਤ ਅਨੁਸਾਰ ਕਿਸੇ ਦੇ ਘਰ ਮਾਈਆਂ ਕੋਲ ਸੌਣ ਲਈ ਭੇਜ ਦਿੱਤਾ। ਸਵੇਰ ਹੋਣ ਤੇ ਫਿਰ ਮਾਈ ਡੇਰੇ ਆ ਗਈ। ਦੋ ਦਿਨ ਰਹਿਣ ਤੋਂ ਬਾਅਦ ਮਾਈ ਨੂੰ ਤੋਰਨ ਸਮੇਂ ਤਾਕੀਦ ਕੀਤੀ ਕਿ "ਜਦੋਂ ਦੂਜੀ ਵਾਰ ਆਏ ਤਾਂ ਮੇਰੇ ਭਾਈ ਫੂਲਾ ਸਿੰਘ, ਕਾਲਾ ਸਿੰਘ, ਸ਼ੇਰ ਸਿੰਘ ਨੰਬਰਦਾਰ, ਮੀਹਾਂ ਸਿੰਘ ਨੰਬਰਦਾਰ, ਮਈਆਂ ਸਿੰਘ ਦਰਜੀ ਤੇ ਚੌਕੀਦਾਰ ਮੁੰਦਾ ਜੁਲਾਹੇ ਨੂੰ ਨਾਲ ਲੈ ਕੇ ਆਈ।" ਮਾਈ ਵਾਪਿਸ ਚਲੀ ਗਈ।

ਕੁਝ ਦਿਨਾਂ ਬਾਅਦ ਮਾਈ ਉਪਰੋਕਤ ਨਾਮ ਦੇ ਸਾਰੇ ਬੰਦਿਆਂ ਨੂੰ ਲੈ ਕੇ ਆਈ। ਆਪ ਨੇ ਇਨ੍ਹਾਂ ਨੂੰ ਕਈ ਦਿਨ ਰੱਖਿਆ। ਉਨ੍ਹਾਂ ਆਗਿਆ ਮੰਗੀ ਤਾਂ ਆਪ ਨੇ ਬਚਨ ਕੀਤਾ "ਇੰਨ੍ਹੀ ਜਲਦੀ ਕਿਉਂ ਕਰਦੇ ਹੋ।"

ਦੋ ਆਦਮੀਆਂ ਨੇ ਆਪਣੀਆਂ ਮਜਬੂਰੀਆਂ ਦੱਸੀਆਂ। ਇੱਕ ਨੇ ਕਿਹਾ "ਮੇਰੀ ਮੱਝ ਸੂਣ ਵਾਲੀ ਹੈ।"

ਬਾਬਾ ਜੀ ਨੇ ਕਿਹਾ "ਮੱਝ ਸੂ ਪਈ ਹੈ ਅਤੇ ਕੱਟਾ ਦਿੱਤਾ ਹੈ।"

ਦੂਜੇ ਨੇ ਕਿਹਾ "ਮੇਰੀਆਂ ਛੱਲੀਆਂ ਕੋਠੇ ਉਪਰ ਸੁੱਕ ਰਹੀਆਂ ਹਨ। ਕੋਈ ਚੁੱਕ ਨਾ ਲੈ ਜਾਵੇ।"

ਉੱਤਰ ਵਿੱਚ ਬਾਬਾ ਜੀ ਨੇ ਫਰਮਾਇਆ "ਤੇਰੀਆਂ ਛੱਲੀਆਂ ਦੀ ਰਾਖੀ "ਭੜੋਲਾ" ਪਿਆ ਹੁੰਦਾ ਹੈ।" ਆਪ ਰੱਖਣਾ ਚਾਹੁੰਦੇ ਸਨ। ਫੇਰ ਮੁੜ ਕੇ ਆਉਣ ਦਾ ਬਚਨ ਲੈ ਕੇ ਆਗਿਆ ਦਿੱਤੀ। ਪਰ ਮਈਆਂ ਸਿੰਘ ਨੂੰ ਛੁੱਟੀ ਨਹੀਂ ਦਿੱਤੀ। ਇੱਕ ਮਹੀਨੇ ਬਾਅਦ ਛੁੱਟੀ ਦਿੱਤੀ। ਤੁਰਨ ਸਮੇਂ ਉਸ ਨੂੰ ਤੇਰਾਂ ਰੁਪਏ ਸ਼ਰ੍ਹਾਂ ਕਰਕੇ ਦਿੱਤੇ ਅਤੇ ਹੁਕਮ ਕੀਤਾ ਖਜਾਨੇ ਵਿੱਚ ਰੱਖਣੇ ਹਨ। ਤੋਟ ਨਹੀਂ ਆਵੇਗੀ। ਇਹ ਬਚਨ ਸਤਿ ਹੋਇਆ। ਪਰ ਮਕਾਨ ਬਨਾਉਣ ਸਮੇਂ ਇਹ ਰੁਪਏ ਅੱਗੇ ਪਿਛੇ ਹੋ ਗਏ। ਫਿਰ ਉਹ ਨਹੀਂ ਮਿਲੇ।

ਦੂਸਰੇ ਸਾਰੇ ਪ੍ਰੇਮੀ ਜਦ ਘਰ ਪਹੁੰਚੇ ਤਾਂ ਜੋ ਬਚਨ ਹੋਏ ਸਨ। ਸਭ ਪ੍ਰਤੱਖ ਹੋਏ ਸਨ। ਮੱਝ ਨੇ ਕੱਟਾ ਦਿੱਤਾ ਸੀ। ਛੱਲੀਆਂ ਦੀ ਰਾਖੀ ਭੜੋਲਾ ਪਿਆ ਸੀ।

ਤੀਸਰੀ ਵਾਰ ਮਹਾਂ ਕੌਰ ਦੇ ਨਾਲ ਭਾਨ ਸਿੰਘ, ਬਹਾਦਰ ਸਿੰਘ ਅਤੇ ਇੱਕ ਲੜਕੀ ਭਾਨ ਕੌਰ ਸੀ। ਦਰਸ਼ਨ ਕਰਨ ਤੋਂ ਬਾਅਦ ਬਾਬਾ ਜੀ ਨੇ ਬਚਨ ਕੀਤਾ "ਲੜਕੀ ਦਾ ਨਾਂ ਬਦਲ ਕੇ ਸ਼ਾਮੋਂ ਰੱਖ ਦਿਓ, ਸੁੱਖੀ ਵੱਸੇਗੀ। ਭਾਨੀ ਸਾਡੀ ਮਾਤਾ ਦਾ ਨਾਮ ਹੈ।"

ਉਨ੍ਹਾਂ ਨੇ ਕੋਈ ਧਿਆਨ ਨਾ ਦਿੱਤਾ। ਨਾਮ ਬਦਲਣ ਵਿੱਚ ਕੀ ਹੈ। "ਸਤਿ ਬਚਨ ਸਾਧੂ ਉਪਦੇਸ਼" ਵਾਲੀ ਬਾਣੀ ਨਾ ਸਮਝ ਸਕੇ। ਫਿਰ ਲੜਕੀ ਸਾਰੀ ਉਮਰ ਦੁਖੀ ਹੀ ਰਹੀ। ਕੋਈ ਨਾ ਕੋਈ ਦੁੱਖ ਲੱਗਿਆ ਹੀ ਰਿਹਾ।

## ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

ਮਹਾਂਪੁਰਖਾਂ ਦੀ ਸੰਗਤ ਕਰੇ, ਉਨ੍ਹਾਂ ਦੀ ਚਰਨ ਸ਼ਰਨ ਰਹਿ ਕੇ ਮਨਮਰਜੀ ਕਰੇ ਤਾਂ ਪ੍ਰਮਾਰਥ ਦੇ ਸੁਖਾਂ ਤੋਂ ਵਾਂਝਾ ਰਹੇਗਾ। ਲੋਕ ਦੇ ਪਦਾਰਥ ਪਾ ਕੇ ਪ੍ਰਭੂ ਦਾ ਜਸ ਕਰਨ ਤੋਂ ਗੁਰੇਜ ਕਰੇ ਤਾਂ ਪਰਲੋਕ ਦੀਆਂ ਨਿਆਮਤਾ ਕਿਵੇਂ ਮਿਲਣਗੀਆਂ।

ਇਕ ਰਮਤਾ ਸਾਧੂ ਡੇਰੇ ਪਹੁੰਚਿਆ। ਬਾਬਾ ਜੀ ਦੇ ਸੇਵਕ ਤੋਂ ਆਗਿਆ ਲੈ ਕੇ ਟਿੱਲਾ ਸਾਹਿਬ ਤੇ ਚਲਾ ਗਿਆ। ਦਰਸ਼ਨ ਕਰਕੇ ਨਮਸਕਾਰ ਕੀਤੀ ਅਤੇ ਬੈਠ ਗਿਆ। ਹਜੂਰ ਨੇ ਮਰਿਆਦਾ ਅਨੁਸਾਰ ਨਾਮ, ਗੋਤ, ਪਿੰਡ ਪੁੱਛਿਆ।

ਉਸ ਨੇ ਕਿਹਾ “ਮਹਾਰਾਜ ! ਹਮਾਰਾ ਜਨਮ ਬਾਂਗਰ ਕਾ ਹੈ। ਹਮ ਰਮਤੇ ਰਹਿਤੇ ਹੈਂ।”

ਬਾਬਾ ਜੀ ਨੇ ਬਚਨ ਕੀਤਾ “ਠੀਕ ਹੈ।”

ਬਾਬਾ ਜੀ ਨੇ ਸੇਵਕ ਨੂੰ ਹੁਕਮ ਦਿੱਤਾ “ਉਤਰ ਵਾਲੇ ਪਾਸੇ ਵਾਲੀ ਬੇਰੀ ਥੱਲੇ ਇਸ ਦਾ ਆਸਣ ਲਾ ਦਿਓ। ਇਸ ਨੂੰ ਜਲ ਪਾਣੀ ਛਕਾਓ।

ਸਾਧੂ ਨੇ ਕਿਹਾ “ਮੈਂ ਅੱਠ ਪਹਿਰਾ ਭੋਜਨ ਕਰਦਾ ਹਾਂ।”

ਹਜੂਰ ਨੇ ਫਰਮਾਇਆ “ਸ਼ੁੱਧ ਹੈ।”

ਕਦੇ ਕਦੇ ਬਾਬਾ ਜੀ ਨੇ ਉਪਰ ਬੁਲਾ ਲੈਣਾ। ਬਚਨ ਬਲਾਸ ਕਰਨੇ ਅਤੇ ਫਿਰ ਥੱਲੇ ਭੇਜ ਦੇਣਾ। ਇੱਕ ਦਿਨ ਸਾਧੂ ਨੇ ਆਗਿਆ ਮੰਗੀ ਪਰ ਹਜੂਰ ਤੋਂ ਆਗਿਆ ਨਾ ਮਿਲੀ ਦੋ ਕੁ ਦਿਨਾਂ ਬਾਅਦ ਫਿਰ ਆਗਿਆ ਨਾ ਦਿੱਤੀ। ਤੀਸਰੀ ਵਾਰ ਫਿਰ ਬੇਨਤੀ ਕੀਤੀ “ਕਿ ਅਬ ਤੋਂ ਹਮ ਹਜੂਰ ਰਮੈਂਗੇ ਹੁਣ ਰੁੱਕ ਨਹੀ ਸਕਤੇ।”

ਅੜੀਅਲ ਸੁਭਾ ਦੇਖ ਕੇ ਬਾਬਾ ਜੀ ਨੇ ਪੁਛਿਆ “ਕਿਸ ਤਰਫ ਜਾਓਗੇ।”

ਉਸ ਨੇ ਕਿਹਾ "ਹਰਦੁਆਰ ਕੀ ਤਰਫ ਰਮੈਂਗੇ।"

ਆਪ ਜੀ ਨੇ ਫਿਰ ਬਚਨ ਕੀਤਾ "ਰਮੋ ਰਮੋ ਰਮੋ ਤੇ ਖੂਬ ਰਮੋ ਬਾਬਾ ਜੀ ਦੀ ਰਮਜ ਨੂੰ ਉਹ ਨਾਂ ਸਮਝ ਸਕਿਆ। ਸ਼ਾਮ ਨੂੰ ਹਰਦੁਆਰ ਵਾਲੀ ਗੱਡੀ ਚੜ੍ਹਨ ਲਈ ਭੁੱਚੋ ਸਟੇਸ਼ਨ ਤੇ ਚਲਾ ਗਿਆ। ਪ੍ਰਮੇਸ਼ਰ ਦਾ ਭਾਣਾ ਹੋਇਆ ਤੇ ਪ੍ਰਾਣ ਨਿਕਲ ਗਏ। ਦਿਨ ਚੜੇ ਤੋਂ ਪੱਤਾ ਲੱਗਾ ਕਿ ਸਟੇਸ਼ਨ ਤੇ ਕੋਈ ਸਾਧੂ ਮਰਿਆ ਪਿਆ ਹੈ।ਬਾਬਾ ਜੀ ਕੋਲ ਵੀ ਖਬਰ ਪਹੁੰਚ ਗਈ। ਬਾਬਾ ਜੀ ਦੇ ਇੱਕ ਸੇਵਕ ਭੁੱਚੋ ਮੰਡੀ ਚੌਧਰੀ ਨੇ ਦੱਸਿਆ ਕਿ ਇਹ ਉਹ ਸਾਧੂ ਬਾਂਗਰ ਦਾ ਹੈ ਜੋ ਬਾਬਾ ਜੀ ਕੋਲ ਬੇਰੀ ਹੇਠ ਰਹਿੰਦਾ ਸੀ।

ਸੇਵਕ ਨੇ ਵਾਪਿਸ ਆ ਕੇ ਬਾਬਾ ਜੀ ਨੂੰ ਖਬਰ ਸੁਣਾਈ। ਸੁਣ ਕੇ ਹਜੂਰ ਨੇ ਬਚਨ ਕੀਤਾ "ਸ਼ੁਧ ਹੈ।" ਬੈਠੀ ਸੰਗਤ ਨੇ ਬੇਨਤੀ ਕਰ ਦਿੱਤੀ "ਮਹਾਰਾਜ! ਇਹ ਕੀ ਕੌਤਕ ਹੈ। ਇਥੋ ਜਾਣ ਸਮੇਂ ਤਾਂ ਉਹ ਤੰਦਰੁਸਤ ਸੀ।"

ਬਾਬਾ ਜੀ ਬਚਨ ਕੀਤਾ ਉਸ ਦੀ ਉਮਰ ਇਤਨੀ ਸੀ। ਅੰਤ ਸਮੇਂ ਹੀ ਆਪਣੇ ਪਾਸ ਆਇਆ ਸੀ। ਸਾਡੀ ਇੱਛਾ ਸੀ ਇਸ ਦਾ ਅੰਤ ਇਥੇ ਹੋਵੇ। ਇਸ ਨੂੰ ਮੁਕਤ ਕਰ ਦੇਈਏ। ਪਰ ਉਸ ਨੇ ਬਚਨ ਨਾ ਮੰਨਿਆ। ਜਿੱਦ ਕਰਕੇ ਵਾਰ ਵਾਰ ਆਗਿਆ ਮੰਗੀ ਅਤੇ ਚਲਾ ਗਿਆ। ਹੁਣ ਚੌਰਾਸੀ ਲੱਖ ਜੂਨੀ ਭੋਗੇਗਾ। ਫਿਰ ਕਿਸੇ ਸਮੇਂ ਮਨੁੱਖੀ ਜਨਮ ਮਿਲੇਗਾ ਤਾਂ ਮੁਕਤੀ ਮਿਲੇਗੀ। ਜੇ ਨਾ ਜਾਂਦਾ ਤਾਂ ਹੁਣੇ ਹੀ ਮਿਲ ਜਾਣੀ ਸੀ।

ਸਾਰੀ ਸੰਗਤ ਨੇ ਨਮਸਕਾਰ ਕੀਤੀ ਅਤੇ ਸ਼ਾਂਤ ਹੋ ਕੇ ਬੈਠ ਗਏ।

(ਇਹ ਬਚਨ ਜੋਗਿੰਦਰ ਸਿੰਘ ਢਿੱਲੋਂ ਨੇ ਲਿਖਾਇਆ ਹੈ।)

## ਸਤਿਗੁਰੁ ਸਦਾ ਦਇਆਲੁ ਹੈ
## ਭਾਈ ਵਿਣੁ ਭਾਗਾ ਕਿਆ ਪਾਈਐ ॥

ਦੁਨੀਆਂ ਵਿੱਚ ਵਿਚਰਨ ਲਈ ਪਦਾਰਥਾਂ ਦੀ ਲੋੜ ਹੈ। ਇਹ ਪਦਾਰਥ ਪਦਵੀਆਂ, ਮਾਇਆ, ਧਨ, ਪੁੱਤਰ ਆਪਣੇ ਆਪਣੇ ਭਾਗਾਂ ਅਨੁਸਾਰ ਮਿਲਦੀ ਹੈ। ਪਰ ਫੇਰ ਵੀ ਜੇ ਕਿਸੇ ਮਹਾਂਪੁਰਖ ਦੀਆਂ ਮੇਹਰਬਾਨੀਆਂ ਹੋ ਜਾਣ ਤਾਂ

ਤਕਦੀਰਾਂ ਬਦਲ ਜਾਂਦੀਆਂ ਹਨ। ਰਿਆਸਤ ਨਾਭੇ ਦੇ ਤੋਸ਼ਾਖਾਨੇ ਦਾ ਮੁਖੀ ਬੱਗਾ ਸਿੰਘ ਪਿੰਡ ਗੁਮਟੀ ਕਲਾਂ ਦਾ ਸੀ। ਉਸ ਦੀ ਲੜਕੀ ਭੁੱਚੋ ਕਲਾਂ ਵਿੱਚ ਸੋਣ ਸਿੰਘ ਦੇ ਪੋਤਰੇ ਨਰੰਜਨ ਸਿੰਘ ਨੂੰ ਵਿਆਹੀ ਹੋਈ ਸੀ। ਇੱਕ ਦਿਨ ਬੱਗਾ ਸਿੰਘ ਨੇ ਆਪਣੇ ਲੜਕੇ ਬਖਤੌਰ ਸਿੰਘ ਨੂੰ ਤਾਕੀਦ ਕੀਤੀ, "ਕਿ ਲੜਕੀ ਨੂੰ ਮਿਲ ਕੇ ਆ। ਪਰ ਪਹਿਲਾਂ ਉਥੇ ਬਾਬਾ ਜੀ ਦੇ ਅਸਥਾਨ ਤੇ ਮੱਥਾ ਟੇਕਣਾ ਹੈ। ਫਿਰ ਘਰ ਜਾਣਾ ਹੈ।"

ਬਖਤੌਰ ਸਿੰਘ ਰੇਲ ਰਾਹੀ ਭੁੱਚੋ ਮੰਡੀ ਦੇ ਸਟੇਸ਼ਨ ਤੇ ਉਤਰਿਆ। ਉਥੋਂ ਇਲੈਚੀਆਂ ਦਾ ਪ੍ਰਸ਼ਾਦ ਲਿਆ। ਦੋ ਕੁ ਮੀਲ ਪੈਦਲ ਹੀ ਸਫਰ ਕੀਤਾ ਤੇ ਬਾਬਾ ਜੀ ਦੇ ਅਸਥਾਨ ਤੇ ਪਹੁੰਚ ਗਿਆ। ਸੇਵਕ ਤੋਂ ਆਗਿਆ ਲਈ ਅਤੇ ਟਿੱਲੇ ਉਪਰ ਚੜ ਗਿਆ। ਮੱਥਾ ਟੇਕਿਆ ਤਾਂ ਬਾਬਾ ਜੀ ਨੇ ਮਰਿਆਦਾ ਅਨੁਸਾਰ ਗੋਤ, ਨਾਨਕੇ, ਦਾਦਕੇ ਪੱਛੇ। ਇਲੈਚੀਆਂ ਵਾਲੀ ਪੁੜੀ ਖੋਹਲ ਕੇ ਸੇਵਕਾਂ ਨੂੰ ਹੁਕਮ ਦਿੱਤਾ। "ਇਲੈਚੀਆਂ ਦੀ ਗਿਣਤੀ ਕਰੋ।"

ਸੇਵਕਾਂ ਨੇ ਗਿਣਤੀ ਦੱਸ ਦਿੱਤੀ। ਹਜੂਰ ਨੇ ਬਚਨ ਕੀਤਾ "ਤੂੰ ਇੱਕ ਇਲੈਚੀ ਕਿਥੇ ਸੁੱਟ ਆਇਆ ਹੈਂ ਘੱਟ ਹੈ।"

ਬਖਤੌਰ ਸਿੰਘ ਨੇ ਅਰਜ ਕੀਤੀ "ਗਰੀਬ ਨਿਵਾਜ ਮੈਨੂੰ ਪੁੜੀ ਬੰਨ ਕੇ ਦਿੱਤੀ ਹੈ। ਮੈਂ ਲੈ ਆਇਆ ਹਾਂ। ਮੈਨੂੰ ਇਲੈਚੀ ਬਾਰੇ ਕੋਈ ਪਤਾ ਨਹੀਂ।"

"ਸਾਡੀ ਇੱਕ ਇਲੈਚੀ ਉਥੇ ਡਿੱਗੀ ਹੈ ਜੇ ਤੂੰ ਲਿਆ ਦੇਵੇਂ ਤਾਂ ਤੈਨੂੰ ਨਾਭੇ ਦਾ ਰਾਜ ਦੇ ਦੇਈਏ।" ਹਜੂਰ ਨੇ ਬਚਨ ਕੀਤਾ।

ਇਹ ਸੁਣ ਕੇ ਬਖਤੌਰ ਸਿੰਘ ਡਰ ਗਿਆ ਕਿ ਸੰਤ ਤਾਂ ਬੇਪਰਵਾਹ ਹੁੰਦੇ ਹਨ ਜੇ ਰਾਜੇ ਨੂੰ ਪਤਾ ਲੱਗ ਗਿਆ ਤਾਂ ਨੌਕਰੀ ਜਾਏਗੀ ਅਤੇ ਸਜਾ ਵੀ ਮਿਲੇਗੀ। ਹਿੰਮਤ ਨਹੀਂ ਪਈ ਇਲੈਚੀ ਲਿਆਉਣ ਦੀ। ਜਵਾਬ ਦੇ ਦਿੱਤਾ। ਆਗਿਆ ਮੰਗੀ ਮਜਬੂਰੀ ਦੱਸ ਕੇ "ਕਿ ਮੈਨੂੰ ਜਰੂਰੀ ਕੰਮ ਹੈ।" ਬਾਬਾ ਜੀ ਬਚਨ ਕੀਤਾ। "ਤੂੰ ਘਬਰਾ ਨਾ। ਅਸੀਂ ਇਲੈਚੀ ਆਪੇ ਮੰਗਵਾ ਲੈਂਦੇ ਹਾਂ।"

ਸੇਵਾਦਾਰ ਨੂੰ ਹੁਕਮ ਕੀਤਾ "ਭੁੱਚੋ ਮੰਡੀ ਜਾ ਕੇ ਦੁਕਾਨ ਅੰਦਰ ਲੰਘ ਜਾਵੀਂ।" ਸਰਦਲ ਦੇ ਅੰਦਰਲੇ ਪਾਸੇ ਇਲੈਚੀ ਡਿੱਗੀ ਪਈ ਹੈ ਚੁੱਕ

ਲਿਆਵੀਂ। ਸੇਵਾਦਾਰ ਹੁਕਮ ਮੰਨ ਕੇ ਮੰਡੀ ਗਿਆ ਅਤੇ ਸਰਦਲ ਦੇ ਕੋਲੋਂ ਇਲੈਚੀ ਚੁੱਕ ਲਿਆਇਆ।

ਬਖਤੌਰ ਸਿੰਘ ਇੱਕ ਦਿਨ ਆਪਣੀ ਭੈਣ ਦੇ ਘਰ ਰਿਹਾ ਅਤੇ ਅਗਲੇ ਦਿਨ ਆਪਣੀ ਨੌਕਰੀ ਤੇ ਪਹੁੰਚ ਗਿਆ। ਸਮਾਂ ਬੀਤਦਾ ਗਿਆ ਬਖਤੌਰ ਸਿੰਘ ਤੋਸ਼ੇਖਾਨੇ ਦੇ ਉਚ ਅਧਿਕਾਰੀ ਤੋਂ ਮੁੱਖ ਅਧਿਕਾਰੀ ਬਣ ਗਿਆ। ਜਿਸ ਸਮੇਂ ਅੰਗਰੇਜ ਸਰਕਾਰ ਨੇ ਰਿਪੁਦਮਨ ਸਿੰਘ ਨੂੰ ਜਲਾਵਤਨ ਕੀਤਾ ਤਾਂ ਅੰਗਰੇਜਾਂ ਨੇ ਬਖਤੌਰ ਸਿੰਘ ਨੂੰ ਰਾਜ ਦੀ ਜੁੰਮੇਵਾਰੀ ਦਿੱਤੀ। ਬਾਅਦ ਵਿੱਚ ਰਿਪੁਦਮਨ ਸਿੰਘ ਨੇ ਵੀ ਆਪਣੀ ਨਿਜੀ ਜਾਇਦਾਦ ਦਾ ਆਮ-ਮੁਖਤਿਆਰ ਬਣਾ ਦਿੱਤਾ। ਉਸ ਸਮੇਂ ਬਖਤੌਰ ਸਿੰਘ ਨੂੰ ਬਾਬਾ ਜੀ ਦੇ ਬਚਨ ਯਾਦ ਆਏ ਕਿ ਜੇ ਇੱਕ ਇਲੈਚੀ ਲਿਆ ਦਿੰਦਾ ਤਾਂ ਅੱਜ ਉਹ ਬਚਨ ਅਟੱਲ ਹੋ ਜਾਂਦਾ। ਪਰ ਮੈਂ ਬਚਨ ਦੀ ਸੰਭਾਲ ਨਹੀਂ ਕਰ ਸਕਿਆ। ਵਕਤ ਅਨੁਸਾਰ ਕੀਤੇ ਬਚਨ ਦੀ ਸੰਭਾਲ ਨਾਲ ਮਨ ਤ੍ਰਿਪਤ ਹੁੰਦਾ ਹੈ।

(ਇਹ ਪ੍ਰਸੰਗ ਜੋਗਿੰਦਰ ਸਿੰਘ ਢਿੱਲੋ ਨੇ ਲਿਖਾਇਆ ਹੈ।)

## ਬੋਲਿ ਨਾ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥

ਮਾਇਆ ਕਿਸੇ ਰੂਪ ਵਿਚ, ਧਨ ਦੌਲਤ, ਜਮੀਨ ਜਾਇਦਾਦ, ਪੁੱਤਰ, ਇਸਤਰੀ ਰੂਪ ਵਿੱਚ ਹੋਵੇ। ਇਸ ਦੀ ਤ੍ਰਿਪਤੀ ਮਨ ਨੂੰ ਸੰਤੋਖ ਲਿਆਵੇ ਤਾਂ ਪ੍ਰਭੂ ਦੀ ਰਜਾ ਵਿੱਚ ਹੈ। ਜੇ ਤ੍ਰਿਸ਼ਨਾ ਵੱਧਦੀ ਹੀ ਜਾਵੇ ਤਾਂ ਮਨੁੱਖ ਹੰਕਾਰੀ ਹੋ ਜਾਂਦਾ ਹੈ। "ਧਨ ਭੂਮਿ ਕਾ ਜੋ ਕਰੇ ਗੁਮਾਨਿ। ਸੋ ਮੂਰਖ ਅੰਧਾ ਅਗਿਆਨ" ਵਾਲੀ ਗੱਲ ਹੋ ਜਾਂਦੀ ਹੈ। ਧਨੀ, ਮਨੁੱਖ ਵਿਰਲਾ ਹੀ ਘਮੰਡ ਦਾ ਸ਼ਿਕਾਰ ਹੋਣ ਤੋਂ ਬਚਦਾ ਹੈ।

ਪੰਡਤ ਕਰਤਾ ਰਾਮ ਕਦੇ ਬਾਬਾ ਜੀ ਦੇ ਦਰਸ਼ਨ ਕਰ ਜਾਇਆ ਕਰਦਾ ਸੀ। ਹਾੜ ਦੇ ਮਹੀਨੇ ਇੱਕ ਦਿਨ ਦਰਸ਼ਨ ਕਰਨ ਆਇਆ ਨਮਸ਼ਕਾਰ ਕਰਕੇ

ਬੈਠ ਗਿਆ। ਮੰਨ ਅੰਦਰ ਫੁਰਨਾਂ ਬਣਿਆ। ਝੱਟ ਬਾਬਾ ਜੀ ਨੇ ਫੁਰਨਾ ਜਾਣ ਕੇ ਪੁਛਿਆ "ਦੇਵਤਾ ਅੱਜ ਤੇਰਾ ਬੋਲਣ ਦਾ ਸਮਾਂ ਨਹੀਂ"।

ਉਹ ਸਮਝ ਨਾ ਸਕਿਆ। ਮਨ ਦੇ ਫੁਰਨੇ ਬੁੱਲ੍ਹਾਂ ਤੇ ਆ ਗਏ। ਬਾਬਾ ਜੀ ਨੇ ਫਿਰ ਰੋਕਿਆ।ਅਖੀਰ ਤਿੰਨ ਵਾਰ ਇਹੀ ਬਚਨ ਹੋਇਆ। ਉਸ ਫਿਰ ਵੀ ਬੋਲਣ ਦੀ ਕੋਸ਼ਿਸ਼ ਕੀਤੀ ਤਾਂ ਬਾਬਾ ਜੀ ਨੇ ਹੱਸ ਕੇ ਕਿਹਾ "ਲੈ ਦੇਵਤਾ ਤੇਰੀ ਮਰਜੀ, ਦੱਸ ਕੀ ਕਹਿਣਾ ਚਾਹੁੰਦਾ ਹੈ।"

ਉਸ ਸਮੇਂ ਬਾਬਾ ਜੀ ਪਾਸ ਮਤੀਰੀਆਂ ਦੇ ਖਾਲੀ ਖਰੋੜ ਪਏ ਸਨ। ਇੱਕ ਪਾਸੇ ਰੱਖ ਛੱਡਦੇ ਸਨ। ਪੰਡਤ ਦੀ ਨਿਗਾਹ ਉਨ੍ਹਾਂ ਉੱਪਰ ਸੀ। ਪੰਡਤ ਨੇ ਕਿਹਾ "ਹਜ਼ੂਰ ਇਹ ਮੈਨੂੰ ਦੇ ਦਿਉ।

"ਤੂੰ ਇਹ ਕੀ ਕਰਨੇ ਹਨ ?" ਹਜ਼ੂਰ ਨੇ ਬਚਨ ਕੀਤਾ।

"ਅਸੀਂ ਇਹਨਾਂ ਦਾ ਰੈਤਾ ਪਾ ਕੇ ਛੱਕ ਲਵਾਂਗੇ।" ਪੰਡਤ ਨੇ ਜਵਾਬ ਦਿੱਤਾ।

ਬਾਬਾ ਜੀ ਬਚਨ ਕੀਤਾ "ਪੰਡਤਾ ਅੱਜ ਸਮਾਂ ਕੁੱਝ ਹੋਰ ਹੈ। ਅਸੀਂ ਤੈਨੂੰ ਕੁਝ ਦੇਣਾ ਸੀ। ਵਕਤ ਘੱਟ ਹੈ ਮੌਤ ਸਿਰ ਤੇ ਖੜੀ ਹੈ, ਤੈਨੂੰ ਸਮਝ ਨਹੀਂ ਆ ਰਹੀ।

**ਮਿਰਤ ਹਸੈ ਸਿਰੁ ਉਪਰੇ ॥**

ਤੇਰਾ ਮਨ ਖਾਪਰਿਆਂ ਤੇ ਲਲਚਾ ਗਿਆ ਹੈ। ਆਪਣਾ ਖੋਪਰਾ ਸੰਭਾਲ ਇਹ ਰਹਿ ਜਾਵੇ ਤਾਂ ਠੀਕ ਹੈ।

ਪੰਡਤ ਨਿਰਾਸ਼ ਜਿਹਾ ਹੋ ਕੇ ਉਠ ਕੇ ਚਲਾ ਗਿਆ। ਬਚਨ ਨਾ ਸਮਝ ਸਕਿਆ। ਦੂਸਰੇ ਦਿਨ ਕਿਸੇ ਪਿੰਡ ਤੋਂ ਆਕੇ ਬਾਬਾ ਜੀ ਨੂੰ ਦੱਸਿਆ "ਮਹਾਰਾਜ, ਕਰਤਾ ਰਾਮ ਮਰ ਗਿਆ ਹੈ।"

ਸੁਣ ਕੇ ਬਚਨ ਕੀਤਾ "ਸ਼ੁੱਧ ਹੈ।"

## ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ ਕਾ ਦਾਨੁ ਨ ਲੈਣਾ ॥

ਪ੍ਰਮੇਸ਼ਰ ਦੇ ਧਰਕਾਰੇ ਮਨੁੱਖ ਤੋਂ ਮਹਾਂਪੁਰਖ ਦਾਨ ਲੈਣ ਤੋਂ ਵੀ ਸੰਕੋਚ ਕਰਦੇ ਹਨ ਉਸ ਦੀ ਮਾਇਆ ਕੂੜ ਦੀ ਕਮਾਈ ਹੁੰਦੀ ਹੈ ਉਸ ਦੇ ਵਿਚੋਂ ਮਲਕ ਭਾਗੋ ਦੇ ਪੂੜਿਆਂ ਵਾਲੀ ਰਤ ਨਿਕਲਦੀ ਹੈ। ਸੱਚ ਦੀ ਕਮਾਈ ਸੱਚੇ ਦੇ ਦਰਬਾਰ ਵਿੱਚ ਕਬੂਲ ਹੁੰਦੀ ਹੈ। ਕੂੜ ਦਾ ਪਸਾਰਾ ਬਾਲੂ ਰੇਤ ਦੇ ਮੈਦਾਨ ਹੈ।

ਮੁਕੱਦਮ ਮੱਲ ਭੁੱਚੋ ਦਾ ਇੱਕ ਅਮੀਰ ਸੇਠ ਸੀ। ਧਨ ਦੌਲਤ ਸ਼ੋਹਰਤ ਲਈ ਭੁੱਖਾ ਸੀ। ਇੱਕ ਦਿਨ ਸਖਤ ਬੀਮਾਰ ਹੋ ਗਿਆ, ਇਲਾਜ ਕਰਵਾਉਣ ਦੇ ਬਾਵਜੂਦ ਕੋਈ ਆਰਾਮ ਨਾ ਆਇਆ। ਨਿਰਾਸ਼ ਹੋ ਕੇ ਸਾਰਾ ਪਰਿਵਾਰ ਘਰ ਬੈਠਾ ਗਿਆ। ਘਰ ਵਿੱਚ ਸਲਾਹ ਕੀਤੀ ਇਸ ਨੂੰ ਬਾਬਾ ਜੀ ਕੋਲ ਲੈ ਚੱਲੀਏ। ਇੱਕ ਦੋਹਣਾ (ਭਾਂਡਾ ਘੜੇ ਦੀ ਤਰ੍ਹਾਂ) ਦੁੱਧ ਦਾ ਭਰ ਕੇ ਸਾਰਾ ਪਰਿਵਾਰ ਸੇਠ ਨੂੰ ਲੈ ਕੇ ਬਾਬਾ ਜੀ ਕੋਲ ਜਾ ਰਿਹਾ ਸੀ। ਬਾਬਾ ਜੀ ਕੋਲ ਧੰਨਾ ਭਗਤ ਸਿੰਘ ਬੈਠਾ ਸੀ। ਬਾਬਾ ਜੀ ਨੇ ਬਚਨ ਕੀਤਾ "ਧੰਨਿਆ ਜਾ ਕੇ ਦੇਖ ਇਹ ਇਕੱਠ ਇਧਰ ਨੂੰ ਕਿਸ ਦਾ ਆ ਰਿਹਾ ਹੈ।"

ਧੰਨਾ ਸਿੰਘ ਨੇ ਉਠ ਕੇ ਦੇਖਿਆ ਤਾਂ ਕਹਿਣ ਲੱਗਾ "ਹਜ਼ੂਰ ਇਹ ਮੁਕੱਦਮ ਮੱਲ ਸੇਠ ਦਾ ਪਰਿਵਾਰ ਆ ਰਿਹਾ ਹੈ।"

ਸੇਠ ਦੇ ਪਰਿਵਾਰ ਨੇ ਆਗਿਆ ਮੰਗੀ ਤਾਂ ਹਜ਼ੂਰ ਨੇ ਸੇਵਕ ਨੂੰ ਤਾਕੀਦ ਕੀਤੀ "ਸਿਰਫ ਦੋ ਆਦਮੀ ਹੀ ਉਪਰ ਆਉਣ।" ਹੁਕਮ ਅਨੁਸਾਰ ਮੁਕੱਦਮ ਮੱਲ ਦੇ ਦੋ ਲੜਕੇ ਤੁਲਸੀ ਰਾਮ ਅਤੇ ਲਾਲ ਰਾਮ ਉਪਰ ਆ ਗਏ। ਨਮਸ਼ਕਾਰ ਕਰਕੇ ਬੈਠ ਗਏ। ਹਜ਼ੂਰ ਨੇ ਪੁਛਿਆ "ਕਿਵੇਂ ਆਏ ਹੋ ?"

ਸੇਠ ਕਹਿਣ ਲੱਗਾ "ਦੁੱਧ ਛਕਾਉਣ ਆਏ ਹਾਂ।"

ਹਜ਼ੂਰ ਹੱਸੇ ਤੇ ਫਿਰ ਬਚਨ ਕੀਤਾ "ਅੱਗੇ ਤਾਂ ਕਦੇ ਦੁੱਧ ਛਕਾਉਣ ਆਏ ਨਹੀਂ। ਸੇਠ ਬੀਮਾਰ ਹੈ, ਉਸ ਉਤੋਂ ਦੁੱਧ ਵਾਰ ਕੇ ਛਕਾਉਣ ਆਏ ਹੋ। ਤੁਹਾਡੀ ਇੱਛਾ ਹੈ ਸੰਤ ਦੁੱਧ ਛੱਕ ਕੇ ਚਲ ਵਸਣ ਸਾਡਾ ਸੇਠ ਰਾਜੀ ਹੋ ਜਾਏ। ਸਾਨੂੰ ਤੋਰਨ ਆਏ ਹੋ।"

ਧੰਨਾ ਭਗਤ ਨੇੜੇ ਹੀ ਬੈਠਾ ਸੀ। ਉਹ ਬੋਲਿਆ "ਦੁੱਧ ਪੀਣ ਨਾਲ ਕੀ ਹੋ ਜਾਏਗਾ ?

ਹਜੂਰ ਨੇ ਬਚਨ ਕੀਤਾ "ਤੂੰ ਪੀਕੇ ਦੇਖ ਲੈ ਤਮਾਸ਼ਾ। ਜਿਹੜਾ ਦੁੱਧ ਪੀਏਗਾ ਮਰ ਜਾਏਗਾ। ਸੇਠ ਬਚ ਜਾਏਗਾ ?"

ਫਿਰ ਉਸ ਦੇ ਪੁੱਤਰਾ ਨੂੰ ਕਿਹਾ ਜੇ ਤੁਸੀਂ ਇਸ ਨੂੰ ਰੱਖਣਾ ਹੈ ਤਾਂ ਦੁੱਧ ਆਪ ਪੀ ਲਵੋ ਨਹੀਂ ਤਾਂ ਤੁਸੀਂ ਵੀ ਜਾਓ ਅਤੇ ਦੁੱਧ ਵੀ ਲੈ ਜਾਓ। ਇਸ ਨੇ ਕੱਲ ਨੂੰ ਚਲੇ ਜਾਣਾ ਹੈ।

ਸਾਰਾ ਪਰਿਵਾਰ ਵਾਪਿਸ ਘਰ ਚਲਾ ਗਿਆ। ਅਗਲੇ ਦਿਨ ਸੇਠ ਚੜ੍ਹਾਈ ਕਰ ਗਿਆ।

## ਪਰ ਕਾ ਬੁਰਾ ਨ ਰਾਖਹੁ ਚੀਤ ॥
## ਤੁਮ ਕਉ ਦੁਖੁ ਨਹੀਂ ਭਾਈ ਮੀਤ ॥

ਦੂਸਰੇ ਦੀ ਬੁਰਾਈ ਕਰਨੀ ਜਾਂ ਸੋਚਣੀ ਪਾਪਾਂ ਦੀ ਪੰਡ ਸਿਰ ਚੁਕਣ ਦੀ ਗੱਲ ਹੈ। ਕਿਸੇ ਪ੍ਰਾਣੀ ਦਾ ਮਨ ਦੁੱਖੀ ਕਰਨਾ ਪ੍ਰਮਾਤਮਾ ਨੂੰ ਦੁੱਖ ਪਹੁੰਚਾਉਣਾ ਹੈ। ਦੁਖੀ ਹੋਏ ਪ੍ਰਾਣੀ ਦੀ ਇੱਕ ਹਾਅ ਦਰਗਾਹ ਦੀਆਂ ਦੀਵਾਰਾਂ ਹਿਲਾ ਦਿੰਦੀ ਹੈ। ਜਨਮਾਂ ਦੀ ਕੀਤੀ ਤਪੱਸਿਆ ਨੂੰ ਦੁਖੀ ਮਨ ਦੀ ਇੱਕ ਤੀਲੀ ਨਾਲ ਲੱਗੀ ਅੱਗ ਸੁਆਹ ਬਣਾ ਦਿੰਦੀ ਹੈ। ਭੋਲੇ ਭਾਲੇ ਮਨ ਅੰਦਰ ਪ੍ਰਮਾਤਮਾ ਦਾ ਵਾਸਾ ਹੁੰਦਾ ਹੈ। ਉਸ ਨੂੰ ਲੱਗਾ ਨਿਰਾਸ਼ ਮਨ ਦੀ ਹਨੇਰੀ ਦਾ ਧੱਕਾ ਜੜ੍ਹਾਂ ਹਿਲਾ ਦਿੰਦਾ ਹੈ।

ਭੁੱਚੋ ਕਲਾਂ ਦਾ ਅਰਜਨ ਸਿੰਘ ਘੋਟਣਾ ਰੂੰਮੀ ਰਹਿਣ ਸਮੇਂ ਬਾਬਾ ਜੀ ਦੀ ਸੇਵਾ ਕਰਿਆ ਕਰਦਾ ਸੀ। ਉਹਨਾਂ ਦੇ ਘਰੋਂ ਮਾਈ ਹਰਿਨਾਮ ਕੌਰ ਦਾ ਫੁਫੜ ਸੋਹਣ ਸਿੰਧ ਵਾੜਿਆਂ ਵਾਲੀ ਦਾ ਵਸਨੀਕ ਸੀ। ਮਾਈ ਨੂੰ ਮਿਲਣ ਆਇਆ ਸੀ। ਮਾਈ ਰੋਜ ਨਿਯਮ ਅਨੁਸਾਰ ਦਰਸ਼ਨ ਕਰਨ ਜਾਣ ਲੱਗੀ ਤਾਂ ਉਸ ਨੇ ਪੁਛਿਆ "ਕਿਥੇ ਜਾ ਰਹੇ ਹੋ ?"

ਮਾਈ ਨੇ ਉਤਰ ਦਿੱਤਾ "ਸਾਡੇ ਪਿੰਡ ਵਿੱਚ ਮਹਾਂਪੁਰਖ ਹਨ ਜੋ ਰੱਬ ਦਾ ਰੂਪ ਹਨ, ਜੋ ਮਨ ਚਿਤਵਕੇ ਜਾਵੇ। ਆਸਾ ਪੂਰੀ ਹੋ ਜਾਂਦੀ ਹੈ।"

ਸੋਹਣ ਸਿੰਘ ਵੀ ਨਾਲ ਦਰਸ਼ਨ ਕਰਨ ਤੁਰ ਪਿਆ। ਟਿੱਲੇ ਸਾਹਿਬ ਉਪਰ ਚਲੇ ਗਏ। ਸੋਹਣ ਸਿੰਘ ਨੇ ਇੱਕ ਰੁਪਇਆ ਮੱਥਾ ਟੇਕਿਆ। ਬਾਬਾ ਜੀ ਨੇ ਮਰਿਆਦਾ ਪੂਰੀ ਕੀਤੀ ਤੇ ਬਚਨ ਕੀਤਾ, ਕਿਵੇਂ ਆਏ ?"

ਸੋਹਣ ਸਿੰਘ ਨੇ ਕਿਹਾ "ਮਹਾਰਾਜ, ਸਾਡੇ ਪਿੰਡ ਇੱਕ ਮਾਈ ਹੈ ਉਹ ਕਦੋਂ ਮਰੇਗੀ। ਹਜ਼ੂਰ ਨੇ ਪੁੱਛਿਆ "ਤੂੰ ਇਹ ਕਿਉਂ ਪੁਛਿਆ ਹੈ ?"

"ਉਸ ਦੀ ਜਮੀਨ ਮੈਨੂੰ ਆਉਣੀ ਹੈ, ਕਿਉਂਕਿ ਉਹ ਮੇਰੀ ਤਾਈ ਹੈ।" ਉਸਦਾ ਜੁਆਬ ਸੀ।

ਹਜੂਰ ਨੇ ਗੁੱਸੇ ਵਿੱਚ ਆ ਕੇ ਕਿਹਾ, "ਚੁੱਕ ਲੈ ਆਪਣਾ ਰੁਪਈਆਂ। ਤੂੰ ਲੋਕਾਂ ਦੀ ਮੌਤ ਉਡੀਕਦਾ ਹੈਂ ਕਿ ਜਮੀਨ ਦਾ ਮਾਲਕ ਬਣ ਜਾਵਾਂ। ਤੈਨੂੰ ਪਤਾ ਹੈ ਕਿ ਮਾਲਕ ਦਾ ਕੀ ਹੁਕਮ ਹੈ। ਤੇਰਾ ਕੁੱਝ ਨਹੀਂ ਰਹਿਣਾ।" ਵਰਤਣ ਵਾਲੀ ਭਾਵੀ ਦਾ ਪਹਿਲਾ ਹੀ ਇਸ਼ਾਰਾ ਹੋ ਗਿਆ ਪਰ ਉਹ ਸਮਝ ਨਹੀਂ ਸਕਿਆ।

## ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥

ਭਾਈ ਹਰਨੇਕ ਸਿੰਘ ਨੰਦੇ ਕੇ ਭੁੱਚੋ ਕਲਾਂ ਦੇ ਵਾਸੀ ਦੀ ਜਗ੍ਹਾ ਵਿੱਚ ਬਾਬਾ ਜੀ ਦੇ ਸਮੇਂ ਸਕੂਲ ਹੁੰਦਾ ਸੀ।ਇਸ ਸਕੂਲ ਵਿੱਚ ਮੁਸਲਮਾਨ ਮਾਸਟਰ ਅਬਦੁਲ ਗਫੂਰ ਸੀ ਉਸ ਦਾ ਇਕੋ ਹੀ ਨੇਮ ਸੀ ਰਾਤ ਨੂੰ ਪੜ੍ਹਨ ਸਮੇਂ ਗਰਮੀ ਦੀ ਰੁੱਤ ਵਿੱਚ ਕੋਠੇ ਤੇ ਲਾਲਟੈਨ ਜਗ੍ਹਾ ਕੇ ਪੜਦਾ ਹੁੰਦਾ ਸੀ। ਲਾਲਟੈਨ ਦੀ ਰੋਸ਼ਨੀ ਬਾਬਾ ਜੀ ਤੱਕ ਪਹੁੰਚਦੀ ਸੀ। ਆਪ ਪੜ ਚੁੱਕੇ ਹੋ ਕਿ ਹਜੂਰ ਅੱਗ ਨਹੀਂ ਦੇਖਦੇ ਸਨ। ਸੇਵਕ ਭੇਜ ਕੇ ਬਾਬਾ ਜੀ ਨੇ ਉਸ ਨੂੰ ਤਾਕੀਦ ਕੀਤੀ ਕਿ "ਲੈਂਪ ਬੁਝਾ ਦੇ। ਅਸੀਂ ਅੱਗ ਮੱਥੇ ਨਹੀਂ ਲਾਉਣੀ।"

ਸੇਵਕ ਨੇ ਬੇਨਤੀ ਕੀਤੀ "ਮਹਾਰਾਜ! ਆਪ ਅੱਗ ਨੂੰ ਮੱਥੇ ਨਹੀਂ ਲਾਉਂਦੇ, ਕੀ ਕਾਰਨ ਹੈ ?"

"ਅਸੀਂ ਕਿਸੇ ਸਮੇਂ ਇੱਕ ਪੈਰ ਤੇ ਖੜ ਕੇ ਸਾਢੇ ਤਿੰਨ ਕਰੋੜ ਮੂਲ ਮੰਤਰ ਦਾ ਪਾਠ ਕੀਤਾ ਸੀ ਤਾਂ ਤੇਤੀ ਕਰੋੜ ਦੇਵਤਾ ਆਇਆ, ਪਰ ਅਗਨ ਦੇਵਤਾ ਨਹੀਂ ਆਇਆ ਸੀ। ਉਸ ਵੇਲੇ ਅਸੀਂ ਪ੍ਰਣ ਕੀਤਾ ਕਿ

ਜਿਨ੍ਹਾਂ ਚਿਰ ਸਰੀਰਕ ਤੌਰ ਤੇ ਜਹਾਨ ਵਿੱਚ ਰਹਾਂਗੇ ਅੱਗ ਨੂੰ ਮੱਥੇ ਨਹੀਂ ਲਾਵਾਂਗੇ। ਅਤੇ ਨਾਂ ਇਸਦੀ ਪੱਕੀ ਚੀਜ ਖਾਵਾਂਗੇ।" ਬਜੁਰਗ ਦਸਦੇ ਹਨ ਕਿ ਇਹ ਬਚਨ ਰੂੰਮੀ ਰਹਿਣ ਸਮੇਂ ਕੀਤੇ ਸਨ। ਇਹ ਬਚਨ ਭਾਈ ਡਰੌਲੀ ਤੋਂ ਮਿਲਿਆ ਹੈ।

ਕੁਝ ਦੇਰ ਬਾਅਦ ਸਕੂਲ ਦਾ ਨਿਰੀਖਣ ਕਰਨ ਲਈ ਉਚ ਅਧਿਕਾਰੀ ਆਇਆ ਅਤੇ ਉਹ ਰਾਤ ਇੱਥੇ ਹੀ ਠਹਿਰ ਗਿਆ। ਦੋਨਾਂ ਨੇ ਛੱਤ ਉਪਰ ਬੈਠ ਕੇ ਲਾਲਟੈਨ ਜੱਗ੍ਹਾ ਰੱਖੀ ਸੀ। ਬਾਬਾ ਜੀ ਨੇ ਸੇਵਾਦਾਰ ਨੂੰ ਭੇਜਿਆ ਕਿ ਲਾਲਟੈਨ ਬੰਦ ਕਰ ਦਿਓ।

ਪਰ ਉਨ੍ਹਾਂ ਨੇ ਕੋਈ ਪਰਵਾਹ ਨਾਂ ਕੀਤੀ। ਉਲਟਾ ਕਿਹਾ "ਤੁਹਾਨੂੰ ਕੀ ਹੁੰਦਾ ਹੈ।" ਕੁਝ ਸਮੇਂ ਬਾਅਦ ਦੋਨਾਂ ਦੀ ਸਿਹਤ ਬਹੁਤ ਖਰਾਬ ਹੋ ਗਈ। ਇੱਥੋਂ ਚਲੇ ਗਏ। ਮਾਸਟਰ ਅਬਦੁਲ ਗਫੂਰ ਦੀ ਹਾਲਤ ਇੰਨ੍ਹੀ ਖਰਾਬ ਹੋ ਗਈ ਕਿ ਉਸ ਦੇ ਦਿਮਾਗ ਵਿੱਚ ਕੀੜੇ ਪੈ ਗਏ। ਪੀੜ ਨਾਲ ਦਿਨ ਰਾਤ ਚੀਕਿਆ ਕਰੇ। ਪਤਾ ਲੱਗਣ ਉਪਰੰਤ ਸੇਵਕਾਂ ਨੇ ਬੇਨਤੀ ਕੀਤੀ "ਮਾਸਟਰ ਜੀ ਦੇ ਦਿਮਾਗ ਵਿੱਚ ਕੀੜੇ ਪੈ ਗਏ ਹਨ। ਉਸ ਨੂੰ ਬਖਸ਼ ਦਿਓ। ਬੱਚਿਆਂ ਨੂੰ ਪੜਾਂਉਂਦਾ ਸੀ।"

ਹਜੂਰ ਨੇ ਸੁਣ ਕੇ ਬਚਨ ਕੀਤਾ "ਤੁਹਾਨੂੰ ਕੀ ਪਤਾ ਹੈ। ਇਹ ਸੂਰ ਹੀ ਉਸ ਨੂੰ ਇਥੇ ਸਾਡੇ ਕੋਲ ਲੈ ਕੇ ਆਇਆ ਸੀ।"

ਅੰਤ ਉਹ ਦੁਖੀ ਹੋ ਕੇ ਮਰਿਆ। ਮਰਨ ਤੋਂ ਪਹਿਲਾਂ ਉਸ ਦੇ ਘਰ ਵਾਲੀ ਨੇ ਆ ਕੇ ਬੇਨਤੀ ਕੀਤੀ ਮਹਾਰਾਜ! ਇਹ ਛੋਟੇ ਛੋਟੇ ਬੱਚਿਆਂ ਦਾ ਕੀ ਕਸੂਰ ਹੈ। ਇਸ ਨੂੰ ਮਾਫ ਕਰ ਦਿਓ।

ਹਜੂਰ ਨੇ ਬਚਨ ਕੀਤਾ "ਫਿਕਰ ਨ ਕਰ ਬੱਚਿਆਂ ਦੀ ਜਿੰਮੇਵਾਰੀ ਰੱਬ ਦੀ ਹੈ। ਜਿੰਨੀ ਆਮਦਨ ਇਹ ਮਹੀਨੇ ਵਿੱਚ ਕਰਦਾ ਹੈ। ਹੁਣ ਉਸ ਤੋਂ ਵੱਧ ਹੋਵੇਗੀ।"

"ਇਹ ਬਚਨ ਅਟੱਲ ਹੋਇਆ।"

(ਇਹ ਪ੍ਰਸੰਗ ਜੋਗਿੰਦਰ ਸਿੰਘ ਢਿੱਲੋਂ ਪਾਸੋਂ ਮਿਲਿਆ)

# ਮਿਰਤਕ ਕਉ ਜੀਵਾਲਨ ਹਾਰ ॥
# ਭੂਖੇ ਕਉ ਦੇਵਤ ਅਧਾਰ ॥

ਬਾਬਾ ਬੁੱਧ ਸਿੰਘ ਦੇ ਘਰ ਪੋਤਰੇ ਗੁਲਵੰਤ ਸਿੰਘ ਨੇ ਜਨਮ ਲਿਆ। ਬਚਪਨ ਵਿੱਚ ਐਸੀ ਬੀਮਾਰੀ ਲੱਗੀ ਕਿ ਯਤਨ ਕਰਨ ਦੇ ਬਾਅਦ ਵੀ ਕੋਈ ਅਰਾਮ ਨ ਆਇਆ। ਦਵਾਈ ਆਦਿ ਕਰਦਿਆਂ ਇੱਕ ਸਾਲ ਦਾ ਸਮਾਂ ਲੰਘ ਗਿਆ। ਇੱਕ ਦਿਨ ਬੁੱਧ ਸਿੰਘ ਦੇ ਮਨ ਵਿੱਚ ਫੁਰਨਾ ਬਣਿਆ ਇਸ ਨੂੰ ਬਾਬਾ ਜੀ ਦੇ ਚਰਨਾਂ ਵਿੱਚ ਲੈ ਕੇ ਚੱਲੀਏ।

ਬਾਬਾ ਬੁੱਧ ਸਿੰਘ ਤੇ ਮਾਈ ਸ਼ਾਮ ਕੌਰ ਦੋਨੋ ਪੋਤਰੇ ਨੂੰ ਲੈ ਕੇ ਬਾਬਾ ਜੀ ਦੀ ਹਜ਼ੂਰੀ ਵਿੱਚ ਪਹੁੰਚ ਗਏ। ਬੇਨਤੀ ਕੀਤੀ "ਮਹਾਰਾਜ ! ਬੱਚਾ ਬੀਮਾਰ ਹੈ। ਕ੍ਰਿਪਾ ਕਰੋ।"

ਬੇਨਤੀ ਸੁਨਣ ਉਪਰੰਤ ਬਚਨ ਕੀਤਾ "ਇਸ ਨੂੰ ਬਹਾਲ ਦਾਸ ਦੇ ਚਰਨਾਂ ਵਿੱਚ ਰੱਖ ਦੇਣਾ।"

ਬਹਾਲ ਦਾਸ ਜੀ ਹਫਤੇ ਵਿੱਚ ਇੱਕ ਵਾਰ ਜਰੂਰ ਦਰਸ਼ਨ ਕਰਨ ਭੁੱਚੋ ਆਇਆ ਕਰਦੇ ਸਨ। ਬਹਾਲ ਦਾਸ ਜੀ ਦਰਸ਼ਨ ਕਰਨ ਆਏ ਤਾਂ ਮਾਈ ਸ਼ਾਮ ਕੌਰ ਬੱਚੇ ਨੂੰ ਕੱਪੜੇ ਵਿੱਚ ਲਪੇਟ ਕੇ ਡੇਰੇ ਲੈ ਗਈ। ਹੁਕਮ ਅਨੁਸਾਰ ਬੱਚਾ ਸੰਤ ਬਹਾਲ ਦਾਸ ਜੀ ਦੇ ਚਰਨਾਂ ਤੇ ਰੱਖ ਦਿੱਤਾ।

ਸੰਤ ਬਹਾਲ ਦਾਸ ਜੀ ਨੇ ਕਿਹਾ "ਇਹ ਕੀ ਹੈ।"

ਬਾਬਾ ਬੁੱਧ ਸਿੰਘ ਨੇ ਕਿਹਾ "ਮੇਰਾ ਪੋਤਰਾ ਹੈ। ਇੱਕ ਸਾਲ ਤੋਂ ਬੀਮਾਰ ਹੈ ਇਸ ਤੇ ਕ੍ਰਿਪਾ ਕਰੋ।"

ਬਾਬਾ ਜੀ ਨੇ ਹੁਕਮ ਕੀਤਾ "ਬਹਾਲ ਦਾਸ ਇਸ ਬੱਚੇ ਤੋਂ ਕਪੜਾ ਲਾਹ ਕੇ ਇਸ ਦੇ ਸਰੀਰ ਤੇ ਹੱਥ ਫੇਰ ਦੇ।"

ਹੱਥ ਫੇਰਨ ਤੋਂ ਬਾਅਦ ਸੰਤ ਬਹਾਲ ਦਾਸ ਨੇ ਪੁੱਛਿਆ ਇਸ ਬੱਚੇ ਨੂੰ ਕੀ ਖਵਾਂਦੇ ਹੋ।

ਮਾਤਾ ਨੇ ਕਿਹਾ "ਦੁੱਧ ਦੀ ਖੀਰ ਦਿੰਦੇ ਹਾਂ। ਥੋੜੀ ਜਿਹੀ ਹੀ ਖਾਂਦਾ ਹੈ" ਸੰਤ ਬਹਾਲ ਦਾਸ ਜੀ ਨੇ ਬਚਨ ਕੀਤਾ "ਵੱਡਾ ਹੋ ਕੇ ਖੀਰ ਬਹੁਤ ਖਾਏਗਾ।"

ਇਸ ਤੋਂ ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਮਾਈ ਤੂੰ ਇਸ ਨੂੰ ਆਪਣਾ ਦੁੱਧ ਚੁੰਘਾਉਣਾ ਹੈ।"

ਮਾਈ ਹੈਰਾਨ ਜਿਹੀ ਹੋਈ ਕਿ ਮੇਰੇ ਤਾਂ ਦੁੱਧ ਹੀ ਨਹੀਂ ਹੈ। ਪਰ ਜਦੋਂ ਦੁੱਧ ਦੇਣ ਲੱਗੀ ਤਾਂ ਦੁੱਧ ਉਤਰ ਆਇਆ। ਬੱਚੇ ਨੇ ਇੱਕ ਸਾਲ ਆਪਣੀ ਦਾਦੀ ਦਾ ਦੁੱਧ ਚੁੰਘਿਆ। ਗੁਲਵੰਤ ਸਿੰਘ ਅੱਜ ਵੀ ਮੌਜੂਦ ਹੈ ਅਤੇ ਪੋਤਰੀਆਂ ਵਾਲਾ ਹੈ। ਜਿੰਦਗੀ ਵਿੱਚ ਬੇਅੰਤ ਖੀਰ ਖਾਧੀ।

(ਇਹ ਪ੍ਰਸੰਗ ਗੁਲਵੰਤ ਸਿੰਘ ਦੀ ਜਬਾਨੀ ਹੈ)

## ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ ॥

ਮਹਾਂਪੁਰਖ ਸਰਬ ਕਲਾ ਸਮਰੱਥ ਹੋ ਕੇ ਫਿਰ ਵੀ ਹੁਕਮ ਵਿੱਚ ਰਹਿੰਦੇ ਹਨ। ਸੰਸਾਰੀ ਮਨੁੱਖ ਇਸ ਰੱਬੀ ਭੇਦ ਨੂੰ ਨਹੀਂ ਸਮਝ ਸਕਦਾ। ਇਸੇ ਲਈ ਉਹ ਵਾਰ-ਵਾਰ ਬੇਨਤੀਆਂ ਕਰਦਾ ਰਹਿੰਦਾ ਹੈ। ਪਰ ਮਹਾਂਪੁਰਖ ਹੁਕਮ ਅੰਦਰ ਹੀ ਸਭ ਕੁਝ ਕਰਦੇ ਅਤੇ ਕਰਵਾਉਂਦੇ ਹਨ।

ਇਕ ਵਾਰੀ ਪ੍ਰੇਮੀਆਂ ਨੇ ਮਿਲ ਕੇ ਬੇਨਤੀ ਕੀਤੀ "ਮਹਾਰਾਜ! ਟਿੱਲੇ ਵਾਲੀ ਜਗ੍ਹਾ ਦੀ ਕੋਠਰੀ ਪੁਰਾਣੀ ਹੋ ਗਈ ਹੈ। ਕੰਧਾਂ ਦੀ ਹਾਲਤ ਖਸਤਾ ਹੋ ਗਈ ਹੈ। ਸ਼ਤੀਰ ਵੀ ਟੁੱਟਣ ਵਾਲਾ ਹੈ। ਹੁਕਮ ਹੋਵੇ ਤਾਂ ਇਥੇ ਹੋਰ ਉਸਾਰੀ ਕਰ ਦੇਈਏ। ਜਾਂ ਥੱਲੇ (ਇਸ਼ਾਰਾ ਜਿਥੇ ਅੱਜ ਕਲ੍ਹ ਮਹਾਰਾਜ ਦਾ ਆਸਣ ਹੈ) ਬਣਾ ਦੇਈਏ।"

ਪ੍ਰੇਮੀਆਂ ਦੀ ਬੇਨਤੀ ਸੁਣ ਕੇ ਕਹਿਣ ਲੱਗੇ "ਜਿਤਨੀ ਦੇਰ ਅਸੀਂ ਬੈਠੇ ਹਾਂ ਨਾ ਕੰਧ ਡਿੱਗੇ ਅਤੇ ਨਾਂ ਸ਼ਤੀਰ ਟੁੱਟੇ। ਤੁਸੀਂ ਫਿਕਰ ਨ ਕਰੋ।"

ਕੁਝ ਸਮਾਂ ਲੰਘਣ ਦੇ ਬਾਅਦ ਸੇਵਕਾਂ ਨੇ ਫਿਰ ਬੇਨਤੀ ਕਰ ਦਿੱਤੀ ਬਾਬਾ ਜੀ ਫਿਰ ਚੁੱਪ ਰਹੇ। ਤੀਜੀ ਵਾਰ ਫਿਰ।

ਪ੍ਰੇਮੀ ਵਿਚਾਰ ਕਰਨ ਲੱਗੇ ਕਿ ਬਾਬਾ ਜੀ ਆਪ ਵੀ ਬਾਹਰ ਨਹੀਂ ਆਉਂਦੇ ਸੇਵਕ ਵੀ ਅੰਦਰ ਰਹਿੰਦੇ ਹਨ। ਸ਼ਤੀਰ ਟੁੱਟਣ ਵਾਲਾ ਹੈ ਕਿੱਤੇ ਅਨਰਥ ਨਾਂ ਹੋ ਜਾਏ। ਇਸ ਡਰ ਤੋਂ ਫਿਰ ਬੇਨਤੀ ਕਰਨ ਗਏ।

ਭਾਈ ਲੀਲਾ ਸਿੰਘ, ਮਾਈ ਖੇਮ ਕੌਰ ਜੰਡਾ ਵਾਲੇ ਵਾਲੀ, ਭਾਈ ਵਰਿਆਮ ਸਿੰਘ, ਬਾਬਾ ਸੌਣ ਸਿੰਘ, ਨੰਬਰਦਾਰ ਕੇਹਰ ਸਿੰਘ, ਸੇਮੇ ਤੋਂ ਗੁਰਦਿੱਤ ਸਿੰਘ ਤੋਂ ਮਾਈ ਖੇਮ ਕੌਰ ਮੌਕਾ ਦੇਖ ਕੇ ਬੇਨਤੀ ਕਰਨ ਉੱਪਰ ਚਲੇ ਗਏ, ਕਿਉਂਕਿ ਉਸ ਦਿਨ ਬਹਾਲ ਦਾਸ ਵੀ ਆਏ ਹੋਏ ਸਨ। ਨਮਸਕਾਰ ਕਰਕੇ ਬੈਠ ਗਏ। ਬਾਬਾ ਜੀ ਨੇ ਪੁੱਛਿਆ "ਕਿਵੇਂ ਸੰਗਤ ਦੇ ਆਉਣੇ ਹੋਏ"

"ਜੀ ਇੱਕ ਅਰਜੋਈ ਲੈ ਕੇ ਆਏ ਹਾਂ" ਬੇਨਤੀ ਕੀਤੀ।

ਬਾਬਾ ਜੀ ਬਚਨ ਕੀਤਾ "ਪਹਿਲਾ ਆਪਣੇ ਆਪਣੇ ਨਾਮ ਦੱਸੋ ਫੇਰ ਅਗਲੀ ਗੱਲ ਕਰਾਂਗੇ।"

ਸਭ ਨੇ ਆਪਣੇ ਆਪਣੇ ਨਾਮ ਦੱਸੇ ਅਤੇ ਫਿਰ ਬੇਨਤੀ ਆਸਣ ਬਾਰੇ ਕਰ ਦਿੱਤੀ।

ਬੇਨਤੀ ਸੁਣ ਕੇ ਹਜ਼ੂਰ ਬਚਨ ਕੀਤਾ "ਸਾਡੇ ਸਿਰ ਉਤੇ ਬਹੁਤਾ ਭਾਰ ਚੁੱਕਿਆ ਹੈ। ਜੇ ਅਸੀਂ ਹਿਲ ਗਏ ਤਾਂ ਰਾਜ ਸਿੰਘਾਸਨ ਡੋਲ ਜਾਣਗੇ। ਜੰਗ ਲੱਗ ਜਾਏਗੀ, ਬੇਅੰਤ ਦੁਨੀਆਂ ਮਰੇਗੀ। ਸਾਨੂੰ ਇਥੇ ਹੀ ਬੈਠੇ ਰਹਿਣ ਦਿਓ।"

ਇਹ ਬਚਨ ਹੋਣ ਤੋਂ ਬਾਅਦ ਵੀ ਸੰਗਤ ਨੇ ਥੱਲੇ ਕੱਚੀਆਂ ਇੱਟਾਂ ਦੀ ਇੱਕ ਉਤਨੀ ਵੱਡੀ ਕੋਠੜੀ ਪਾ ਦਿੱਤੀ (ਗੱਦੀ ਸਾਹਿਬ ਵਾਲੀ ਥਾਂ ਉਪਰ) ਪਰ ਬਾਬਾ ਜੀ ਨੇ ਉਸ ਵਿੱਚ ਚਰਨ ਨਹੀਂ ਪਾਏ।

ਪਾਠੀ ਸਿੰਘਾਂ ਤੇ ਪ੍ਰੇਮੀਆਂ ਨੇ ਰਲ ਬੇਨਤੀ ਕੀਤੀ "ਮਹਾਰਾਜ! ਇਥੇ ਗੁਰੂ ਸਾਹਿਬ ਦਾ ਸਰੂਪ ਲੈ ਆਈਏ।"

ਉੱਤਰ ਵਿੱਚ ਬਚਨ ਕੀਤਾ "ਇਥੇ ਨਹੀਂ ਲੈ ਕੇ ਆਉਣਾ। ਸਾਡੀ ਮਰਿਆਦਾ ਹੋਰ ਹੈ।" ਉਨ੍ਹਾਂ ਵਾਸਤੇ ਮਰਿਆਦਾ ਹੋਰ ਹੁੰਦੀ ਹੈ।

ਕਈ ਵਾਰ ਸੰਗਤ ਨੇ ਬੇਨਤੀ ਕੀਤੀ। ਪਰ ਬਾਬਾ ਜੀ ਇਹੀ ਜਵਾਬ ਦਿੰਦੇ ਰਹੇ।

## ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥

ਜੱਸੀ ਪੌਂ ਵਾਲੀ ਦੇ ਵਸਨੀਕ ਦਾ ਪ੍ਰਸੰਗ ਦਾ ਕੁਝ ਹਿੱਸਾ ਪਿਛੇ ਛੱਪ ਚੁਕਿਆ ਹੈ। ਦੇਹ ਅਰੋਗਤਾ ਲਈ ਬਾਬਾ ਜੀ ਪਾਸ ਆਇਆ ਸੀ ਅਤੇ ਹੁਕਮ ਅਨੁਸਾਰ ਦੋ ਸਾਲ ਸੇਵਾ ਵਿੱਚ ਰਿਹਾ ਸੀ। ਹਜ਼ੂਰੀ ਸੇਵਾ ਵਿੱਚ ਰਹਿਣ ਸਮੇਂ ਕੁਝ ਕੌਤਕ ਉਸ ਦੇ ਪੁੱਤਰ ਮੰਗਲ ਸਿੰਘ ਨੇ ਕਲਮ ਬੰਦ ਕਰਾਏ ਹਨ।

ਭਾਗ ਸਿੰਘ ਨਾਮੀ ਇਹ ਸੇਵਕ ਹੁਕਮ ਅਨੁਸਾਰ ਕਿਤੇ ਕੰਮ ਭੇਜਿਆ ਵਾਪਸੀ ਰਸਤੇ ਵਿੱਚ ਮਸਤੂਆਣਾ ਵਿਚੋਂ ਲੰਘਣਾ ਸੀ। ਮਹਾਂਪੁਰਖਾਂ ਦਾ ਮਸਤੂਆਣੇ ਕੀਰਤਨ ਚਲ ਰਿਹਾ ਸੀ। ਇਸ ਨੇ ਕੀਰਤਨ ਸੁਣਿਆ ਬੜਾ ਹੀ ਆਨੰਦ ਆਇਆ।

"ਬੈਕੁੰਠ ਨਗਰ ਜਹਾ ਸੰਤ ਵਾਸਾ" ਵਾਲੀ ਪੰਗਤੀ ਦੀ ਧਾਰਨਾ "ਜਿਥੇ ਵਸਦੇ ਨੇ ਸੰਤ ਪਿਆਰੇ, ਉਹੀ ਹੈ ਬੈਕੁੰਠ ਨਗਰੀ" ਪੜਦੇ ਵੀ ਸਨ। ਨਕਸ਼ਾ ਵੀ ਬੈਕੁੰਠ ਦਾ ਬਣਿਆ ਹੋਇਆ ਸੀ। ਕੀਤਰਨ ਦੀ ਸਮਾਪਤੀ ਉਪਰੰਤ ਭਾਗ ਸਿੰਘ ਉੱਥੋਂ ਚਲ ਪਿਆ।

ਬਾਬਾ ਜੀ ਦੀ ਹਜੂਰੀ ਵਿੱਚ ਪਹੁੰਚ ਕੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ "ਮਹਾਰਾਜ!" ਮੈਂ ਮਸਤੂਆਣੇ ਵਾਲਿਆਂ ਦਾ ਕੀਰਤਨ ਸੁਣਿਆ "ਜਿਥੇ ਵਸਦੇ ਨੇ ਸੰਤ ਪਿਆਰੇ, ਉਹੀ ਹੈ ਬੈਕੁੰਠ ਨਗਰੀ।" ਹਜੂਰ ਇਸ ਦੇ ਅਰਥ ਸਮਝਾਓ। ਬਾਬਾ ਜੀ ਨੇ ਫਰਮਾਇਆ "ਇਸ ਦਾ ਅਰਥ ਮਨ ਦੀ ਆਨੰਦਈ ਅਵਸਥਾ ਹੈ। ਜੋ ਜਨਮ ਮਰਨ, ਦੂਖ, ਭੁੱਖ, ਸੰਸਾਰੀ ਵਸਤੂਆਂ ਨੂੰ ਤਿਆਗ ਕੇ ਕਰਤੇ ਪੁਰਖ ਵਿੱਚ ਅਭੇਦ ਹੋ ਜਾਂਦਾ ਹੈ। ਇਹ ਸੁਣਿਆ ਪਤਾ ਨਹੀਂ ਲਗਦਾ ਅੱਖੀ ਦੇਖ ਕੇ ਹੀ ਯਕੀਨ ਬੱਝਦਾ ਹੈ।"

ਇਹ ਬਚਨ ਕਰਨ ਉਪਰੰਤ ਸਮਾਧੀ ਲੀਨ ਹੋ ਗਏ ਕਾਫੀ ਦੇਰ ਬਾਅਦ ਨੇਤਰ ਖੋਲੇ। ਗੁਰਵਾਕ

**ਕਹਿਣ ਕਥਨ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥**

ਸਮਾਧੀ ਖੋਲਣ ਉਪਰੰਤ ਬਚਨ ਕੀਤਾ "ਭਾਗ ਸਿੰਘ ਹੋਰ ਕੋਈ ਗੱਲ।"

ਭਾਗ ਸਿੰਘ ਨੇ ਬੇਨਤੀ ਕੀਤੀ "ਗਰੀਬ ਨਿਵਾਜ਼, ਮੇਰਾ ਮਨ ਅਮਰ ਕਥਾ ਸੁਨਣ ਲਈ ਕਰਦਾ ਹੈ ਤੁਸੀਂ ਕ੍ਰਿਪਾ ਕਰੋ।"

ਹਜੂਰ ਨੇ ਬਚਨ ਕੀਤਾ "ਅਮਰ ਕਥਾ ਦਾ ਸਮਾਂ ਅਜੇ ਦੂਰ ਹੈ।" ਭਾਗ ਸਿੰਘ ਸਮਝ ਨਾ ਸਕਿਆ। ਫਿਰ ਬੇਨਤੀ ਕਰ ਦਿੱਤੀ।

ਮੇਹਰ ਦੇ ਘਰ ਆਕੇ ਕਹਿਣ ਲੱਗੇ "ਲੈ ਸੁਣ ਅਮਰ ਕਥਾ। ਇੱਕ ਅਗਨੀ ਹੋਤ੍ਰੀ ਨਾਮ ਦਾ ਦੈਂਤ ਸੀ।"

ਬਾਬਾ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਨਿਕਲੇ ਹੀ ਸਨ ਕਿ ਭਾਗ ਸਿੰਘ ਦੇ ਮੂੰਹ ਵਿਚੋਂ "ਆ ਹਾ ਹਾ ਹਾ" ਦੀ ਅਵਾਜ ਆਈ। ਹਜੂਰ ਨੇ ਆਪਣਾ ਹੱਥ ਭਾਗ ਸਿੰਘ ਦੀ ਛਾਤੀ ਨਾਲ ਲਾਇਆ ਤਾਂ ਉਸਦਾ ਧਿਆਨ ਟੁੱਟ ਗਿਆ ਅਤੇ ਪਿਛੇ ਨੂੰ ਡਿੱਗ ਪਿਆ। ਹੋਸ਼ ਆਉਣ ਉਪਰੰਤ ਬਾਬਾ ਜੀ ਨੇ ਪੁੱਛਿਆ "ਭਾਗ ਸਿੰਘ ਕੀ ਵੇਖਿਆ। ਬੋਲਿਆ ਕਿਉਂ ਸੀ ?"

ਭਾਗ ਸਿੰਘ ਨੇ ਅਰਜ ਗੁਜਾਰੀ, "ਮਹਾਰਾਜ, ਮੇਰੇ ਸਾਹਮਣੇ ਪਹਿਲਾਂ ਇੱਕ ਦਰਵਾਜਾ ਆਇਆ। ਉਸ ਦੇ ਅੰਦਰ ਪ੍ਰਕਾਸ਼ ਹੀ ਪ੍ਰਕਾਸ਼ ਸੀ। ਉਸ ਵੇਲੇ ਮੇਰੇ ਮੂੰਹ ਵਿਚੋਂ ਆਪ ਮੁਹਾਰੇ ਹੀ ਕੁਝ ਨਿਕਲ ਗਿਆ ਹੋਵੇਗਾ। ਜਿਸ ਵਕਤ ਮੈਂ ਅੰਦਰ ਜਾਣ ਲੱਗਾ ਮੈਨੂੰ ਕਿਸੇ ਨੇ ਅੰਦਰੋਂ ਬਾਹਰ ਧੱਕਾ ਦਿੱਤਾ। ਹੁਣ ਮੇਂ ਤੁਹਾਡੇ ਚਰਨਾਂ ਵਿੱਚ ਬੈਠਾ ਹਾਂ ਮੈਨੂੰ ਇਹੀ ਪਤਾ ਹੈ।"

ਬਾਬਾ ਜੀ ਨੇ ਬਚਨ ਕੀਤਾ, ਇਹ ਸੱਚਖੰਡ ਦਾ ਦਰਵਾਜਾ ਸੀ। ਤੂੰ ਅੰਦਰ ਜਾਣ ਲੱਗਾ ਸੀ। ਅਸੀਂ ਤੈਨੂੰ ਪਿਛੇ ਧੱਕਿਆ ਸੀ। ਕਿਸੇ ਸਮੇਂ ਫਿਰ ਅਸੀਂ ਸੰਸਾਰ ਵਿੱਚ ਸਰੀਰ ਧਾਰਨਾ ਹੈ। ਉਸ ਵਕਤ ਤੈਨੂੰ ਭਾਲਾਂਗੇ। ਅਗਲੇ ਜਨਮ ਸਮੇਂ ਤੂੰ ਸੱਚਖੰਡ ਵਿੱਚ ਵਾਸਾ ਕਰੇਗਾ।

ਭਾਗ ਸਿੰਘ ਨੇ ਬੇਨਤੀ ਕੀਤੀ "ਮੈਂ ਤੁਹਾਨੂੰ ਕਿਸ ਤਰ੍ਹਾਂ ਮਿਲਾਗਾਂ ? ਬਾਬਾ ਜੀ ਫਰਮਾਇਆ" ਨਿਰੰਕਾਰ ਆਪ ਸਭ ਕੁਝ ਕਰੇਗਾ। ਮਿਲਾਉਣਾ, ਵਿਛੋੜਨਾ ਉਸ ਦੇ ਹੱਥ ਹੈ। ਭਾਗ ਸਿੰਘ ਸਾਡੇ ਕੋਲ ਨਰ ਸਿੰਘ ਅਵਤਾਰ ਹੈ। ਤੂੰ ਉਸ ਨੂੰ ਲੈ ਲਓ ਤੇਰੇ ਬੜਾ ਕੰਮ ਆਏਗਾ।"

"ਗਰੀਬ ਨਿਵਾਜ਼ ਨਰ ਸਿੰਘ ਨੂੰ ਤੁਸੀਂ ਆਪਣੇ ਪਾਸ ਹੀ ਰੱਖੋ। ਮੈਨੂੰ ਤਾਂ ਸੇਵਾ ਹੀ ਬਖਸ਼ੀ ਰੱਖੋ।" ਭਾਗ ਸਿੰਘ ਦਾ ਉੱਤਰ ਸੀ।

(ਇਹ ਪ੍ਰਸੰਗ ਭਾਗ ਸਿੰਘ ਤੋਂ ਮਿਲਿਆ।)

## ਸਗਲ ਮਨੋਰਥ ਪੁੰਨਿਆ ਅਮਰਾ ਪਦ ਪਾਈ ॥

ਸ਼ੁਭਕਰਮ ਜੱਸ ਦਾ ਪ੍ਰਤੀਕ ਹੈ, ਅਸ਼ੁਭਕਰਮ ਬਦੀ ਦਰਵਾਜੇ ਲਿਆਉਂਦਾ ਹੈ। ਪ੍ਰਭੂ ਦਾ ਜੱਸ ਕਰਨ ਵਾਲਿਆਂ ਦਾ ਦੁਨੀਆਂ ਸਤਿਕਾਰ ਕਰਦੀ ਹੈ। ਮਹਾਂਪੁਰਖ ਦੇ ਨੇਤਰਾਂ ਦੀ ਝਲਕ ਆਪ ਪ੍ਰਾਣੀ ਨੂੰ ਸੀਸ ਝੁਕਾਉਣ ਲਈ ਮਜਬੂਰ ਕਰਦੀ ਹੈ। ਮਨੁੱਖ ਦੇ ਮਨ ਦੀ ਸ਼ੰਕਾ ਨੂੰ ਚੇਹਰੇ ਦਾ ਨੂਰ ਤੇ ਤੇਜ ਨਵਿਰਤ ਕਰਦਾ ਹੈ। ਤਪੋ ਰਾਜ, ਰਾਜੋ ਨਰਕ। ਤਪ ਕਰਕੇ ਰਾਜ ਮਿਲਿਆ ਪਰ ਰਾਜ ਮਿਲਣ ਤੇ ਹਉਮੈ ਵੱਸ ਹੋਇਆਂ ਨੂੰ ਨਰਕਾਂ ਦੇ ਦੁਆਰੇ ਢੋਹੀ ਮਿਲੀ ਖਲਕਤ ਨੂੰ ਇਨਸਾਫ ਦੇ ਤਰਾਜੂ ਵਿੱਚ ਤੋਲਿਆ ਤਾਂ ਸ਼ੁਭਕਰਮ। ਹਕੂਮਤ ਦੀ ਮਦਰਾ ਦੇ ਨਸ਼ੇ ਵਿੱਚ ਜਬਰ ਜੁਲਮ ਕੀਤੇ, ਕਹਿਰ ਕਮਾਏ ਤਾਂ ਪ੍ਰਮਾਤਮਾ ਦੀ ਕਰੋਪੀ ਦਾ ਤਾਜ ਸਿਰ ਪਹਿਨਿਆ। ਝੌਂਪੜੀ ਦੇ ਵਾਸੀਆਂ ਦੀ ਰਹਿਨੁਮਾਈ ਵੀ ਪ੍ਰਮੇਸ਼ਰ ਆਪ ਕਰਦਾ ਹੈ। ਗਰੀਬ ਦੇ ਦੁਖਦੇ ਦਿਲ ਦੀ ਇੱਕ-ਇੱਕ ਕਰਾਹ ਪ੍ਰਭੂ ਦੇ ਸਿੰਘਾਸਨ ਦੀਆਂ ਦੀਵਾਰਾਂ ਹਿਲਾ ਦਿੰਦੀ ਹੈ। ਗਰੂਰ ਹੋਏ ਸ਼ਹਿਨਸ਼ਾਹ ਨੂੰ ਪ੍ਰਭੂ ਦੇ ਸਨਮਾਨੇ ਮਹਾਂਪੁਰਖ ਵੀ ਸ਼ੈਤਾਨ ਨਜ਼ਰ ਆਉਂਦੇ ਹਨ। ਸੱਚ ਪ੍ਰਤੱਖ ਹੋਦ ਤੇ ਗਰੂਰੀ ਸਿਰ ਲੱਜ ਸ਼ਰਮ ਨਾਲ ਚਰਨਪਰਸਨ ਤੋਂ ਵੀ ਭੈਅ ਖਾਂਦਾ ਹੈ। ਪਸ਼ਚਾਤਾਪ ਦੀ ਹਨੇਰੀ ਅੱਗੇ ਕੂੜ ਦਾ ਤਾਜ ਵੀ ਸਿਰ ਦਾ ਸਾਥ ਛੱਡਦਾ ਨਜ਼ਰ ਆਉਂਦਾ ਹੈ।

ਮੁਨਸ਼ੀ ਗੁਰਦਿੱਤ ਸਿੰਘ ਦੀ ਪ੍ਰੇਰਨਾ ਸਦਕਾ ਮਹਾਰਾਣੀ ਪਟਿਆਲਾ ਦਲੀਪ ਕੌਰ (ਮਹਾਰਾਜ ਭੁਪਿੰਦਰ ਸਿੰਘ ਦੀ ਰਾਣੀ) ਬਾਬਾ ਜੀ ਦੇ ਦਰਸ਼ਨਾਂ ਲਈ ਆਈ ਬਾਬਾ ਜੀ ਦੇ ਪ੍ਰਤਖ ਕੌਤਕ ਦੇਖ ਸ਼ਰਧਾਲੂ ਬਣ ਗਈ। ਜਦ ਕਈ ਵਾਰੀ ਆਈ ਤਾਂ ਮਹਾਰਾਜ ਭੁਪਿੰਦਰ ਸਿੰਘ ਕੁਝ ਸ਼ੱਕੀ ਨਜਰਾਂ ਨਾਲ ਦੇਖਣ ਲੱਗਾ। ਇੱਕ ਵਾਰ ਉਸ ਨੇ ਕੁਝ ਗੋਲੀਆਂ ਬਾਬਾ ਜੀ ਦੀ ਪਰਖ ਕਰਨ ਲਈ ਭੇਜੀਆਂ। ਆਗਿਆ ਮੰਗੀ। ਹਜੂਰ ਨੇ ਸੇਵਕ ਨੂੰ ਹੁਕਮ ਕੀਤਾ "ਆ ਜਾਣ ਦਿਓ ਇਹ ਸਾਡੀ ਪਰਖ ਲਈ ਆਈਆਂ ਹਨ।"

ਹਜੂਰ ਨੇ ਉਹਨਾਂ ਦੇ ਮਨ ਦੀ ਮੰਦੀ ਵਾਸ਼ਨਾ ਦੀ ਇੱਕ ਇੱਕ ਗੱਲ ਸੁਣਾ

ਦਿੱਤੀ। ਸ਼ਰਮ ਨਾਲ ਉਹਨਾਂ ਦੇ ਸਿਰ ਝੁਕ ਗਏ ਅਤੇ ਖਿਮਾ ਮੰਗਣ ਲੱਗੀਆਂ। ਪਟਿਆਲੇ ਵਾਪਿਸ ਜਾ ਕੇ ਉਹਨਾਂ ਰਾਜੇ ਨੂੰ ਸਾਰੀ ਵਿਥਿਆ ਸੁਣਾ ਦਿੱਤੀ ਅਤੇ ਬਾਬਾ ਜੀ ਦੀ ਪ੍ਰਸ਼ੰਸ਼ਾ ਕਰਨ ਲੱਗੀਆਂ। ਇਹ ਸੁਣ ਮਹਾਰਾਜ ਬਹੁਤ ਸ਼ਰਮਸਾਰ ਹੋਇਆ। ਫਿਰ ਰਾਜਾ ਅਤੇ ਰਾਣੀ ਦੋਨੋਂ ਬਾਬਾ ਜੀ ਦੇ ਦਰ ਤੇ ਆਉਂਦੇ ਰਹੇ। ਕੁਝ ਸਮਾਂ ਮੁਨਸ਼ੀ ਗੁਰਦਿੱਤ ਸਿੰਘ ਨੂੰ ਰਾਣੀ ਤਨਖਾਹ ਦਿੰਦੀ ਰਹੀ। ਬਾਬਾ ਜੀ ਨੇ ਮੁਨਸ਼ੀ ਨੂੰ ਤਨਖਾਹ ਲੈਣ ਤੋਂ ਰੋਕ ਦਿੱਤਾ। ਫਿਰ ਸੇਵਾ ਕਰਦਾ ਰਿਹਾ ਅਤੇ ਅੰਤ ਤਕ ਚਰਨਾਂ ਵਿੱਚ ਰਿਹਾ।

**"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ"**

ਮੁਨਸ਼ੀ ਗੁਰਦਿੱਤ ਸਿੰਘ ਦੀ ਪਤਨੀ ਦੇ ਭਤੀਜੇ ਨੇ ਇਹ ਬਚਨ ਸੁਣਾਇਆ ਸੀ। ਇੱਕ ਪ੍ਰਸੰਗ ਇਹ ਕਿ ਇਹਨਾਂ ਦੇ ਦੋ ਵੱਡੇ ਭਰਾ ਮਰ ਗਏ ਸਨ। ਘਰ ਕੋਈ ਹੋਰ ਬੱਚਾ ਨਹੀਂ ਸੀ। ਮੁਨਸ਼ੀ ਜੀ ਨੇ ਇਹਨਾਂ ਦੀ ਮਾਤਾ ਨੂੰ ਪ੍ਰੇਰਿਆ ਕਿ ਤੁਸੀਂ ਬਾਬਾ ਜੀ ਪਾਸ ਬੇਨਤੀ ਕਰੋ।

ਮੁਨਸ਼ੀ ਜੀ, ਮਾਈ ਤੁਲਸਾਂ ਅਤੇ ਨਰੰਜਨ ਸਿੰਘ ਬਾਬਾ ਜੀ ਪਾਸ ਪਹੁੰਚੇ ਦਰਸ਼ਨ ਕਰਨ ਉਪਰੰਤ ਕਈ ਦਿਨ ਸੇਵਾ ਵਿੱਚ ਰਹੇ। ਇੱਕ ਦਿਨ ਹਜ਼ੂਰ ਪ੍ਰਸੰਨ ਬੈਠੇ ਸਨ। ਉਹਨਾਂ ਮੌਕਾ ਵਿਚਾਰ ਕੇ ਬੇਨਤੀ ਕਰ ਦਿੱਤੀ। "ਮਹਾਰਾਜ ਸਾਡੇ ਘਰ ਬੱਚੇ ਹੋ ਕੇ ਮਰ ਜਾਂਦੇ ਹਨ, ਕ੍ਰਿਪਾ ਕਰੋ।"

ਹਜ਼ੂਰ ਨੇ ਬਚਨ ਕੀਤਾ "ਦੋ ਹੋਣਗੇ।"

ਬਚਨ ਅਟੱਲ ਹੋਇਆ। ਦੋ ਲੜਕੇ ਹੋਏ ਇਕ ਗੁਰਬਿੰਦਰ ਸਿੰਘ ਅਤੇ ਦੂਸਰਾ ਨਾਨਕ ਸਿੰਘ ਜੋ ਅੱਜ ਤੱਕ ਮੌਜੂਦ ਹਨ। ਰਿਹਾਇਸ਼ ਪਟਿਆਲੇ ਹੈ। ਬਾਬਾ ਜੀ ਦੇ ਚੋਲਾ ਛੱਡਣ ਤੋਂ ਬਾਅਦ ਦੋ ਲੜਕੇ ਉੱਤਮ ਸਿੰਘ ਅਤੇ ਪ੍ਰੀਤਮ ਸਿੰਘ ਬਾਬਾ ਨਰੈਣ ਸਿੰਘ ਜੀ ਮਹਿਣਿਆਂ ਵਾਲਿਆਂ ਦੇ ਬਚਨਾਂ ਨਾਲ ਹੋਏ ਇਹ ਦੋਨੋਂ ਬਾਬਾ ਜੀ ਈਸ਼ਰ ਸਿੰਘ ਦੇ ਸਮੇਂ ਸੇਵਾ ਕਰਦੇ ਰਹੇ। ਉੱਤਮ ਸਿੰਘ ਨੇ ਆਪਣੀ ਮਾਤਾ ਤੋਂ ਸੁਣਿਆ ਸੀ ਕਿ ਮਾਈਆ ਨੂੰ ਪੰਜ ਪਹਿਰੇ ਤੋਂ ਵੱਧ ਉਸ ਸਮੇਂ ਵੀ ਨਹੀਂ ਪੈਣ ਦਿੰਦੇ ਸੀ। ਇਹ ਪਰਵਾਰ ਹੁਣ ਵੀ ਸੇਵਾ ਕਰਦਾ ਰਹਿੰਦਾ ਹੈ।

(ਇਹ ਪ੍ਰਸੰਗ ਸ. ਉੱਤਮ ਸਿੰਘ ਤੋਂ ਮਿਲਿਆ।)

## ਮਨ ਬਾਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥

ਚਿਤਵਨੀ ਮਨ ਦੀ, ਬਿਨਾ ਜਬਾਨ ਖੋਲੇ, ਮਹਾਂਪੁਰਖ ਦੀ ਮੇਹਰ ਦ੍ਰਿਸ਼ਟੀ ਨਾਲ ਪ੍ਰਤੱਖ ਦ੍ਰਿਸ਼ਟਾਂਤ ਦਿਖਾਵੇ, ਪੂਰਬਲੇ ਸ਼ੁਭ ਕਰਮਾ ਦੀ ਝਲਕ ਹੈ। ਪ੍ਰਤੱਖ ਦੇਖ ਕੇ ਵੀ ਦੁਨਿਆਵੀ ਇਨਸਾਨੀ ਤਰਾਜੂ ਦੇ ਮੋਹ ਮਾਇਆ ਦਾ ਪੱਲੜਾ ਫਿਰ ਵੀ ਸਿਮਰਨ ਦੇ ਪੱਲੜੇ ਤੋਂ ਭਾਰੂ ਰਹਿੰਦਾ ਹੈ। ਜਿਸ ਨੇ ਸੂਰਜ ਦੀ ਰੋਸ਼ਨੀ ਦਾਨ ਵਿੱਚ ਦਿੱਤੀ, ਜਲ, ਹਵਾ ਦਾਨ ਵਿੱਚ ਦਿੱਤੀ ਰਿਜਕ ਜਨਮ ਤੋਂ ਪਹਿਲਾਂ ਦਿੱਤਾ, ਬਨਸਪਤੀ ਦਿੱਤੀ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਲਈ, ਪਰਾਕ੍ਰਿਤਮ ਸਾਧਨ ਦਾਨ ਵਿੱਚ ਆਏ। ਪਰ ਇਨਸਾਨ ਨੇ ਉਸ ਦੀ ਕੀਮਤ ਪਾਈ। ਸਿਰਮਨ ਕੀਤਾ ਉਹ ਵੀ ਮੁੱਲ ਮਾਇਆ ਵਿੱਚ ਪਾਇਆ। ਤੁਸੀਂ ਮਾਇਆ ਲਈ ਜੰਗਾਂ ਲੜੀਆਂ ਪਰ ਪ੍ਰਮੇਸ਼ਰ ਨੇ ਇਹ ਸਭ ਦਾਨ ਦੇਣ ਤੋਂ ਵੀ ਮੂੰਹ ਨਹੀਂ ਮੋੜਿਆ। ਅੱਜ ਅਸੀਂ ਉਹ ਦਾਨੀ ਦੇ ਦਾਨ ਦੀ ਕੀਮਤ ਪਾ ਰਹੇ ਹਾਂ। ਜੇ ਖੁਦਾ ਆਪਣੇ ਦਿਤੇ ਨੂੰ ਵਾਪਸ ਲਵੇ ਤਾਂ ਵਿਰਲਾਪ ਕਰਦੇ ਉਸ ਨੂੰ ਕੋਸਦੇ ਹਾਂ।

ਸੇਠ ਨਾਨਕ ਚੰਦ ਰਾਮਪੁਰਾ ਫੂਲ ਦੇ ਰਹਿਣ ਵਾਲਾ ਇੱਕ ਰੂੰ ਦੇ ਕਾਰਖਾਨੇ ਦਾ ਮਾਲਕ ਸ਼ਾਹੂਕਾਰ ਸੀ। ਉਸ ਦੇ ਘਰ ਲੜਕਾ ਕੋਈ ਨਹੀਂ ਸੀ।

**ਜਾਤ ਵੀ ਉਚੀ ਅਕਲ ਵੀ ਉਚੀ ਤਨ ਤੇ ਰੂਪ ਸਵਾਇਆ।**<br>
**ਉੱਚੇ ਮੰਦਰ, ਮਹਿਲ ਮਾੜੀਆਂ ਸਿਰ ਤੇ ਛਤਰ ਫਿਰਾਇਆ।**<br>
**ਹਾਥੀ ਘੋੜੇ ਸ਼ਸਤਰ ਬਸਤਰ ਜੇਵਰ ਅੰਗ ਸਜਾਇਆ।**<br>
**ਤਖਤ ਰਾਜ ਤੇ ਰਾਜ ਭਾਗ ਦਾ ਅੰਤ ਹਿਸਾਬ ਨ ਆਇਆ।**<br>
**ਸਾਂਈ ਲੋਕ ਇਕ ਪੁੱਤਰ ਬਾਝੋ ਸਭ ਕੁਝ ਜਾਇਆ ਅਜਾਇਆ।**

ਸੇਠ ਰੂੰ ਦਾ ਵਪਾਰੀ ਸੀ ਕਿਉਂਕਿ ਕਾਰਖਾਨਾ ਹੀ ਰੂੰ ਦਾ ਸੀ। ਇੱਕ ਵਾਰੀ ਇਸ ਨੂੰ ਕਾਰਖਾਨੇ ਵਿਚੋਂ ਘਾਟਾ ਕਾਫੀ ਪੈ ਗਿਆ। ਇਸ ਨੇ ਕਦੇ ਬਾਬਾ ਜੀ ਦੀ ਸਰੋਤ ਸੁਣੀ ਹੋਈ ਸੀ। ਬਾਬਾ ਜੀ ਦੇ ਦਰ ਤੇ ਸੁਖਣਾ ਸੁੱਖਣ ਆਇਆ ਕਿ ਮੇਰਾ ਘਾਟਾ ਪੂਰਾ ਹੋ ਜਾਏ। ਟਿੱਲਾ ਸਾਹਿਬ ਤੇ ਕੱਚੀ ਕੋਠੜੀ

ਦੇਖ ਕੇ ਮਨ ਵਿੱਚ ਬੇਨਤੀ ਕਰਨ ਲੱਗਾ "ਹੇ ਮਹਾਰਾਜ ਬਾਬਾ ਜੀ ਮੈਂ ਤੁਹਾਡੀ ਕੱਚੀ ਕੋਠੜੀ ਦੀ ਥਾਂ ਪੰਜ ਹਜਾਰ ਪੱਕੀ ਇੱਟ ਲਵਾ ਦਿਆਂ ਮੇਰਾ ਘਾਟਾ ਪੂਰਾ ਹੋ ਜਾਏ।"

ਅਰਦਾਸ ਕਰਨ ਦੀ ਦੇਰ ਸੀ ਕਿ ਅੰਤਰਜਾਮੀ ਦਿਲਾਂ ਦੀਆਂ ਜਾਨਣ ਵਾਲੇ ਕੋਠੀ ਤੋਂ ਬਾਹਰ ਆਏ ਉੱਚੀ ਅਵਾਜ ਵਿੱਚ ਬੋਲੇ

"ਲੱਖੀ ਲੇਖੇ ਨਾਨਕਾ ਬੀਸੜ ਤੀਸੜ ਕੀਹਦੇ ਚਿਤ"

ਹਜੂਰ ਦਾ ਭਾਵ ਸੀ "ਇਥੇ ਲੱਖਾਂ ਹੀ ਲੱਗ ਜਾਣਗੀਆਂ ਤੂੰ ਨਾਨਕ ਚੰਦ ਪੰਜ ਹਜਾਰ ਕੀ ਆਖਦਾ ਹੈ।" "ਸੋ ਇਹ ਬਚਨ ਪ੍ਰਤੱਖ ਹੈ ਹੁਣ ਸੱਤ ਲੱਖ ਇੱਟ ਸਰੋਵਰ ਦੀ ਨੀਂਹ ਵਿੱਚ ਪੈ ਗਈ ਸੀ।"

ਨਾਨਕ ਚੰਦ ਸਮਝ ਗਿਆ ਕਿ ਇਹ ਬਚਨ ਪ੍ਰਥਾਇ ਹੈ। ਉਹ ਨਮਸਕਾਰ ਕਰਕੇ ਉਥੋਂ ਵਾਪਿਸ ਹੋ ਗਿਆ। ਰਸਤੇ ਵਿੱਚ ਜਾਂਦੇ ਖਿਆਲ ਆਵੇ ਕਿ ਮੇਰਾ ਨਾਮ ਨਹੀਂ ਜਾਣਦੇ ਸਨ, ਮਨ ਵਿੱਚ ਅਰਦਾਸ ਕਰੀ ਉਹ ਵੀ ਸਮਝ ਗਏ ਇਹ ਤਾਂ ਪੂਰਨ ਸਾਧ ਮਹਾਤਮਾ ਹਨ। ਘਰ ਪਹੁੰਚ ਕੇ ਸੇਠਾਣੀ ਨਾਲ ਗੱਲ ਕੀਤੀ। ਉਸ ਨੂੰ ਸਾਰੀ ਹੱਡ ਬੀਤੀ ਸੁਣਾਈ। ਅੱਗੋਂ ਉਸ ਨੇ ਕਿਹਾ, "ਇਹੋ ਜਿਹੇ ਮਹਾਤਮਾ ਪਾਸੋਂ ਮੰਗਣ ਵਾਲੀ ਚੀਜ ਮੰਗ। ਇਹ ਘਾਟੇ ਵਾਧੇ ਕਿਸ ਵਾਸਤੇ ਹਨ। ਆਪਣੇ ਘਰ ਕੋਈ ਬੱਚਾ ਨਹੀਂ। ਬੱਚੇ ਦੀ ਮੰਗ ਕਰੀਏ।"

ਅਗਲੇ ਦਿਨ ਸੇਠ ਅਤੇ ਸੇਠਾਣੀ ਦੋਨੋਂ ਬਾਬਾ ਜੀ ਦੇ ਦੁਆਰੇ ਪਹੁੰਚੇ। ਆਗਿਆ ਲੈ ਕੇ ਟਿੱਲਾ ਸਾਹਿਬ ਉਪਰ ਬਾਬਾ ਜੀ ਕੋਲ ਪਹੁੰਚੇ। ਨਮਸ਼ਕਾਰ ਕੀਤੀ ਅਤੇ ਬੈਠ ਗਏ। ਬਾਬਾ ਜੀ ਨੇ ਮਰਿਆਦਾ ਅਨੁਸਾਰ ਜਾਤ, ਗੋਤ ਆਦਿ ਸਭ ਕੁਝ ਪੁੱਛਿਆ। ਫਿਰ ਹੁਕਮ ਹੋਇਆ "ਦੱਸੋ ਦਰਸ਼ਨ ਹੈ ਕਿ ਪ੍ਰਸ਼ਨ ?"

ਸੇਠ, ਸੇਠਾਣੀ ਨੇ ਬੇਨਤੀ ਕੀਤੀ "ਮਹਾਰਾਜ! ਸਾਡੇ ਘਰ ਕੋਈ ਬੱਚਾ ਨਹੀਂ ਕ੍ਰਿਪਾ ਕਰੋ। ਸਾਡੇ ਰੂੰ ਦਾ ਕਾਰਖਾਨਾ ਹੈ। ਮਾਇਆ ਦੀ ਕੋਈ ਕਮੀ ਨਹੀਂ।"

ਹਜੂਰ ਹੱਸ ਕੇ ਕਹਿਣ ਲੱਗੇ "ਜੇ ਮਾਇਆ ਬਹੁਤ ਹੈ ਤਾਂ ਅਸੀਂ ਵੀ ਮੁੰਡਾ ਮੁੱਲ ਦੇਵਾਂਗੇ। ਦਸ ਹਜਾਰ ਰੁਪਇਆ ਲੱਗੇਗਾ।"

ਸੇਠਾਣੀ ਨੇ ਕਿਹਾ "ਮਨਜੂਰ ਹੈ ਜੀ"

"ਚੰਗਾ ਫੇਰ ਸਾਲ ਦੇ ਅੰਦਰ ਹੋ ਜਾਏਗਾ। ਸਾਡੀ ਨਿਸ਼ਾਨੀ ਹੋਵੇਗੀ ਕਿ

ਉਹ ਛਾਂਗਾ ਹੋਵੇਗਾ (ਹੱਥਾਂ ਦੀਆਂ ਛੇ ਉਂਗਲਾਂ)” ਬਾਬਾ ਜੀ ਬਚਨ ਕੀਤਾ। ਆਗਿਆ ਲੈ ਕੇ ਰਾਮਪੁਰੇ ਚਲੇ ਗਏ। ਬਚਨ ਪ੍ਰਤੱਖ ਹੋਇਆ ਸਾਲ ਦੇ ਅੰਦਰ ਛਾਂਗਾ ਮੁੰਡਾ ਪੈਦਾ ਹੋ ਗਿਆ।

ਦੋ ਕੁ ਮਹੀਨੇ ਬਾਅਦ ਸੇਠ ਬਾਬਾ ਜੀ ਦੇ ਦਰ ਤੇ ਭੁੱਚੋ ਆਇਆ ਨਮਸ਼ਕਾਰ ਕਰਕੇ ਬਾਬਾ ਜੀ ਅੱਗੇ ਪੰਜ ਹਜਾਰ ਰੁਪਏ ਰੱਖ ਦਿੱਤੇ। ਹਜ਼ੂਰ ਨੇ ਬਚਨ ਕੀਤਾ “ਅਸੀਂ ਤਾਂ ਦੱਸ ਹਜਾਰ ਵਿੱਚ ਮੁੰਡਾ ਦਿੱਤਾ ਸੀ ਤੂੰ ਪੰਜ ਹਜਾਰ ਹੀ ਦਿੰਦਾ ਹੈ।”

ਸੇਠ ਨੇ ਉੱਤਰ ਦਿੱਤਾ “ਮਹਾਰਾਜ! ਪੰਜ ਹਜਾਰ ਹੀ ਬਹੁਤ ਹੈ ਮੈਨੂੰ ਕਾਰਖਾਨੇ ਵਿੱਚ ਘਾਟਾ ਪਿਆ ਹੋਇਆ ਹੈ।”

ਸੇਠ ਪੈਸੇ ਰੱਖ ਕੇ ਨਮਸਕਾਰ ਕਰਕੇ ਤੁਰ ਗਿਆ। ਅਗਲੇ ਦਿਨ ਬਾਬਾ ਜੀ ਨੇ ਸੇਵਕ ਨੀਲਾ ਸਿੰਘ ਨੂੰ ਬੁਲਾਇਆ। ਉਹ ਹਾਜਰ ਹੋ ਗਿਆ। ਹਜ਼ੂਰ ਨੇ ਹੁਕਮ ਕੀਤਾ “ਨੀਲਾ ਸਿੰਘ ਇਹ ਪੰਜ ਹਜਾਰ ਰੁਪਏ ਦੇ ਨਾਲ ਪੰਜ ਰੁਪਏ ਵਿਆਜ ਦੇ ਪਾ ਲੈ।” ਇਹ ਸਾਰੀ ਰਕਮ ਰਾਮਪੁਰੇ ਦੇ ਕੇ ਆਉਣੀ ਹੈ। ਨਾਨਕ ਚੰਦ ਸੇਠ ਦਾ ਘਰ ਪੁੱਛ ਕੇ ਚਲਾ ਜਾਈਂ। ਤੇਰੇ ਜਾਣ ਵੇਲੇ ਸੇਠਾਣੀ ਭਾਂਡੇ ਮਾਂਝਦੀ ਹੋਵੇਗੀ। ਇਹ ਰੁਪਏ ਅਤੇ ਵਿਆਜ ਉਸ ਦੇ ਅੱਗੇ ਰੱਖ ਦੇਣੇ। ਅਤੇ ਉਸ ਨੂੰ ਕਹਿਣਾ “ਸੇਠ ਲੈ ਕੇ ਗਿਆ ਸੀ ਇਹ ਪੰਜ ਹਜਾਰ ਹਨ ਪਰ ਕਹੇ ਦਸ ਹਜਾਰ ਸਨ। ਇਹ ਬਾਬਾ ਜੀ ਨੇ ਵਿਆਜ ਸਮੇਤ ਮੋੜ ਦਿੱਤੇ ਹਨ ਤੇ ਤੁਸੀਂ ਸਾਡੀ ਚੀਜ ਸਾਨੂੰ ਮੋੜ ਦਿਓ।”

ਨੀਲਾ ਸਿੰਘ ਰਕਮ ਲੈ ਕੇ ਰਾਮੁਪਰੇ ਪਹੁੰਚ ਗਿਆ। ਘਰ ਪੁੱਛ ਕੇ ਗਿਆ ਸੇਠਾਣੀ ਭਾਂਡੇ ਮਾਂਝ ਰਹੀ ਸੀ। ਇਸ ਨੇ ਪੈਸੇ ਉਸ ਦੇ ਅੱਗੇ ਰੱਖ ਕੇ ਬਾਬਾ ਜੀ ਦਾ ਬਚਨ ਸੁਣਾ ਦਿੱਤਾ। ਉਹ ਬਚਨ ਸੁਣ ਕੇ ਘਬਰਾ ਗਈ ਕਿ ਕਿਧਰੇ ਮੁੰਡੇ ਨੂੰ ਕੁਝ ਨਾ ਹੋ ਜਾਵੇ। ਉਹ ਲਿਬੜੇ ਹੱਥਾਂ ਨਾਲ ਸੇਠ ਨਾਲ ਲੜਨ ਲੱਗੀ ਕਿ ਤੂੰ ਪੈਸੇ ਘੱਟ ਦੇ ਕੇ ਆਇਆ ਹੈਂ ਬਾਬਾ ਜੀ ਮੁੰਡਾ ਵਾਪਿਸ ਮੰਗਦੇ ਹਨ। ਸੇਠ ਡਰਦਾ ਉਸ ਸਮੇਂ ਸੇਠਾਣੀ ਤੇ ਮੁੰਡੇ ਨੂੰ ਲੈ ਕੇ ਭੱਜਿਆ ਦਸ ਹਜਾਰ ਰੁਪਏ ਵੀ ਨਾਲ ਲੈ ਆਇਆ।

ਨੀਲਾ ਸਿੰਘ ਤੋਂ ਕੁਝ ਸਮਾਂ ਬਾਅਦ ਹੀ ਡੇਰੇ ਪਹੁੰਚ ਗਿਆ ਅਤੇ ਆਪਣੇ

ਕੀਤੇ ਦਾ ਪਛਚਾਤਾਪ ਕਰਨ ਲੱਗਾ। ਬਾਬਾ ਜੀ ਅੱਗੇ ਦਸ ਹਜਾਰ ਰੁਪਏ ਰੱਖ ਕੇ ਕਹਿਣ ਲੱਗਾ "ਮਹਾਰਾਜ! ਮੈਨੂੰ ਮਾਫ ਕਰ ਦਿਓ ਮੇਰੇ ਕੋਲੋਂ ਗਲਤੀ ਹੋ ਗਈ ਹੈ। ਕਿਰਪਾ ਕਰੋ ਮੁੰਡੇ ਨੂੰ ਕੁਝ ਨਾ ਹੋਵੇ, ਮੈਂ ਕਿਸੇ ਪਾਸੇ ਦਾ ਨਹੀਂ ਰਹਾਂਗਾ।"

ਬਾਬਾ ਜੀ ਹੱਸ ਕੇ ਬਚਨ ਕਰਨ ਲੱਗੇ "ਮੁੰਡੇ ਨੂੰ ਕੁਝ ਨਹੀਂ ਹੋਵੇਗਾ। ਅਸੀਂ ਤਾਂ ਤੇਰੀ ਪ੍ਰੀਖਿਆ ਲੈ ਰਹੇ ਸੀ। ਇਹ ਦਸ ਹਜਾਰ ਲੈ ਜਾ। ਅਸੀਂ ਫਕੀਰਾਂ ਨੇ ਇਹ ਮਾਇਆ ਕੀ ਕਰਨੀ ਹੈ।"

ਸੇਠ ਤੇ ਸੇਠਾਣੀ ਦਾ ਦਿਲ ਥਾਵੇਂ ਆਇਆ ਤੇ ਬੇਨਤੀ ਕਰਨ ਲੱਗੇ "ਗਰੀਬ ਨਿਵਾਜ! ਅਸੀਂ ਇਹ ਮਾਇਆ ਹੁਣ ਨਹੀਂ ਲੈ ਕੇ ਜਾਣੀ। ਇਹ ਤੁਹਾਡੀ ਨਮਿਰਤ ਲੈ ਕੇ ਆਏ ਹਾਂ। ਵਾਪਿਸ ਨਹੀਂ ਲੈ ਕੇ ਜਾਵਾਂਗੇ।"

ਬਾਬਾ ਜੀ ਨੇ ਦੋ ਵਾਰ ਫੇਰ ਬਚਨ ਕੀਤਾ "ਅਸੀਂ ਕੀ ਕਰਨੀ ਹੈ ?" ਪਰ ਉਹ ਡਰੇ ਹੋਏ ਸਨ। "ਨਹੀਂ ਮਹਾਰਾਜ ਅਸੀਂ ਨਹੀਂ ਲੈਣੇ।" ਸੇਠਾਣੀ ਨੇ ਕਿਹਾ।

ਬਾਬਾ ਜੀ ਨੇ ਫੁਰਮਾਇਆ "ਚੰਗਾ ਫੇਰ ਜੇ ਨਹੀਂ ਲੈ ਕੇ ਜਾਣੇ ਤਾਂ ਭੁੱਚੋ ਮੰਡੀ ਪੂਹਲੀ ਵਾਲੇ ਸੇਠ ਨੂੰ ਦੇ ਦਿਓ।"

ਨਾਨਕ ਚੰਦ ਇਹ ਪੈਸੇ ਚੁੱਕ ਕੇ ਪੂਹਲੀ ਵਾਲੇ ਸੇਠ ਨੂੰ ਦੇ ਆਇਆ। ਇਸ ਰਕਮ ਨਾਲ ਉਨ੍ਹਾਂ ਦਾ ਕੰਮ ਚਲ ਪਿਆ। ਬਾਬਾ ਜੀ ਨੇ ਪੂਹਲੀ ਵਾਲਿਆਂ ਨੂੰ ਪੈਸੇ ਦੇਣ ਲਈ ਇਸ ਲਈ ਤਾਕੀਦ ਕੀਤੀ, ਕਿਉਂਕਿ ਉਹ ਬਾਬਾ ਜੀ ਦੇ ਖਾਣ ਲਈ ਵਧੀਆਂ ਸਾਫ ਸੁਥਰੇ ਮਤੀਰੇ (ਤਰਬੂਜ) ਲਿਆ ਕੇ ਦਿੰਦੇ ਸਨ। ਨਿਤਨੇਮ ਦੀ ਤਰਾਂ ਹੀ ਤਰਬੂਜਾਂ ਦੀ ਰੁੱਤ ਵਿੱਚ ਤਰਬੂਜ ਲਿਆ ਕੇ ਦਿੰਦੇ ਸਨ। ਇਸ ਤਰ੍ਹਾਂ ਇਹ ਬਚਨ ਪ੍ਰਤੱਖ ਹੋਇਆ। ਫਿਰ ਇਹ ਸੇਠ ਛਾਂਗਾ ਰਾਮ ਦੇ ਨਾਮ ਨਾਲ ਮਸ਼ਹੂਰ ਹੋਇਆ।

(ਇਹ ਪ੍ਰਸੰਗ ਘੁੱਕਰ ਸਿੰਘ ਤੋਂ ਸੁਣਿਆ ਹੈ)

## ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ ॥
## ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ ਪੈਜ ਸਵਾਰੈ ॥

ਕੁਦਰਤ ਦੀ ਦੇਣ ਦੋ ਪਹਿਲੂ ਵਿੱਚ ਹੈ। ਨੇਕੀ ਸੰਗ ਬਦੀ, ਦੋਸਤੀ ਨਾਲ ਦੁਸ਼ਮਣੀ, ਉਸਤਤੀ ਦਾ ਸਾਥ ਦਿੱਤਾ ਨਿੰਦਾ, ਅੰਮ੍ਰਿਤ ਦਾ ਬਦਲ ਜ਼ਹਿਰ ਬਣਿਆ, ਸੁਖ ਦੀ ਘੜੀ ਦੁਖ ਦੀ ਪੀੜਾ ਵੀ ਲਿਆਈ। ਮਹਾਂਪੁਰਖ ਸੰਸਾਰ ਅੰਦਰ ਵਿਚਰੇ ਤਾਂ ਨਿੰਦਕਾਂ ਨੇ ਪਾਪਾਂ ਦੀਆਂ ਗਠੜੀਆਂ ਭਾਰੀਆਂ ਕਰ ਲਈਆਂ। ਸੰਤ ਸੇਵਾ ਆਏ ਤਾਂ ਦੋਖੀਆਂ ਵੀ ਨਾਲ ਮੋਢਾ ਲਾਇਆ। ਗੁਣ ਦੇ ਨਾਲ ਔਗੁਣ। ਗੁਣਾਂ ਨੇ ਲੋਕ ਪ੍ਰਲੋਕ ਵਿੱਚ ਉਸਤਤੀ ਦੀ ਦਲੀਜ ਤੇ ਲਿਆ ਖੜਾ ਕੀਤਾ ਮਾਨ ਬਖਸ਼ਿਆ। ਔਗੁਣਾਂ ਨੇ ਕਾਲ ਕੋਠੜੀਆਂ ਦਾ ਹਨੇਰਾ ਦਿੱਤਾ। ਪ੍ਰਭੂ ਨੇ ਜਿਹਵਾ ਅੰਤਰ ਤਰ੍ਹਾਂ ਤਰ੍ਹਾਂ ਦਾ ਰਸ ਭਰਿਆ। ਰਸ ਵਿੱਚ ਕੁੜੱਤਣ ਉਭਰ ਕੇ ਬੁਲਾਂ ਨੂੰ ਛੂਹੇ ਤਾਂ ਮਿੱਤਰ ਨੂੰ ਕ੍ਰਿਪਾਨ ਦੇ ਮੁੱਠੇ ਹੱਥ ਪੁਆ ਦਿੰਦੀ ਹੈ। ਰਸ ਵਿੱਚ ਮਿਠਾਸ ਤਾਜ ਪਹਿਨਾ ਦਿੰਦੀ ਹੈ। ਚਮਕ ਹੀਰੇ ਦੀ ਹੋਏ ਚੱਖਣ ਤੇ ਪ੍ਰਾਣ ਲਵੇ, ਚੇਹਰਾ ਸ਼ਰਾਫਤ ਦਾ ਹੋਏ ਚੱਖਣ ਤੇ ਪ੍ਰਾਣ ਲਵੇ, ਚੇਹਰਾ ਸ਼ਰਾਫਤ ਦਾ ਹੋਵੇ ਕਰਤੂਤਾਂ ਸ਼ੈਤਾਨ ਦੀਆਂ ਹੋਣ ਤਾਂ ਪ੍ਰਮੇਸ਼ਰ ਦੇ ਦਰ ਤੋਂ ਵੀਂ ਬਖਸ਼ਿਆ ਨਹੀਂ ਜਾਂਦਾ। ਇਹੋ ਜਿਹਾ ਨਿੰਦਕ ਆਇਆ ਸੇਠ ਗੋਂਦਾ ਮਲ ਭੁੱਚੋ ਤੋਂ

**ਬਿਖੁ ਅੰਮ੍ਰਿਤ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ ॥**
**ਆਪੇ ਕਰਤਾ ਕਰੇ ਕਰਾਏ ॥ ਜੋ ਤਿਸੁ ਭਾਵੈ ਤਿਸੈ ਖਵਾਏ ॥**

*ਬਸੰਤ ਮ. ੩, ਅੰਗ ੧੧੭੨*

ਸੇਵਾ ਸਿਮਰਨ ਕਰਨ ਵਾਲਾ ਅੰਮ੍ਰਿਤ ਵਾਲਾ ਅੰਮ੍ਰਿਤ ਫਲ ਪ੍ਰਾਪਤ ਕਰ ਰਿਹਾ ਹੈ। ਨਿੰਦਕੁ ਜ਼ਹਿਰ ਦੀਆਂ ਘੁੱਟਾਂ ਪੀ ਰਿਹਾ ਹੈ। ਪਾਪ ਨੇ ਬੁਰਾ ਅਖਵਾਇਆ ਪਾਪੀ ਦੇ ਸੰਯੋਗ ਨਾਲ।

**ਪਾਪ ਬੁਰਾ ਪਾਪੀ ਕਉ ਪਿਆਰਾ ॥**

ਗੋਂਦਾ ਮਲ ਦੇ ਪਾਪ ਦਾ ਕੁਝ ਹਿੱਸਾ ਤੁਸੀਂ ਚੌਥੇ ਹਿੱਸੇ ਦੇ ਸਫਾ 82 ਤੇ

ਪੜ ਚੁੱਕੇ ਹੋ। ਹੁਣ ਗੋਂਦਾ ਮਲ ਭੁੱਚੋ ਮੰਡੀ ਅਮੀਂ ਚੰਦ ਪੰਸਾਰੀ ਦੀ ਦੁਕਾਨ ਤੋਂ ਜ਼ਹਿਰ ਖਰੀਦ ਲਿਆਇਆ। ਕਿਸੇ ਬੰਦੇ ਰਾਹੀਂ (ਜਿਸ ਦੇ ਨਾਮ ਦਾ ਪਤਾ ਨਹੀਂ ਲੱਗ ਸਕਿਆ) ਬਾਬਾ ਜੀ ਤੱਕ ਪਹੁੰਚਾਈ। "ਘਟ ਘਟ ਕੇ ਅੰਤਰ ਕੀ ਜਾਨਤ" ਕਹਿਣ ਲੱਗੇ "ਜੇ ਕੋਈ ਸਾਡੇ ਲਈ ਖਾਣ ਵਾਸਤੇ ਲਿਆਇਆ ਹੈ। ਲਿਆਓ ਛੇਤੀ ਖਾਈਏ।"

ਜ਼ਹਿਰ ਲੈ ਕੇ ਆਏ ਡਰ ਗਏ। ਉਨ੍ਹਾਂ ਤੋਂ ਆਪ ਜੀ ਨੇ ਜ਼ਹਿਰ ਫੜ ਲਈ ਅਤੇ ਸਾਹਮਣੇ ਹੀ ਖਾ ਗਏ। ਉਨ੍ਹਾਂ ਨੂੰ ਕੋਲ ਹੀ ਬਿਠਾ ਲਿਆ। ਦੋ ਘੰਟੇ ਬਾਅਦ ਉਸ ਨੂੰ ਤੋਰਿਆ ਤੇ ਕਹਿਣ ਲੱਗੇ "ਗੋਂਦਾ ਮੱਲ ਨੂੰ ਕਹਿ ਦੇਈਂ ਕਿ ਤੇਰੇ ਜ਼ਹਿਰ ਨੇ ਕੁਝ ਨਹੀਂ ਵਿਗਾੜਿਆ।"

ਇਸ ਤੋਂ ਉਪਰੰਤ ਬਚਨ ਕੀਤਾ "ਗੋਂਦਾ ਮੈਂ ਰੋਂਦਾ ਡਿੱਠਾ, ਭਗਵਾਨਿਆ ਗੋਦਾਰਿਆ ਅਮੀ ਚੰਦ ਰੋੜਿਆ ਸਾਹਿਬ ਸਚੋ ਰੋੜਿਆ।"

ਬਾਅਦ ਵਿੱਚ ਕਈ ਵਾਰ ਦਿਨ ਵਿੱਚ ਇਹ ਬਚਨ ਕਰਦੇ ਰਹਿੰਦੇ। ਬਾਬਾ ਆਨੰਦ ਸਿੰਘ ਜੀ ਮਹਾਰਾਜ ਦਾ ਸੇਵਕ ਘਰੇਲੂ ਕੰਮ ਲਈ ਘਰ ਗਿਆ। ਛੁੱਟੀ ਦੇਣ ਸਮੇਂ ਬਾਬਾ ਜੀ ਨੇ ਉਸ ਨੂੰ ਹੁਕਮ ਦਿੱਤਾ "ਕਿ ਵਾਪਸੀ ਵੇਲੇ ਸੰਤ ਗੁਲਾਬ ਸਿਘ ਮੋਗੇ ਵਾਲਿਆਂ ਤੋਂ ਚੰਗੀ ਜਿਹੀ ਜੁਲਾਬ ਦੀ ਗੋਲੀ ਲੈ ਕੇ ਆਵੀਂ।"

ਉਹ "ਸਤਿ ਬਚਨ" ਕਹਿ ਕੇ ਚਲਾ ਗਿਆ।

ਕੁਝ ਦਿਨਾਂ ਬਾਅਦ ਆਉਣ ਲੱਗਾ ਸੰਤ ਗੁਲਾਬ ਸਿੰਘ ਜੀ ਪਾਸ ਦਵਾਈ ਲੈਣ ਚਲਾ ਗਿਆ। ਸਾਰਾ ਬ੍ਰਿਤਾਂਤ ਦੱਸ ਕੇ ਗੋਲੀਆਂ ਲੈ ਲਈਆਂ। ਉਨ੍ਹਾਂ ਤਾਕੀਦ ਕੀਤੀ ਸੀ "ਕਿ ਗੋਲੀ ਇੱਕ ਤੋਂ ਵੱਧ ਨਹੀਂ ਲੈਣੀ। ਉਹ ਜਮਾਲਗੋਟੇ ਦੀਆਂ ਗੋਲੀਆਂ ਹਨ। ਹਰ ਇੱਕ ਆਦਮੀ ਇਹ ਨਹੀਂ ਲੈ ਸਕਦਾ।"

ਸੇਵਕ ਗੋਲੀਆਂ ਲੈ ਕੇ ਪਹੁੰਚ ਗਿਆ। ਸਾਰੀਆਂ ਹਦਾਇਤਾਂ ਸੰਤਾਂ ਦੀਆਂ ਬਾਬਾ ਜੀ ਨੂੰ ਦੱਸੀਆਂ। ਬਾਬਾ ਜੀ ਨੇ ਬਚਨ ਕੀਤਾ "ਇਹ ਨਿੱਕੀਆਂ ਨਿੱਕੀਆਂ ਗੋਲੀਆਂ ਹਨ। ਇੱਕ ਨੇ ਕੁਝ ਨਹੀਂ ਕਰਨਾ।" ਇਹ ਬਚਨ ਕਰਦੇ ਹੀ ਬਾਬਾ ਜੀ ਪਾਣੀ ਨਾਲ ਸਾਰੀਆਂ ਗੋਲੀਆਂ ਹੀ ਖਾ ਗਏ। ਸੇਵਕ ਬਹੁਤ ਡਰਿਆ ਇਹ ਗੋਲੀਆਂ ਬਾਬਾ ਜੀ ਨੂੰ ਤੰਗ ਕਰਨਗੀਆਂ। ਹੁਕਮ ਅਨੁਸਾਰ

ਸੇਵਕ ਚਲਾ ਗਿਆ। ਪਰ ਮਨ ਵਿੱਚ ਸੋਚੇ ਕਿ ਮੇਰੇ ਕੋਲੋ ਕਿੰਨਾ ਅਨਰਥ ਹੋਇਆ ਹੈ। ਮੈਂ ਸਾਰੀਆਂ ਗੋਲੀਆਂ ਦਿੰਦਾ ਹੀ ਨਾ। ਸਾਰੀ ਰਾਤ ਫਿਕਰ ਵਿੱਚ ਨੀਂਦ ਨਾ ਆਈ। ਸਵੇਰੇ ਬਾਬਾ ਜੀ ਪਾਸ ਜਾਂਦਾ ਰਸਤੇ ਵਿੱਚ ਆਉਂਦੇ ਨੂੰ ਪੁੱਛੇ "ਬਾਬਾ ਜੀ ਦਾ ਕੀ ਹਾਲ ਹੈ ?" ਉਹ ਜਵਾਬ ਦੇਵੇ "ਠੀਕ ਠਾਕ ਹਨ।" ਬਾਬਾ ਜੀ ਕੋਲ ਪਹੁੰਚਿਆ ਤਾਂ ਉਨ੍ਹਾਂ ਕਿਹਾ "ਐਵੇਂ ਕਹਿੰਦਾ ਸੀ ਘੋਲੀਏ ਵਾਲਿਆਂ ਤੋਂ ਦਵਾਈ ਲਿਆਂਦੀ ਹੈ ਇਹਨੈ ਤਾਂ ਸਾਨੂੰ ਕੁਝ ਵੀ ਨਹੀਂ ਕਰਿਆ।" ਉਸ ਨੂੰ ਫਿਰ ਬਾਬਾ ਜੀ ਨੇ ਮੋਗੇ ਭੇਜਿਆ। ਉਸ ਨੇ ਜਾ ਕੇ ਸਾਰੀ ਵਿਥਿਆ ਸੁਣਾਈ। ਘੋਲੀਏ ਵਾਲੇ ਸੰਤਾਂ ਨੇ ਕਿਹਾ "ਇਹ ਚਾਰ ਗੋਲੀਆਂ ਲੈ ਕੇ ਤੁਰਦੇ ਫਿਰਦੇ ਰਹਿਣ। ਸਮਾਧੀ ਸਥਿਤ ਨਾ ਹੋ ਜਾਣ। ਨਹੀਂ ਤਾਂ ਦਵਾਈ ਨੇ ਅਸਰ ਨਹੀਂ ਕਰਨਾ।"

ਇਸ ਉਪਰੰਤ ਘੋਲੀਏ ਵਾਲੇ ਸੰਤ ਬਾਬਾ ਜੀ ਪਾਸ ਆਪ ਆਏ। ਬਾਬਾ ਜੀ ਨੇ ਬਚਨ ਕੀਤਾ। "ਸਾਨੂੰ ਕੋਈ ਚੰਗੀ ਦੁਆ ਜੁਲਾਬ ਦੀ ਬਣਾ ਦਿਓ। ਦਵਾਈ ਅਸਰ ਨਹੀਂ ਕਰਦੀ।"

ਘੋਲੀਏ ਵਾਲਿਆਂ ਨੇ ਕਿਹਾ "ਜਿਥੇ ਤੁਸੀਂ ਰਹਿੰਦੇ ਹੋ ਉਥੇ ਤਾਂ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਭੀ ਨਹੀਂ ਜਾ ਸਕਦੇ। ਦੁਆਈ ਨੇ ਜਾ ਕੇ ਕੀ ਅਸਰ ਕਰਨਾ ਹੈ।"

ਭੁੱਚੋਂ ਵਾਲੇ ਬਾਬਾ ਜੀ ਨੇ ਜ਼ਹਿਰ ਖਾਣ ਤੋਂ ਬਾਅਦ ਅਗਲੇ ਦਿਨ ਭਾਗ ਸਿੰਘ ਨੂੰ ਸੱਦਿਆ ਤੇ ਹੁਕਮ ਕੀਤਾ "ਮੇਰੇ ਨਹੁੰਆਂ ਵਿੱਚ ਜ਼ਹਿਰ ਆ ਗਿਆ ਹੈ ਪਾਣੀ ਲਿਆ ਕੇ ਉਨ੍ਹਾਂ ਉਪਰ ਪਾਓ।"

ਭਾਗ ਸਿੰਘ ਨੇ ਪਾਣੀ ਲਿਆਂਦਾ ਤੇ ਪਾਉਣਾ ਸ਼ੁਰੂ ਕੀਤਾ। ਕੁਝ ਦਿਨ ਪਾਣੀ ਪਾਉਣ ਨਾਲ ਨਹੁੰ ਚਿੱਟੇ ਹੋ ਗਏ ਬਚਨ ਕੀਤਾ "ਬਸ ਹੁਣ ਜ਼ਹਿਰ ਨਿਕਲ ਗਈ।" ਤੇ ਕਈ ਵਾਰ ਬਚਨ ਕੀਤਾ "ਗੋਂਦਾ ਮੈਂ ਰੋਂਦਾ ਡਿੱਠਾ, ਭਗਵਾਨਿਆਂ ਗੋਂਦਾਰਿਆਂ, ਅਮੀ ਚੰਦ ਰੋੜਿਆ ਸਾਹਿਬ ਸੱਚੇ ਰੋੜਿਆ।"

**ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥**

(ਇਹ ਬਚਨ ਮੰਗਲ ਸਿੰਘ ਪੁੱਤਰ ਭਾਗ ਸਿੰਘ ਬਠਿੰਡਾ ਨਿਵਾਸੀ ਤੋਂ ਮਿਲਿਆ।)

## ਰਾਮ ਕਸਉਟੀ ਸੋ ਸਹੈ ਜੋ ਮਰ ਜੀਵਾ ਹੋਇ ॥

ਮੁਰਸ਼ਿਦ ਆਪਣੇ ਸਮੇਂ ਸਮੇਂ ਆਪਣੇ ਸ਼ਗਿਰਦ ਨੂੰ ਕਸਵੱਟੀ ਲਾਉਂਦਾ ਹੈ। ਜੇ ਸਹਿ ਗਿਆ ਤਾਂ ਪਰਖ ਵਿੱਚ ਪੂਰਾ, ਮਨ ਡੋਲ ਗਿਆ ਤਾਂ ਪਛਤਾਵਾ ਦੇਹੀ ਨੂੰ ਰੋਗ ਲਗ ਗਿਆ। ਸੱਚੇ ਸਿਦਕ ਵਾਲਾ, ਸ਼ਰਧਾ ਦਾ ਧਨੀ, ਮੁਰਸ਼ਿਦ ਦੀ ਕਸਵੱਟੀ ਝੱਲ ਕੇ ਇਉਂ ਬਣ ਜਾਂਦਾ ਜਿਵੇਂ ਸੁਨਿਆਰੇ ਦੀ ਭੱਠੀ ਦੇ ਸੇਕ ਝੱਲ ਕੇ, ਹਥੋੜੇ ਦੀਆਂ ਸੱਟਾਂ ਝੱਲ ਕੇ ਸੋਨਾ ਗਹਿਣਿਆਂ ਦੇ ਰੂਪ ਵਿੱਚ ਮਨੁੱਖੀ ਸੁੰਦਰਤਾ ਵਧਾਉਂਦਾ ਹੈ। ਗਹਿਣਾ ਲੋਕਪ੍ਰਿਅਤਾ ਪਾਉਂਦਾ ਹੈ। ਇਸ ਤਰ੍ਹਾਂ ਪਰਖ ਦਾ ਜੇਤੂ ਭਗਤ ਪੂਜਨੀਕ ਅਸਥਾਨ ਗ੍ਰਹਿਣ ਕਰ ਲੈਂਦਾ ਹੈ।

ਬੀਕਾਨੇਰ ਰਿਆਸਤ ਦਾ ਰਾਜਾ ਗੰਗਾ ਸਿੰਘ ਹਰਿਦੁਆਰ ਇਸ਼ਨਾਨ ਕਰਨ ਲਈ ਗਏ। ਰਾਜਾ ਵਜੀਰ ਤੇ ਅਹਿਲਕਾਰ ਸੈਰ ਕਰਨ ਲਈ ਗਏ। ਸਾਹਮਣੇ ਚਾਰ ਸਾਧੂ ਆ ਰਹੇ ਸਨ। ਇੱਕ ਸਾਧੂ ਨੇ ਵਡੀ ਉਮਰ ਦੇ ਸਾਧੂ ਨੂੰ ਗੰਗਾ ਸਿੰਘ ਵੱਲ ਇਸ਼ਾਰਾ ਕਰਕੇ ਪੁਛਿਆ "ਇਹ ਕੌਣ ਸੇ ਦੇਸ ਕਾ ਰਾਜਾ ਹੈ।"

ਸਾਧੂ ਨੇ ਦੱਸਿਆ "ਇਹ ਪੂਲੀ ਕੇ ਦੇਸ ਕਾ ਰਾਜਾ ਹੈ।"

ਇਹ ਗੱਲ ਰਾਜਾ ਵੀ ਸੁਣ ਰਿਹਾ ਸੀ। ਉਸ ਨੇ ਵਜੀਰ ਨੂੰ ਪੁਛਿਆ "ਆਪਣਾ ਪੂਲੀ ਨਾਮ ਦਾ ਵੱਡਾ ਰਾਜਾ ਹੋਇਆ ਹੈ।"

ਵਜੀਰ ਨੇ ਉੱਤਰ ਵਿੱਚ ਕਿਹਾ "ਮੇਰੇ ਸਮਝ ਵਿੱਚ ਨਹੀਂ ਹੈ।"

ਰਾਜੇ ਨੇ ਅਹਿਲਕਾਰ ਨੂੰ ਹੁਕਮ ਦਿੱਤਾ "ਕਿ ਸਾਧੂਆਂ ਨੂੰ ਪੁੱਛ ਕੇ ਆਓ, ਇਹ ਪੂਲੀ ਕੌਣ ਹੈ। "ਉਨ੍ਹਾਂ ਨੇ ਜਾ ਕੇ ਸਾਧੂਆਂ ਤੋਂ ਪੁੱਛਿਆ ਕਿ "ਪੂਲੀ ਕੌਣ ਹੈ।" ਉਨ੍ਹਾਂ ਦੱਸ ਦਿੱਤਾ। ਅਹਿਲਕਾਰ ਨੇ ਆ ਕੇ ਰਾਜੇ ਨੂੰ ਦੱਸਣਾ ਸ਼ੁਰੂ ਕੀਤਾ "ਕਿ ਪੂਲੀ ਇੱਕ ਭੰਗਣ ਹੈ।" ਵਜੀਰ ਨੇ ਉੱਤਰ ਵਿੱਚ ਕਿਹਾ "ਮੇਰੀ ਸਮਝ ਵਿੱਚ ਨਹੀਂ ਹੈ।"

ਰਾਜਾ ਹੈਰਾਨ ਹੋਇਆ। ਇਹ ਮਹਾਤਮਾ ਮੈਨੂੰ ਨਹੀਂ ਜਾਣਦੇ ਜੋ ਕਿ ਰਾਜ ਮਾਲਿਕ ਹਾਂ ਤੇ ਦਾਨ ਦਿੰਦਾ ਰਹਿੰਦਾ ਹਾਂ। ਮੇਰੇ ਰਾਜ ਵਿੱਚ ਆ ਕੇ

ਮੈਨੂੰ ਮਿਲਣ ਦੀ ਜਰੂਰਤ ਨਹੀਂ ਸਮਝਦੇ ਤੇ ਭੰਗਣ ਨੂੰ ਮਿਲਦੇ ਹਨ। ਹਰਿਦੁਆਰ ਤੋਂ ਆ ਕੇ ਉਸ ਪੂਲੀ ਦੀ ਭਾਲ ਕਰਨੀ ਸ਼ੁਰੂ ਕੀਤੀ। ਪਤਾ ਲੱਗਾ ਕਿ ਉਹ ਦਿਨ ਵੇਲੇ ਬਾਹਰ ਨਹੀਂ ਆਉਂਦੀ। ਸਵੇਰੇ ਦੋ ਘੰਟੇ ਰਾਤ ਰਹਿੰਦੇ ਉਹ ਝਾੜੂ ਦੇਣ ਮੰਦਰ ਵਿੱਚ ਆਉਂਦੀ ਹੈ। ਉਸ ਵੇਲੇ ਹੀ ਦਰਸ਼ਨ ਹੋ ਸਕਦੇ ਹਨ। ਅਗਲੇ ਦਿਨ ਰਾਣੀਆਂ ਦਰਸ਼ਨ ਕਰਨ ਗਈਆਂ। ਦੂਰੋਂ ਨਮਸਕਾਰ ਕਰ ਖੜ ਗਈਆਂ। ਪੂਲੀ ਝਾੜੂ ਫੇਰਦੀ ਰਹੀ ਉਨ੍ਹਾਂ ਵੱਲ ਤੱਕਿਆ ਵੀ ਨਹੀਂ। ਤੀਸਰੇ ਦਿਨ ਰਾਣੀਆਂ ਫੇਰ ਗਈਆਂ। ਝਾੜੂ ਫੇਰਨ ਉਪਰੰਤ ਪਿਛੇ ਪਰਤ ਕੇ ਕਹਿਣ ਲੱਗੀ।

**ਪਾਨ ਖਾਵੇ ਸਹੋਗੋ ਜਮ ਕੋ ਡਾਂਡੋ ॥ ਇਹ ਹਾਥ ਨੇ ਆਵੈ ਰਾਮ ਜਪੋ ਨੀ ਰਾਂਡੋ ॥**
**ਪਾਨ ਸਪਾਰੀ ਖਾਦੀਆਂ ਮੁਖ ਬੀੜੀਆਂ ਲਾਈਆਂ ॥**
**ਹਰ ਹਰ ਕਦੇ ਨਾ ਚੇਤਿਓ ਜਮ ਪਕੜ ਚਲਾਈਆਂ ॥**

ਰਾਣੀਆਂ ਨੇ ਉਸ ਮਹਾਂਪੁਰਖ ਮਾਤਾ ਦੇ ਅੱਗੇ ਭੇਟਾ ਰੱਖੀ। ਉਸ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਅਗਲੇ ਦਿਨ ਰਾਜੇ ਨੂੰ ਮਿਲਣ ਦੀ ਆਗਿਆ ਲੈ ਕੇ ਰਾਣੀਆਂ ਚਲੀਆਂ ਗਈਆਂ।

ਅਗਲੇ ਦਿਨ ਰਾਜਾ ਨੇ ਭੇਟਾ ਅੱਗੇ ਰੱਖ ਕੇ ਨਮਸਕਾਰ ਕੀਤੀ ਅਤੇ ਮੇਹਰ ਦੀ ਮੰਗ ਕੀਤੀ। ਯਾਚਨਾ ਦੀ ਪੂਰਤੀ ਲਈ ਪੂਲੀ ਮਾਤਾ ਨੇ ਬਾਬਾ ਜੀ ਮਹਾਰਾਜ ਮਹਾਂ ਹਰਿਨਾਮ ਸਿੰਘ ਜੀ ਪਾਸ ਜਾਣ ਦਾ ਹੁਕਮ ਦਿੱਤਾ।

ਹੁਕਮ ਅਨੁਸਾਰ ਰਾਜਾ ਗੰਗਾ ਸਿੰਘ ਭੁੱਚੋ ਪਹੁੰਚ ਗਿਆ। ਦੂਰੋਂ ਆਉਂਦਾ ਦੇਖ ਬਾਬਾ ਜੀ ਇੱਕ ਅੱਧੇ ਘੜੇ (ਟੁੱਟਿਆ ਘੜਾ) ਉਪਰ ਬੈਠ ਗਏ। ਇਹ ਮਹਾਂਪੁਰਖਾਂ ਨੂੰ ਪਤਾ ਸੀ ਕਿ ਉਸ ਵਿੱਚ ਪਾਣੀ ਪਾਇਆ ਸੀ ਜਾਂ ਪਿਸ਼ਾਬ ਕੀਤਾ ਸੀ। ਜਦੋਂ ਰਾਜਾ ਨੇੜੇ ਆਇਆ ਉਸ ਸਾਹਮਣੇ ਠੀਕਰੇ (ਅੱਧਾ ਘੜਾ) ਤੇ ਖੜੇ ਹੋ ਗਏ। ਰਾਜੇ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਠੀਕਰੇ ਵਿੱਚ ਪਿਸ਼ਾਬ ਕੀਤਾ ਹੈ। ਰਾਜਾ ਆਗਿਆ ਅਨੁਸਾਰ ਉਪਰ ਆ ਗਿਆ। ਨਮਸਕਾਰ ਕਰਕੇ ਬੈਠ ਗਿਆ। ਬਾਬਾ ਜੀ ਨੇ ਨਾਮ ਆਦਿ ਪੁਛਣ ਤੋਂ ਬਾਅਦ ਹੁਕਮ ਕੀਤਾ "ਕੀ ਪ੍ਰਸ਼ਨ ਹੈ ? "ਰਾਜਾ ਬਹੁਤ ਭਜਨੀਕ ਸੀ ਉਸ ਨੇ ਕਿਹਾ "ਯਾਚਨਾ ਬਹੁਤ ਕੀਤੀ ਹੈ ਕੁਝ ਬਖਸ਼ੋ।"

ਬਾਬਾ ਜੀ ਨੇ ਠੀਕਰੇ ਵੱਲ ਇਸ਼ਾਰਾ ਕਰਕੇ ਬਚਨ ਕੀਤਾ "ਉਹ ਪੀ ਲੈ

ਫੇਰ ਜੋ ਕੁਝ ਚਾਹੁੰਦਾ ਹੈਂ ਮਿਲ ਜਾਏਗਾ। ਚੱਕ ਪੀ ਉਇ ਰੰਨ ਦਿਆ ਪੁੱਤਾ।"

ਰਾਜਾ ਚੁੱਪ ਕਰ ਗਿਆ। ਦੋ ਵਾਰ ਬਚਨ ਹੋਇਆ। ਰਾਜਾ ਸਮਝਣ ਲੱਗਾ "ਕਿ ਪਿਸ਼ਾਬ ਹੈ ਮੈਂ ਕਿਉਂ ਪੀਵਾਂ।" ਤੀਸਰਾ ਬਚਨ ਹੋਯਿਆ "ਪੀ ਲੈ" ਫਿਰ ਹਿੰਮਤ ਨਾ ਪਈ ਤਾਂ ਬਾਬਾ ਜੀ ਨੇ ਨੇੜੇ ਖੜੇ ਇੱਕ ਕੋਹੜੀ ਨੂੰ ਕਿਹਾ "ਤੂੰ ਪੀ ਲੈ ਜੇ ਇਹ ਨਹੀਂ ਪੀਂਦਾ।"

ਕੋਹੜੀ ਨੇ ਝੱਟ "ਸਤਿ ਬਚਨ" ਕਹਿ ਕੇ ਬਰਤਨ ਚੁੱਕ ਲਿਆ ਅਤੇ ਤੇਜੀ ਨਾਲ ਪੀਣ ਲੱਗ ਗਿਆ। ਕਾਹਲੀ ਨਾਲ ਕੁਝ ਉਪਰ ਡੁਲ ਗਿਆ। ਬਾਕੀ ਪੀ ਗਿਆ। ਜਿੱਥੇ ਸਰੀਰ ਤੇ ਡੁਲਦਾ ਗਿਆ ਉਥੇ ਉਸੇ ਵਕਤ ਆਰਾਮ ਆ ਗਿਆ। ਬਾਕੀ ਸਰੀਰ ਨੂੰ ਕੁਝ ਠਹਿਰਕੇ ਆਰਾਮ ਆ ਗਿਆ। ਹੁਣ ਸਰੀਰ ਵਿਚੋਂ ਖੁਸ਼ਬੂ ਆ ਰਹੀ ਸੀ। ਬਾਬਾ ਜੀ ਨੇ ਖੁਸ਼ ਹੋ ਕੇ ਬਚਨ ਕੀਤਾ "ਜਾ ਉਏ ਤੇਰਾ ਲੋਕ ਪ੍ਰਲੋਕ ਸੰਵਰ ਗਿਆ।" ਇਹ ਵੇਖ ਕੇ ਰਾਜਾ ਚਰਨਾਂ ਤੇ ਢਹਿ ਪਿਆ, ਮੇਹਰ ਦੀ ਯਾਚਨਾ ਕਰਨ ਲੱਗਾ।

ਬਾਬਾ ਜੀ ਨੇ ਹੁਕਮ ਕੀਤਾ "ਚੰਗਾ ਹੋਰ ਭਗਤੀ ਕਰੋ, ਕਿਤੇ ਫੇਰ ਕਿਸੇ ਜਨਮ ਮਿਲੇਂਗਾ। ਹੁਣ ਤੂੰ ਸਮਾਂ ਗਵਾ ਲਿਆ ਹੈ।" ਗੰਗਾ ਸਿੰਘ ਨੇ ਬੇਨਤੀ ਕੀਤੀ "ਮੈਨੂੰ ਰੰਨ ਦਾ ਪੁੱਤ ਕਿਉਂ ਕਿਹਾ।"

ਬਾਬਾ ਜੀ ਉੱਤਰ ਵਿਚ ਬਚਨ ਕੀਤਾ "ਤੂੰ ਦੁਰਗਾ ਦੇਵੀ ਦਾ ਭਗਤ ਹੈਂ ਇਸ ਕਰਕੇ। ਕਮਾਈ ਤੇਰੀ ਬਹੁਤ ਹੈ। ਜੇ ਰਾਮ, ਕ੍ਰਿਸ਼ਨ ਦਾ ਉਪਾਸ਼ਕ ਹੁੰਦਾ ਤਾਂ ਅੱਜ ਭਰਮ ਵਿਚ ਨਹੀਂ ਪੈਣਾ ਸੀ। ਇਸ ਤੋਂ ਉਪਰੰਤ ਰਾਜੇ ਨੂੰ ਮਾਈ ਪੂਲੀ ਦਾ ਬ੍ਰਿਤਾਂਤ ਸੁਣਾ ਕੇ ਪ੍ਰਸੰਨਤਾ ਦਿੱਤੀ ਤੇ ਵਿਦਾ ਕਰ ਦਿੱਤਾ।

**ਖਾਣ ਉਖਣ ਕੱਢ ਆਣਦੇ ਨਿਰਮੋਲਕ ਹੀਰਾ ॥**
**ਜੌਹਰੀ ਹੱਥ ਆਇਆ ਓ ਗਹਿਰ ਗੰਭੀਰਾ ॥**
**ਮਜਲਿਸ ਅੰਦਰ ਵੇਖਿਆ ਪਾਤਸ਼ਾਹ ਵਜੀਰਾ॥**
**ਮੂਲ ਕਰਨ ਅਜਮਾਇਕੈ ਸਾਹਾਂ ਮਨ ਧੀਰਾ॥**
**ਅਹਿਰਣ ਉਤੇ ਰੱਖ ਕੈ ਘਣ ਘਾਉ ਸ੍ਰੀਰਾ॥**
**ਕੋ ਵਿਰਲਾ ਹੀ ਠਹਿਰਾਂਵਦਾ ਦਰਗਾਹਿ ਗੁਰ ਪੀਰਾ॥**

(ਇਹ ਬਚਨ ਭਾਈ ਡਰੌਲੀ ਜੀ ਤੋਂ ਮਿਲਿਆ।)

## ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥

*ਅੰਗ ੭੧੭*

ਇਲਾਹੀ ਸਰੂਪ ਦੇ ਨੂਰ ਦੀ ਇੱਕ ਝਲਕ ਤਕਦੀਰਾਂ ਬਦਲ ਦਿੰਦੀ ਹੈ। ਮੇਹਰ ਦੀ ਨਜ਼ਰ ਆਂਗਨ ਖੁਸ਼ੀਆਂ ਨਾਲ ਭਰਦੀ ਹੈ। ਭਵਿੱਖਤ ਮਹਾਂਪੁਰਖਾਂ ਦੀ ਨਦਰਿ ਹੈ। ਦੁਨੀਆਂ ਵਿੱਚ ਵਿਚਰਦੇ ਮਨੁੱਖ ਲਈ ਪਤਾਲ ਦੀ ਲੋਕਾਈ ਸਮਾਨ ਹੈ। ਰਮਜ ਪਛਾਣ ਲਈ ਤਾਂ ਖੁਸ਼ੀ ਦੀਆਂ ਲਹਿਰਾਂ ਦੌੜ ਗਈਆਂ ਨਹੀਂ ਤਾਂ ਪਛਤਾਵਾ।

ਇਕ ਮਾਈ ਅਤੇ ਦੂਸਰੀ ਨੌਜਵਾਨ ਲੜਕੀ ਬੱਚਾ ਗੋਦੀ ਵਿੱਚ ਲਈ ਬਾਬਾ ਜੀ ਦੇ ਦਰਸ਼ਨ ਕਰਨ ਆਈਆਂ। ਜਿਸ ਵੇਲੇ ਸਾਹਮਣੇ ਆਉਂਦੀਆਂ ਦੇਖੀਆ ਤਾਂ ਬਾਬਾ ਜੀ ਨੇ ਮੁੱਖ ਤੇ ਪੱਲਾ ਲੈ ਲਿਆ। ਉਹ ਇਹ ਦੇਖ ਬਹੁਤ ਹੈਰਾਨ ਹੋਈਆਂ। ਮਾਈ ਬੇਨਤੀ ਕੀਤੀ "ਮਹਾਰਾਜ! ਅਸੀਂ ਦਰਸ਼ਨ ਕਰਨ ਆਈਆਂ ਹਾਂ। ਆਪਣੇ ਮੁੱਖ ਤੇ ਪਰਦਾ ਕਰ ਲਿਆ। ਸਾਡੇ ਤੇ ਮੇਹਰ ਕਰੋ, ਦਰਸ਼ਨ ਦਿਓ। ਬਾਬਾ ਜੀ ਨੇ ਬਚਨ ਕੀਤਾ, "ਮਾਈ ਇਸ ਤਰ੍ਹਾਂ ਠੀਕ ਹੈ। ਤੂੰ ਇਹ ਸਮਝ ਨਹੀਂ ਸਕੇਂਗੀ।" ਮਾਈ ਨੇ ਫਿਰ ਬੇਨਤੀ ਕਰੀ ਅਤੇ ਵਾਰ ਵਾਰ ਕਰੀ ਗਈ। ਜਦੋਂ ਨਾ ਹੀ ਚੁੱਪ ਕਰੀ ਤਾਂ ਬਾਬਾ ਜੀ ਨੇ ਬਚਨ ਕੀਤਾ, "ਚੰਗਾ ਹੁਣ ਜੋ ਹੋਣਾ ਹੈ ਹੋ ਕੇ ਰਹੇਗਾ।"

ਕੱਪੜਾ ਮੁੱਖ ਤੋਂ ਲਾਹਿਆ ਤਾਂ ਸਿੱਧੀ ਨਿਗਾਂਹ ਨੌਜਵਾਨ ਲੜਕੀ ਤੇ ਪਈ ਜੋ ਬੱਚਾ ਚੁੱਕੀ ਬੈਠੀ ਸੀ। ਝੱਟ ਉਸ ਨੇ ਬੱਚਾ ਮਾਈ ਦੀ ਝੋਲੀ ਵਿੱਚ ਸੁੱਟ ਦਿੱਤਾ ਅਤੇ ਬਾਬਾ ਜੀ ਨੂੰ ਨਮਸਕਾਰ ਕਰਕੇ, ਸਿਰ ਦਾ ਕੱਪੜਾ ਉਥੇ ਰੱਖ ਦਿੱਤਾ। ਆਪ ਤੇਜ਼ ਦੌੜਦੀ ਕਰੀਰਾਂ ਝਾੜਾਂ ਵਿੱਚ ਦੀ ਹੁੰਦੀ ਹੋਈ ਦੂਰ ਨਿਕਲ ਗਈ। ਮਾਈ ਨੇ ਬਹੁਤ ਆਵਾਜ਼ਾਂ ਦਿੱਤੀਆਂ, "ਪਰ ਉਸਨੇ ਇੱਕ ਨਾ ਸੁਣੀ। ਮਾਈ ਰੋਣ ਲੱਗ ਪਈ ਤਾਂ ਬਾਬਾ ਜੀ ਨੇ ਬਚਨ ਕੀਤਾ, "ਤੈਨੂੰ ਬਹੁਤ ਕਹਿ ਰਹੇ ਸਾਂ ਪਰ ਤੂੰ ਵਾਰ ਵਾਰ ਸਾਨੂੰ ਮਜ਼ਬੂਰ ਕੀਤਾ। ਹੁਣ ਰੋਣਾ ਨਹੀਂ ਬੱਚੇ ਨੂੰ ਪਾਲੋ। ਜੋ ਹੋਣਾ ਸੀ ਉਹ ਹੋ ਗਿਆ।" ਮਾਈ ਨੇ ਕਿਹਾ, "ਇਹ ਮੇਰੀ ਨੂੰਹ ਸੀ। ਪੋਤਰੇ ਦਾ ਮੂੰਹ ਮਸਾਂ ਦੇਖਿਆ ਸੀ।"

ਬਾਬਾ ਜੀ ਬਚਨ ਕੀਤਾ, "ਮਾਈ ਤੇਰੀ ਅੰਸ ਬੰਸ ਰਹੇਗੀ ਇਸ ਦੀ ਪਾਲਣਾ ਕਰੋ।"

ਇਸ ਨੌਜਵਾਨ ਲੜਕੀ ਦਾ ਨਾਮ ਚੰਦੋ ਸੀ। ਇਸ ਨੇ ਬਹੁਤਾਂ ਸਮਾਂ ਲੁਧਿਆਣਾ ਵਿੱਚ ਬਤੀਤ ਕੀਤਾ।

**ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧ ਸੰਗਤਿ ਕੈ ਪਾਛੈ ॥**
**ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ ॥**
(ਇਹ ਬਚਨ ਭਾਈ ਡਰੋਲੀ ਜੀ ਲੇਖਕ ਦੇ ਪਿਤਾ ਜੀ ਤੋਂ ਮਿਲਿਆ)

## ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥

*ਅੰਗ ੧੧*

ਪਿੰਡ ਧਨ ਸਿੰਘ ਖਾਨੇ ਦਾ ਭਗਵਾਨ ਸਿੰਘ ਕਦੇ ਕਦੇ ਹਜ਼ੂਰ ਬਾਬਾ ਜੀ ਦੀ ਸੇਵਾ ਵਿੱਚ ਆਉਂਦਾ ਰਹਿੰਦਾ। ਦੋ ਜਾਂ ਤਿੰਨ ਦਿਨ ਰਹਿੰਦਾ। ਜਿੰਨੀ ਕੁ ਹੋ ਸਕਦੀ ਸੇਵਾ ਕਰਦਾ। ਬਾਬਾ ਜੀ ਨੂੰ ਜਦ ਕਦੇ ਪ੍ਰਸੰਨਤਾ ਵਿੱਚ ਦੇਖਦਾ ਤਾਂ ਬੇਨਤੀ ਕਰਦਾ ਗਰੀਬ ਨਿਵਾਜ਼ ਮੈਂ ਗਰੀਬ ਬਹੁਤ ਹਾਂ ਮੇਰੇ ਤੇ ਕ੍ਰਿਪਾ ਕਰੋ ਦੀਨਦਿਆਲ।

**"ਕਰਣਾ ਮਯ ਸਭ ਦੁਖ ਹਰੋ"**

"ਤੇਰੇ ਦਰ ਤੋਂ ਸਭ ਝੋਲੀਆਂ ਭਰ ਕੇ ਜਾਂਦੇ ਹਨ ਮੇਰੇ ਤੇ ਵੀ ਕੋਈ ਮੇਹਰ ਦੀ ਨਦਰਿ ਕਰੋ।"

ਗਨਕਾ ਨੂੰ ਤਾਰ ਦਿੱਤਾ ਪਲ ਨਾ ਲਗਾਇਆ ਦਾਤਾ,
ਜੁਆਨੀ ਦੇ ਤਰੰਗ, ਜਦੋਂ ਸੀਗੇ ਠਾਠਾਂ ਮਾਰਦੇ।
ਹੁਣ ਵੀ ਬੁਢੇਪੇ ਨੇ ਹੈ, ਆਣ ਕੀਤਾ ਤੰਗ ਮੈਨੂੰ,
ਜਾਵਾਂ ਕਿਸ ਦੇ ਹੋਰ, ਵਿਚੋਂ ਤੇਰੇ ਦਰਬਾਰ ਦੇ।
ਮੈਨੂੰ ਦਿਸੇ ਮੇਰੇ ਨਾਲੋਂ, ਦੁੱਖੀ ਨਹੀਂ ਹੋਰ ਕੋਈ,
ਕਰ ਦੇ ਮੇਹਰ ਇਸ, ਦੁੱਖੀ ਨੂੰ ਵੀ ਤਾਰਦੇ।
ਮੇਹਰ ਵਾਲੀ ਨਦਰਿ ਝਾਕ, ਮੁਕ ਜਾਵੇ ਹੋਰ ਝਾਕ,
ਸਣੇ ਪਰਿਵਾਰ ਪਾਰ, ਭਵਜਲੋਂ ਉਤਾਰਦੇ।

ਸੈਂਸਣ ਨੂੰ ਰਾਜ ਦਿੱਤਾ, ਭਾਗ ਦਿੱਤਾ, ਤਾਜ ਦਿੱਤਾ
ਕਿਸੇ ਸਮੇਂ ਆਈ, ਵਿੱਚ ਤੇਰੇ ਦਰਬਾਰ ਦੇ।
ਕੋੜੀਆਂ ਦੇ ਕੋਹੜ ਦੂਰ ਕੀਤੇ, ਇਕੋ ਨਦਰਿ ਨਾਲ,
ਆਇਆ ਸਵਾਲੀ, ਕਦੇ ਮੌੜਿਆ ਨਾ ਖਾਲੀ,
ਲਾਜ ਬਿਰਦ ਵਾਲੀ ਪਾਲੀ, ਦੁਖ ਸਭ ਦੇ ਨਿਵਾਰਦੇ।
ਅਨਾਥਾਂ ਦੇ ਨਾਥ ਤੇ ਨਧਿਰਿਆ ਦੀ ਧਿਰ ਆਪ,
ਮੈਂ ਤਾਂ ਜਾਣਾ ਮੇਰੇ ਜਿਹੇ ਪਾਪੀਆਂ ਨੂੰ ਤਾਰਦੇ।

ਇਸ ਤਰ੍ਹਾਂ ਕਈ ਵਾਰ ਬੇਨਤੀਆਂ ਕਰਦਾ ਰਿਹਾ। ਅਖੀਰ ਇੱਕ ਦਿਨ ਬੇਨਤੀ ਸੁਣੀ ਗਈ। ਇੱਕ ਦਿਨ ਘਰ ਜਾਣ ਲਈ ਆਗਿਆ ਮੰਗੀ। ਧੰਨਾ ਭਗਤ ਹਜ਼ੂਰੀ ਵਿੱਚ ਹਾਜ਼ਰ ਸੀ। ਉਸ ਨੂੰ ਬਾਬਾ ਜੀ ਨੇ ਪੁੱਛਿਆ, "ਧੰਨਾ ਸਿੰਘ ਆਪਣੇ ਪਿੰਡ ਅੰਦਰ ਕੋਈ ਮਕਾਨ ਖਾਲੀ ਹੈ।" ਧੰਨੇ ਭਗਤ ਜਵਾਬ ਦਿੱਤਾ।

ਬਾਬਾ ਜੀ ਮਹਾਰਾਜ ਨੇ ਉਸ ਨੂੰ ਆਗਿਆ ਦੇਣ ਦੀ ਬਜਾਏ ਪ੍ਰਵਾਰ ਹੀ ਇਥੇ ਕੇਹਰ ਸਿੰਘ ਸਮਾਘ ਦੇ ਘਰ ਲੈ ਆਉਣ ਲਈ ਹੁਕਮ ਕੀਤਾ। ਭਗਵਾਨ ਸਿੰਘ ਘਰ ਗਿਆ ਅਤੇ ਅਗਲੇ ਦਿਨ ਹੀ ਸਾਰੇ ਪ੍ਰਵਾਰ ਦੇ ਦੋ ਲੜਕੇ ਦੋ ਨੂੰਹਾਂ ਅਤੇ ਪਤਨੀ ਨੂੰ ਲੈ ਕੇ ਇਥੇ ਆ ਗਿਆ। ਸਮਾਘ ਦੇ ਘਰ ਰਹਿਣ ਲੱਗ ਪਏ। ਕੁਝ ਸਮੇਂ ਬਾਅਦ ਬਾਬਾ ਜੀ ਨੇ ਦੋ ਮੱਝਾਂ ਲੈ ਦਿੱਤੀਆਂ। ਉਹਨਾਂ ਲਈ ਤੂੜੀ, ਦਾਣੇ, ਖਲ ਆਦਿ ਵੀ ਭੇਜ ਦਿੱਤੀ। ਪਰਿਵਾਰ ਲਈ ਕੱਪੜੇ ਆਦਿ ਭੀ ਦਿੱਤੇ। ਭਗਵਾਨ ਸਿੰਘ ਅਤੇ ਉਸਦੀ ਪਤਨੀ ਰੋਜ਼ਾਨਾ ਸੇਵਾ ਕਰਦੇ ਰਹਿੰਦੇ ਸਨ। ਲੋੜ ਅਨੁਸਾਰ ਘਰ ਸਮਾਨ ਭੇਜਦੇ ਰਹਿੰਦੇ ਸਨ। ਮੁੰਡਿਆਂ ਨੇ ਜੋ ਮੰਗਣਾ ਬਾਬਾ ਜੀ ਨੇ ਭੇਜ ਦੇਣਾ। ਕੰਮ ਜਾਂ ਸੇਵਾ ਕੋਈ ਨਹੀਂ ਕਰਨੀ ਖਾਹ ਪੀ ਕੇ (ਸੱਥ ਪਿੰਡਾਂ ਵਿੱਚ ਲੋਕਾਂ ਦੇ ਇਕੱਠੇ ਹੋ ਕੇ ਬੈਠਣ ਵਾਲੀ ਥਾਂ) ਵਿੱਚ ਬੈਠ ਕੇ ਗੱਲਾਂ ਗੱਪਾਂ ਛੱਡਣੀਆਂ। ਔਰਤਾਂ ਲਈ ਕੰਠੇ ਮੰਗੇ ਉਹ ਵੀ ਮਿਲ ਗਏ। ਪਰਿਵਾਰ ਦਾ ਵੀ ਵਾਧਾ ਹੋ ਗਿਆ। ਇਸ ਤਰ੍ਹਾਂ ਚਾਰ ਸਾਲ ਦਾ ਸਮਾਂ ਲੰਘ ਗਿਆ ਬਾਬਾ ਜੀ ਦੇ ਇਸ ਕੌਤਕ ਦੀ ਪਿੰਡ ਵਿੱਚ ਚਰਚਾ ਹੋਣ ਲੱਗੀ।

ਇਕ ਦਿਨ ਧੰਨੇ ਭਗਤ ਨੇ ਇਸ ਪਰਿਵਾਰ (ਭਗਵਾਨ ਸਿੰਘ ਦਾ ਪਰਿਵਾਰ) ਦੀ ਵੇਹਲਿਆਂ ਦੀ ਇੰਨੀ ਪਰਵਰਿਸ਼ ਬਾਰੇ ਬੇਨਤੀ ਕਰ ਦਿੱਤੀ।

ਹਜ਼ੂਰ ਨੇ ਫੁਰਮਾਇਆ, "ਸਾਈਂ ਲੋਕਾਂ ਆਨੰਦ ਰਹੁ ਤੂੰ ਕੀ ਲੈਣਾ ਹੈ,

ਸਾਡੀ ਇਸ ਗੱਲ ਤੋਂ ? ਇਹ ਅਸੀਂ ਹੀ ਜਾਣੀਦੇ।" ਸੁਖੀ ਸੁਖੀ ਵਸਦੇ ਪਰਿਵਾਰ ਤੇ ਇੱਕ ਭਾਣਾ ਵਰਤਿਆ। ਅਚਾਨਕ ਭਗਵਾਨ ਸਿੰਘ ਦੇ ਘਰ ਵਾਲੀ ਮਰ ਗਈ। ਕੁਝ ਹੀ ਦਿਨਾਂ ਬਾਅਦ ਇੱਕ ਪੁੱਤਰ ਫਿਰ ਮਰ ਗਿਆ, ਤਿੰਨ ਕੁ ਮਹੀਨੇ ਅੰਦਰ ਭਗਵਾਨ ਸਿੰਘ ਦਾ ਸਾਰਾ ਪਰਿਵਾਰ ਚੜ੍ਹਾਈ ਕਰ ਗਿਆ। ਕੇਹਰ ਸਿੰਘ ਦਾ ਮਕਾਨ ਖਾਲੀ ਹੋ ਗਿਆ। ਲੋਕ ਇਹ ਕੌਤਕ ਦੇਖ ਬਹੁਤ ਡਰਨ ਲੱਗੇ ਬਾਬਾ ਜੀ ਦੇ ਪਾਸੋਂ ਕੋਈ ਚੀਜ਼ ਲੈਣ ਤੋਂ ਸੰਕੋਚ ਕਰਦੇ ਸਨ।

(ਇਹ ਬਚਨ ਗੁਰਬੰਤ ਸਿੰਘ ਢਿੱਲੋਂ ਨੇ ਧੰਨੇ ਭਗਤ ਤੋਂ ਸੁਣੇ ਸਨ।)

## ਸੰਤ ਬਾਬਾ ਸੁਖਦੇਵ ਸਿੰਘ ਜੀ
## ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ 'ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ

ਜਗਰਾਓਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ। ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ ’ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾਵਾਂ ਪੂਰੀਆਂ ਕੀਤੀਆਂ, ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ ’ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ, ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ

ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-ਤੁਕ ਵਾਲੇ ਮਹਾਂ ਸੰਪਟ ਪਾਠ ਨਾਨਕਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾਵਾਂ, ਬੱਸ ਯਾਤਰਾਵਾਂ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਵਾਂ), 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬਾਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੌਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਜੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂੰਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹਾਂ ਹਰਿਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੁੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਵਿਖੇ ਸੋਨੇ ਚਾਂਦੀ ਦੀ ਸੇਵਾ ਕਰਵਾ ਰਹੇ ਹਨ। ***